ਬੁੱਧਵਾਰ, 4 ਫਰਵਰੀ, 2026
22 ਮਾਘ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 245

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • WEDNESDAY, 4 FEBRUARY, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

# ਅਮਰੀਕਾ ਨਾਲ ਵਧੀਆ ਸੌਦਾ ਮਾਰਨ ਦਾ ਦਾਅਵਾ

**ਨਵੀਂ ਦਿੱਲੀ** : ਵਣਜ ਮੰਤਰੀ ਪਿਊਸ਼ ਗੋਇਲ ਨੇ ਮੰਗਲਵਾਰ ਦਾਅਵਾ ਕੀਤਾ ਕਿ ਭਾਰਤ ਦਾ ਅਮਰੀਕਾ ਨਾਲ ਬਹੁਤ ਵਧੀਆ ਵਪਾਰ ਸਮਝੌਤਾ ਹੋਇਆ ਹੈ। ਇਹ ਸਮਝੌਤਾ ਕਿਸਾਨਾਂ ਤੇ ਮੱਛੀ ਪਾਲਕਾਂ ਸਣੇ ਇੱਕ ਅਰਬ 40 ਕਰੋੜ ਭਾਰਤੀਆਂ ਨੂੰ ਲਾਭ ਪਹੁੰਚਾਏਗਾ। ਉਨ੍ਹਾ ਕਿਹਾ ਕਿ ਉਹ ਸਮਝੌਤੇ ਬਾਰੇ ਸੰਸਦ ਵਿੱਚ ਜਾਣਕਾਰੀ ਦੇਣੀ ਚਾਹੁੰਦੇ ਸਨ, ਪਰ ਰਾਹੁਲ ਗਾਂਧੀ ਕਰਕੇ ਉੱਥੇ ਹੰਗਾਮਾ ਹੁੰਦਾ ਰਿਹਾ। ਟੀ ਵੀ 'ਤੇ ਬੋਲਦਿਆਂ ਗੋਇਲ ਨੇ ਬਹੁਤਾ ਸਮਾਂ ਸਮਝੌਤੇ ਨੂੰ ਸਲਾਹੁਣ 'ਤੇ ਲਾਇਆ ਕਿ ਸਮਝੌਤੇ 'ਤੇ ਦਸਤਖਤ ਵਿਸਥਾਰ ਵਿੱਚ ਗੱਲਬਾਤ ਤੋਂ ਬਾਅਦ ਕੀਤੇ ਜਾਣਗੇ। ਪ੍ਰਧਾਨ ਮੰਤਰੀ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਨਾਲ ਦੋਸਤੀ ਨੂੰ ਵਰਤਦਿਆਂ ਸਭ ਤੋਂ ਵਧੀਆ ਸਮਝੌਤਾ ਕਰਵਾਇਆ ਹੈ। ਮੋਦੀ ਨੇ ਖੇਤੀਬਾੜੀ ਤੇ ਡੇਅਰੀ ਸੈਕਟਰ ਦਾ ਪੂਰਾ ਖਿਆਲ ਰੱਖਿਆ ਹੈ ਤੇ ਇਨ੍ਹਾਂ ਨੂੰ ਨੁਕਸਾਨ ਨਹੀਂ ਹੋਣ ਦਿੱਤਾ।

ਰਾਹੁਲ 'ਤੇ ਹਮਲਾ ਕਰਦਿਆਂ ਗੋਇਲ ਨੇ ਕਿਹਾ ਕਿ ਉਹ ਨਾਕਾਰਾਤਮਕ ਮਾਨਸਿਕਤਾ ਦੇ ਹਨ। ਉਨ੍ਹਾ ਇਹ ਵੀ ਕਿਹਾ—ਰਾਹੁਲ ਗਾਂਧੀ ਕੋ ਕਯਾ ਮਿਰਚੀ ਲਗਤੀ ਹੈ ? ਕਯਾ ਉਨਕੋ ਦੇਸ਼ ਕੀ ਤਰੱਕੀ ਸੇ ਕੋਈ ਸਮੱਸਿਆ ਹੈ ? ਉਨ੍ਹਾ ਰਾਹੁਲ ਦੀ ਮਾਨਸਿਕਤਾ ਨੂੰ ਰਾਸ਼ਟਰ-ਵਿਰੋਧੀ ਦੱਸਿਆ।

ਉਧਰ, ਰਾਹੁਲ ਨੇ ਕਿਹਾ ਕਿ ਮੋਦੀ ਨੇ ਸਮਝੌਤੇ 'ਚ ਕਿਸਾਨਾਂ ਦੀ ਹੱਡਭੰਨਵੀਂ ਮਿਹਨਤ ਵੇਚ ਦਿੱਤੀ ਹੈ। ਸੰਸਦ ਭਵਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਨੇ ਕਿਹਾ ਕਿ ਸਨਅਤਕਾਰ ਗੌਤਮ ਅਡਾਨੀ ਖਿਲਾਫ ਅਮਰੀਕਾ ਵਿੱਚ ਕੇਸ ਅਤੇ ਐਪਸਟੀਨ ਫਾਈਲਾਂ ਕਾਰਨ ਮੋਦੀ 'ਤੇ ਅਮਰੀਕਾ ਦਾ ਬਹੁਤ ਦਬਾਅ ਹੈ ਤੇ ਇਸ ਦਬਾਅ ਹੇਠ ਅਚਾਨਕ ਸਮਝੌਤਾ ਕੀਤਾ ਗਿਆ ਹੈ।

ਹਾਲਾਂਕਿ ਵਣਜ ਮੰਤਰੀ ਗੋਇਲ ਨੇ ਕਿਹਾ ਹੈ ਕਿ ਖੇਤੀਬਾੜੀ ਤੇ ਡੇਅਰੀ ਸੈਕਟਰ ਵਿੱਚ ਕੋਈ ਸਮਝੌਤਾ ਨਹੀਂ ਕੀਤਾ ਗਿਆ, ਗੁੰਮਨਾਮ ਅਧਿਕਾਰੀ ਨੇ ਕਿਹਾ ਕਿ ਭਾਰਤ ਖੇਤੀਬਾੜੀ ਸੈਕਟਰ ਨੂੰ ਅਮਰੀਕੀ ਮਾਲ ਲਈ ਅੰਸ਼ਕ ਤੌਰ 'ਤੇ ਖੋਲ੍ਹਣ ਲਈ ਸਹਿਮਤ ਹੋਇਆ ਹੈ।

ਭਾਰਤ ਅਤੇ ਅਮਰੀਕਾ ਵਿਚਕਾਰ ਹੋਇਆ ਤਾਜ਼ਾ ਵਪਾਰਕ ਸਮਝੌਤਾ ਭਾਰਤੀ ਆਰਥਿਕਤਾ, ਭਾਰਤੀ ਉਦਯੋਗ ਪਹਿਲਾਂ ਹੀ ਉੱਚ ਅਮਰੀਕੀ ਟੈਰਿਫ ਕਾਰਨ ਦਬਾਅ ਵਿੱਚ ਸੀ, ਇਸ ਲਈ ਪੂਰੀ ਤਰ੍ਹਾਂ ਉਭਰਨ ਲਈ ਮਾਰਕੀਟ ਦੀ ਸਥਿਤੀ 'ਤੇ ਨਿਰਭਰ ਕਰਨਾ ਹੋਵੇਗਾ। ਇਹ ਸਮਝੌਤਾ ਭਾਰਤ ਦੀ ਬਰਾਮਦ ਨੀਤੀ ਲਈ ਇੱਕ ਮੀਲ ਦਾ ਪੱਥਰ ਸਾਬਤ ਹੋ ਸਕਦਾ ਹੈ, ਜੇ ਇਸ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ।

ਇਹ ਸਮਝੌਤਾ ਖਾਸ ਕਰਕੇ ਔਰਤਾਂ ਲਈ ਅਤੇ ਲੇਬਰ-ਇੰਟੈਂਸਿਵ ਸੈਕਟਰਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਕਰੇਗਾ। ਟੈਕਸਟਾਈਲ, ਪਹਿਰਾਵਾ, ਰਤਨ ਅਤੇ ਗਹਿਣੇ, ਚਮੜਾ ਅਤੇ ਜੁੱਤੀਆਂ, ਇੰਜੀਨੀਅਰਿੰਗ ਸਾਮਾਨ ਅਤੇ ਆਟੋ ਪਾਰਟਸ ਵਰਗੇ ਖੇਤਰਾਂ ਨੂੰ ਇਸ ਦਾ ਸਭ ਤੋਂ ਵੱਧ ਫਾਇਦਾ ਹੋਵੇਗਾ। ਭਾਰਤੀ ਬਰਾਮਦਕਾਰ ਹੁਣ ਅਮਰੀਕੀ ਬਾਜ਼ਾਰ ਵਿੱਚ ਵੀਅਤਨਾਮ ਅਤੇ ਬੰਗਲਾਦੇਸ਼ ਵਰਗੇ ਦੇਸ਼ਾਂ ਨਾਲ ਸਿੱਧਾ ਮੁਕਾਬਲਾ ਕਰ ਸਕਣਗੇ। ਦਸੰਬਰ ਤੱਕ ਰੁਕੇ ਹੋਏ ਗਰਮੀਆਂ ਦੇ ਸੀਜ਼ਨ ਦੇ ਆਰਡਰ ਹੁਣ ਤੁਰੰਤ ਜਾਰੀ ਹੋਣ ਦੀ ਉਮੀਦ ਹੈ, ਜਿਸ ਨਾਲ ਬਰਾਮਦ ਵਿੱਚ ਤੁਰੰਤ ਉਛਾਲ ਆਵੇਗਾ। ਬਿਹਤਰ ਵਪਾਰਕ ਸ਼ਰਤਾਂ ਕਾਰਨ ਪੂਰੀ ਵੈਲਯੂ ਚੇਨ ਵਿੱਚ ਨਵੇਂ ਨਿਵੇਸ਼ ਆਉਣ ਦੀ ਸੰਭਾਵਨਾ ਹੈ। ਰੂਸੀ ਤੇਲ ਦੇ ਇਕਰਾਰਨਾਮਿਆਂ ਨੂੰ ਪੂਰੀ ਤਰ੍ਹਾਂ ਖਤਮ ਕਰਕੇ ਨਵੇਂ ਸਪਲਾਇਰਾਂ ਵੱਲ ਮੁੜਨ ਲਈ ਭਾਰਤੀ ਰਿਫਾਇਨਰੀਆਂ ਨੂੰ ਕੁਝ ਸਮਾਂ ਲੱਗੇਗਾ ਅਤੇ ਇਸ ਨਾਲ ਸੰਚਾਲਨ ਚੁਣੌਤੀਆਂ ਪੈਦਾ ਹੋ ਸਕਦੀਆਂ ਹਨ। ਭਾਰਤ ਵੱਲੋਂ ਅਮਰੀਕੀ ਵਸਤੂਆਂ 'ਤੇ ਟੈਰਿਫ ਜ਼ੀਰੋ ਕਰਨ ਦੇ ਵਾਅਦੇ ਨਾਲ ਘਰੇਲੂ ਉਦਯੋਗਾਂ ਨੂੰ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਮਰੀਕਾ ਨੇ ਇਹ ਡਿਊਟੀਆਂ ਇਸ ਲਈ ਲਗਾਈਆਂ ਸਨ, ਕਿਉਂਕਿ ਉਸ ਨੂੰ ਭਾਰਤ ਨਾਲ ਵੱਡਾ ਵਪਾਰਕ ਘਾਟਾ ਮਹਿਸੂਸ ਹੋ ਰਿਹਾ ਸੀ। 2024-25 ਵਿੱਚ ਭਾਰਤ ਦਾ ਅਮਰੀਕਾ ਨਾਲ ਕੁੱਲ ਵਪਾਰਕ ਸਰਪਲੱਸ ਲਗਭਗ 44.4 ਅਰਬ ਡਾਲਰ ਸੀ। ਅਮਰੀਕਾ ਅਜੇ ਵੀ ਕੁਝ ਖਾਸ ਵਸਤੂਆਂ ਜਿਵੇਂ ਡੇਅਰੀ ਉਤਪਾਦ (188%), ਅਨਾਜ (193%) ਅਤੇ ਫਲਾਂ-ਸਬਜ਼ੀਆਂ (132%) 'ਤੇ ਬਹੁਤ ਜ਼ਿਆਦਾ ਡਿਊਟੀ ਲਗਾਉਂਦਾ ਹੈ, ਜਿਨ੍ਹਾਂ 'ਤੇ ਸਪੱਸ਼ਟਤਾ ਆਉਣੀ ਅਜੇ ਬਾਕੀ ਹੈ।

## ਮੋਦੀ ਨੇ ਦਬਾਅ ਹੇਠ ਕਿਸਾਨਾਂ ਦੇ ਹਿੱਤ ਵੇਚੇ : ਰਾਹੁਲ



ਖਾਸ ਕਰਕੇ ਲੇਬਰ-ਇੰਟੈਂਸਿਵ (ਵੱਧ ਮਜ਼ਦੂਰੀ ਵਾਲੇ) ਅਤੇ ਐੱਮ ਐੱਸ ਈ ਖੇਤਰਾਂ ਲਈ ਇੱਕ ਵੱਡੀ ਰਾਹਤ ਵਜੋਂ ਦੇਖਿਆ ਜਾ ਰਿਹਾ ਹੈ। ਇਸ ਸਮਝੌਤੇ ਤਹਿਤ ਅਮਰੀਕਾ ਭਾਰਤੀ ਘਰੇਲੂ ਵਸਤੂਆਂ 'ਤੇ ਟੈਰਿਫ (ਟੈਕਸ) ਘਟਾ ਕੇ 18 ਫੀਸਦੀ ਕਰਨ ਲਈ ਸਹਿਮਤ ਹੋ ਗਿਆ ਹੈ, ਜੋ ਕਿ ਪਹਿਲਾਂ ਕਾਫੀ ਜ਼ਿਆਦਾ ਸਨ।

ਮਾਹਰਾਂ ਅਨੁਸਾਰ ਇਸ ਫੈਸਲੇ ਨਾਲ ਭਾਰਤੀ ਉਤਪਾਦਾਂ ਦੀਆਂ ਕੀਮਤਾਂ ਵਿੱਚ ਸੁਧਾਰ ਹੋਵੇਗਾ ਅਤੇ ਅਮਰੀਕੀ ਖਰੀਦਦਾਰਾਂ ਦਾ ਭਾਰਤੀ ਸਪਲਾਇਰਾਂ 'ਤੇ ਭਰੋਸਾ ਵਧੇਗਾ, ਜਿਸ ਨਾਲ ਆਉਣ ਵਾਲੇ ਮਹੀਨਿਆਂ ਵਿੱਚ ਬਰਾਮਦ ਵਿੱਚ ਤੇਜ਼ੀ ਨਾਲ ਵਾਧਾ ਹੋਣ ਦੀ ਉਮੀਦ ਹੈ। ਇਹ ਸਭ ਉਦੋਂ ਵਾਪਰਿਆ ਹੈ, ਜਦੋਂ ਅਮਰੀਕਾ ਆਪਣੀ ਸਪਲਾਈ ਚੇਨ ਨੂੰ ਚੀਨ ਤੋਂ ਹਟਾ ਕੇ ਦੂਜੇ ਦੇਸ਼ਾਂ ਵੱਲ ਮੋੜਨ ਦੀ ਰਣਨੀਤੀ 'ਤੇ ਕੰਮ ਕਰ ਰਿਹਾ ਹੈ। ਇਸ ਸਮਝੌਤੇ ਨਾਲ ਭਾਰਤ ਦੀ ਬਰਾਮਦ ਪ੍ਰਤੀਯੋਗਤਾ ਵਧੇਗੀ ਅਤੇ ਭਾਰਤ ਇੱਕ ਭਰੋਸੇਯੋਗ ਗਲੋਬਲ ਸੋਰਸਿੰਗ ਹੱਬ ਵਜੋਂ ਆਪਣੀ ਸਥਿਤੀ ਮਜ਼ਬੂਤ ਕਰੇਗਾ।

ਟਰੰਪ ਅਨੁਸਾਰ ਇਸ ਸਮਝੌਤੇ ਨਾਲ ਭਾਰਤ ਵੱਲੋਂ ਅਮਰੀਕੀ ਊਰਜਾ, ਕੋਲਾ, ਤਕਨਾਲੋਜੀ ਅਤੇ ਖੇਤੀਬਾੜੀ ਉਤਪਾਦਾਂ ਦੀ ਖਰੀਦ ਵਧੇਗੀ, ਜੋ ਕਿ ਇੱਕ ਵਿਆਪਕ ਸਮਝੌਤੇ ਦਾ ਪਹਿਲਾ ਪੜਾਅ ਹੈ। ਇਸ ਡੀਲ ਤਹਿਤ ਭਾਰਤ ਦੇ ਖਾਸ ਕਰਕੇ ਟੈਕਸਟਾਈਲ, ਗਹਿਣੇ ਅਤੇ ਕੈਮੀਕਲ ਖੇਤਰ ਨੂੰ ਵੱਡਾ ਲਾਭ ਮਿਲੇਗਾ ਅਤੇ ਉਹ ਵੀਅਤਨਾਮ ਤੇ ਬੰਗਲਾਦੇਸ਼ ਵਰਗੇ ਦੇਸ਼ਾਂ ਦਾ ਮੁਕਾਬਲਾ ਕਰ ਸਕਣਗੇ। ਹਾਲਾਂਕਿ ਰੂਸੀ ਤੇਲ ਦੇ ਇਕਰਾਰਨਾਮਿਆਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਰਿਫਾਇਨਰੀਆਂ ਨੂੰ ਕੁਝ ਸਮਾਂ ਲੱਗੇਗਾ।

ਹਾਲਾਂਕਿ ਇਹ ਇੱਕ ਵੱਡੀ ਸਫਲਤਾ ਹੈ, ਪਰ ਕੁਝ ਮਾਹਰਾਂ ਨੇ ਸਾਵਧਾਨ ਰਹਿਣ ਦੀ ਸਲਾਹ ਵੀ ਦਿੱਤੀ ਹੈ ਕਿ ਜਦੋਂ ਤੱਕ ਕੋਈ ਸਾਂਝਾ ਬਿਆਨ, ਸਮਝੌਤੇ ਦਾ ਪੂਰਾ ਖਰੜਾ ਅਤੇ ਲਾਗੂ ਕਰਨ ਬਾਰੇ ਸਪੱਸ਼ਟਤਾ ਸਾਹਮਣੇ ਨਹੀਂ ਆਉਂਦੀ, ਉਦੋਂ ਤੱਕ ਇਸ ਨੂੰ ਸਿਰਫ ਇੱਕ ਰਾਜਨੀਤਕ ਸੰਕੇਤ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਸਮਝੌਤੇ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਹੋਣ ਅਤੇ ਇਸ ਦੇ ਅਸਲ ਪ੍ਰਭਾਵ ਦਿਖਣ ਵਿੱਚ ਕੁਝ ਸਮਾਂ ਲੱਗ ਸਕਦਾ ਹੈ।

## ਭਾਰਤ ਨੇ ਤੇਲ ਨਾ ਲੈਣ ਬਾਰੇ ਗੱਲ ਨਹੀਂ ਕੀਤੀ : ਰੂਸ

**ਮਾਸਕੋ** : ਰੂਸ ਨੇ ਉਨ੍ਹਾਂ ਰਿਪੋਰਟਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ, ਜਿਨ੍ਹਾਂ ਵਿੱਚ ਦਾਅਵਾ ਕੀਤਾ ਜਾ ਰਿਹਾ ਸੀ ਕਿ ਭਾਰਤ ਰੂਸੀ ਤੇਲ ਦੀ ਖਰੀਦ ਬੰਦ ਕਰਨ ਜਾ ਰਿਹਾ ਹੈ। ਕ੍ਰੈਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਮੰਗਲਵਾਰ ਨੂੰ ਸਪੱਸ਼ਟ ਕੀਤਾ ਕਿ ਰੂਸ ਨੂੰ ਭਾਰਤ ਵੱਲੋਂ ਅਜਿਹਾ ਕੋਈ ਵੀ ਸੁਨੇਹਾ ਜਾਂ ਅਧਿਕਾਰਤ ਬਿਆਨ ਨਹੀਂ ਮਿਲਿਆ ਹੈ।

ਇਹ ਬਿਆਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਦਾਅਵੇ ਤੋਂ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾ ਕਿਹਾ ਸੀ ਕਿ ਪ੍ਰਧਾਨ ਮੰਤਰੀ ਮੋਦੀ ਰੂਸੀ ਤੇਲ ਛੱਡ ਕੇ ਅਮਰੀਕਾ ਅਤੇ ਵੈਨੇਜ਼ੁਏਲਾ ਤੋਂ ਤੇਲ ਖਰੀਦਣ ਲਈ ਸਹਿਮਤ ਹੋ ਗਏ ਹਨ। ਰੂਸ ਦੇ ਊਰਜਾ ਮੰਤਰਾਲੇ ਨੇ ਵੀ ਪੁਸ਼ਟੀ ਕੀਤੀ ਹੈ ਕਿ ਭਾਰਤੀ ਰਿਫਾਇਨਰੀਆਂ ਵੱਲੋਂ ਕਿਸੇ ਵੀ ਇਕਰਾਰਨਾਮੇ ਨੂੰ ਰੱਦ ਕਰਨ ਦਾ ਕੋਈ ਨੋਟਿਸ ਨਹੀਂ ਮਿਲਿਆ।

# ਰਾਜਾ ਵੜਿੰਗ ਤੇ ਔਜਲਾ ਸਣੇ 8 ਲੋਕ ਸਭਾ ਮੈਂਬਰ ਮੁਅੱਤਲ



**ਨਵੀਂ ਦਿੱਲੀ** : ਲੋਕ ਸਭਾ ਦੀ ਕਾਰਵਾਈ ਮੰਗਲਵਾਰ ਇੱਕ ਵਾਰ ਮੁਲਤਵੀ ਹੋਣ ਤੋਂ ਬਾਅਦ 12 ਵਜੇ ਮੁੜ ਸ਼ੁਰੂ ਹੋਈ, ਪਰ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਦੇ ਪ੍ਰੋਟੈਸਟ ਕਾਰਨ ਫਿਰ ਦੋ ਵਾਰ ਰੋਕਣੀ ਪਈ। ਹੱਥਾਂ ਵਿੱਚ ਪਲੇਅ ਕਾਰਡ ਲੈ ਕੇ ਵਿਰੋਧੀ ਮੈਂਬਰਾਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ, ਜਿਸ ਕਾਰਨ ਕਾਰਵਾਈ ਦੋ ਵਜੇ ਤੱਕ ਮੁਲਤਵੀ ਕਰਨੀ ਪਈ। ਇਸ ਤੋਂ ਬਾਅਦ ਵਿਰੋਧੀ ਧਿਰ ਦੇ ਅੱਠ ਮੈਂਬਰਾਂ ਨੂੰ ਗੈਰ-ਜ਼ਿੰਮੇਵਾਰਾਨਾ ਵਿਹਾਰ ਕਰਨ, ਜਿਸ ਵਿੱਚ ਕਾਗਜ਼ ਪਾੜ ਕੇ ਚੇਅਰ ਵੱਲ ਸੁੱਟਣਾ ਸ਼ਾਮਲ ਸੀ, ਲਈ ਮੁਅੱਤਲ ਕਰ ਦਿੱਤਾ ਗਿਆ। ਕਈ ਵਾਰ ਮੁਲਤਵੀ ਹੋਣ ਤੋਂ ਬਾਅਦ ਜਿਵੇਂ ਹੀ ਦੁਪਹਿਰ 3 ਵਜੇ ਸਦਨ ਦੀ ਕਾਰਵਾਈ ਸ਼ੁਰੂ ਹੋਈ, ਚੇਅਰ 'ਤੇ ਬੈਠੇ ਦਿਲੀਪ ਸੈਕੀਆ ਨੇ ਕਾਂਗਰਸ ਦੇ ਅੱਠ ਮੈਂਬਰਾਂ ਦੇ ਨਾਂਅ ਲਏ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜੀਜੂ ਨੇ ਬਜਟ ਸੈਸ਼ਨ ਦੀ ਬਾਕੀ ਮਿਆਦ, ਜੋ ਕਿ 2 ਅਪ੍ਰੈਲ ਨੂੰ ਖਤਮ ਹੋਣੀ ਹੈ, ਲਈ ਇਨ੍ਹਾਂ ਅੱਠ ਮੈਂਬਰਾਂ ਦੀ ਮੁਅੱਤਲੀ ਦਾ ਮਤਾ ਪੜ੍ਹਿਆ। ਸਦਨ ਨੇ ਜ਼ੁਬਾਨੀ ਵੋਟ ਨਾਲ ਇਹ ਮਤਾ ਪਾਸ ਕਰ ਦਿੱਤਾ, ਜਿਸ ਤੋਂ ਬਾਅਦ ਹੰਗਾਮੇ ਦੇ ਚਲਦਿਆਂ ਦਿਨ ਭਰ ਲਈ ਕਾਰਵਾਈ ਮੁਲਤਵੀ ਕਰ ਦਿੱਤੀ ਗਈ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਮੈਂਬਰਾਂ ਨੇ ਪਾਰਟੀ ਮੈਂਬਰਾਂ ਦੀ ਮੁਅੱਤਲੀ ਖਿਲਾਫ ਸੰਸਦ ਭਵਨ ਦੇ ਬਾਹਰ ਪ੍ਰਦਰਸ਼ਨ ਕੀਤਾ। ਦੁਪਹਿਰ ਤੋਂ ਹੀ ਸਦਨ ਵਿੱਚ ਉਸ ਸਮੇਂ ਤੋਂ ਹੰਗਾਮਾ ਚੱਲ ਰਿਹਾ ਸੀ, ਜਦੋਂ ਰਾਹੁਲ ਗਾਂਧੀ ਨੂੰ 2020 ਦੇ ਭਾਰਤ-ਚੀਨ ਸੰਘਰਸ਼ ਬਾਰੇ ਸਾਬਕਾ ਫੌਜ ਮੁਖੀ ਐੱਮ ਐੱਮ ਨਰਵਾਣੇ ਦੀਆਂ ਅਣਪ੍ਰਕਾਸ਼ਤ 'ਯਾਦਾਂ' ਦੇ ਅੰਸ਼ਾਂ 'ਤੇ ਅਧਾਰਤ ਲੇਖ ਦਾ ਹਵਾਲਾ ਦੇਣ ਤੋਂ ਰੋਕ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਸਦਨ 'ਚ ਪ੍ਰਸ਼ਨਕਾਲ ਸ਼ੁਰੂ ਹੁੰਦਿਆਂ ਹੀ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਹੰਗਾਮਾ ਕੀਤਾ। ਅਮਰੀਕਾ ਨਾਲ ਟਰੇਡ ਡੀਲ ਨੂੰ ਲੈ ਕੇ ਵਿਰੋਧੀਆਂ ਨੇ ਸਵਾਲ ਚੁੱਕੇ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕਈ ਵਾਰ ਵਿਰੋਧੀਆਂ ਨੂੰ ਸ਼ਾਂਤ ਰਹਿਣ ਲਈ ਕਿਹਾ, ਪਰ ਇਸ ਦੇ ਬਾਵਜੂਦ ਵਿਰੋਧੀ ਹੰਗਾਮਾ ਕਰਦੇ ਰਹੇ। ਇਸੇ ਕਾਰਨ ਸਦਨ ਦੀ ਕਾਰਵਾਈ ਪਹਿਲਾਂ 12 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ ਸੀ।

ਮੁਅੱਤਲ ਕੀਤੇ ਗਏ ਮੈਂਬਰਾਂ ਵਿੱਚ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਗੁਰਜੀਤ ਸਿੰਘ ਔਜਲਾ ਵੀ ਸ਼ਾਮਲ ਹਨ। ਰਾਜਾ ਵੜਿੰਗ ਨੇ ਸਰਕਾਰ 'ਤੇ ਤਾਨਾਸ਼ਾਹੀ ਦੇ ਦੋਸ਼ ਲਗਾਉਂਦੇ ਹੋਏ ਕਿਹਾ, 'ਜਦੋਂ ਤੁਸੀਂ ਸਾਡੀ ਸਾਹ ਵਾਲੀ ਨਲੀ 'ਤੇ ਹੱਥ ਰੱਖੋਗੇ, ਤਾਂ ਸਾਨੂੰ ਜਵਾਬੀ ਲੜਾਈ ਲੜਨੀ ਹੀ ਪਵੇਗੀ।' ਉਨ੍ਹਾ ਸਵਾਲ ਕੀਤਾ ਕਿ ਸਰਕਾਰ ਰਾਹੁਲ ਗਾਂਧੀ ਦੇ ਸ਼ਬਦਾਂ ਤੋਂ ਏਨੀ ਕਿਉਂ ਡਰ ਰਹੀ ਹੈ।

ਰਾਜਾ ਵੜਿੰਗ ਨੇ ਦੋਸ਼ ਲਗਾਇਆ ਕਿ ਜਿਵੇਂ ਹੀ ਰਾਹੁਲ ਗਾਂਧੀ ਨੇ ਚੀਨ, ਪਾਕਿਸਤਾਨ ਅਤੇ ਪ੍ਰਧਾਨ ਮੰਤਰੀ ਦਾ ਨਾਂਅ ਲਿਆ, ਸੱਤਾ ਪੱਖ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਰਾਹੁਲ ਗਾਂਧੀ ਦਾ ਮਾਈਕ ਬੰਦ ਕਰ ਦਿੱਤਾ ਗਿਆ। ਉਨ੍ਹਾ ਕਿਹਾ ਕਿ ਰਾਹੁਲ ਗਾਂਧੀ ਸਾਬਕਾ ਫੌਜ ਮੁਖੀ ਜਨਰਲ ਨਰਵਾਣੇ ਦੀ ਕਿਤਾਬ ਦਾ ਹਵਾਲਾ ਦੇ ਕੇ ਸੱਚਾਈ ਸਾਹਮਣੇ ਲਿਆਉਣਾ ਚਾਹੁੰਦੇ ਸਨ, ਪਰ ਸਰਕਾਰ ਨੂੰ ਡਰ ਹੈ ਕਿ ਉਨ੍ਹਾਂ ਦੀ ਪੋਲ ਖੁੱਲ੍ਹ ਜਾਵੇਗੀ।

## ਰਾਜਪਾਲ 9 ਤੋਂ ਪੈਦਲ ਯਾਤਰਾ 'ਤੇ



**ਚੰਡੀਗੜ੍ਹ** : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ 'ਚ ਪੈਦਲ ਯਾਤਰਾ ਸ਼ੁਰੂ ਕਰਨਗੇ। ਰਾਜਪਾਲ ਪੈਦਲ ਯਾਤਰਾ ਦੌਰਾਨ ਹਰ ਰੋਜ਼ ਦੋ ਘੰਟੇ ਸਰਹੱਦੀ ਲੋਕਾਂ ਨਾਲ ਮਾਰਚ ਕਰਨਗੇ, ਤਾਂ ਜੋ ਲੋਕਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਾ ਸਕਣ। ਰਾਜਪਾਲ ਨੇ ਦੱਸਿਆ ਕਿ ਪੈਦਲ ਯਾਤਰਾ 9 ਫਰਵਰੀ ਨੂੰ ਤਰਨ ਤਾਰਨ ਤੋਂ ਸ਼ੁਰੂ ਹੋ ਕੇ 10 ਨੂੰ ਜ਼ਿਲ੍ਹਾ ਫਿਰੋਜ਼ਪੁਰ, 11 ਨੂੰ ਫਾਜ਼ਿਲਕਾ ਅਤੇ 12 ਫਰਵਰੀ ਨੂੰ ਅਬੋਹਰ ਵਿਖੇ ਸਮਾਪਤ ਹੋਵੇਗੀ।

## ਐਕਟਿਵਾ ਸਵਾਰ 4 ਜਣਿਆਂ ਦੀ ਕਾਰ ਦੀ ਟੱਕਰ ਨਾਲ ਮੌਤ



**ਮੁਕੇਰੀਆਂ** : ਪਠਾਨਕੋਟ ਕੌਮੀ ਮਾਰਗ 'ਤੇ ਬੁਲੇਟ ਦੀ ਏਜੰਸੀ ਕੋਲ ਵਾਪਰੇ ਸੜਕ ਹਾਦਸੇ ਵਿੱਚ ਸਕੂਟੀ ਸਵਾਰ ਚਾਰ ਜਣਿਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਦੋ ਪਰਵਾਸੀ ਮਜ਼ਦੂਰ ਸ਼ਾਮਲ ਹਨ ਅਤੇ ਉਹ ਮੈਰਿਜ ਪੈਲੇਸ ਵਿੱਚ ਕੰਮ ਕਰਨ ਉਪਰੰਤ ਵਾਪਸ ਪਰਤ ਰਹੇ ਸਨ। ਸੁਖਵਿੰਦਰ ਸਿੰਘ ਤੇ ਨਰਿੰਦਰ ਸਿੰਘ ਵਾਸੀ ਮੁਕੇਰੀਆਂ ਆਪਣੇ ਦੋ ਪਰਵਾਸੀ ਸਾਥੀਆਂ ਵਿਵਧ ਸਾਹੂ ਅਤੇ ਮਿਥੁਨ ਮੰਡਲ ਵਾਸੀ ਦਰਭੰਗਾ (ਬਿਹਾਰ) ਨਾਲ ਇੱਕ ਮੈਰਿਜ ਪੈਲੇਸ ਵਿੱਚ ਕੰਮ ਉਪਰੰਤ ਵਾਪਸ ਆ ਰਹੇ ਸਨ। ਚਾਰੇ ਇੱਕ ਐਕਟਿਵਾ 'ਤੇ ਸਵਾਰ ਸਨ। ਜਦੋਂ ਇਹ ਮੁਕੇਰੀਆਂ-ਪਠਾਨਕੋਟ ਮਾਰਗ 'ਤੇ ਪੈਂਦੀ ਬੁਲੇਟ ਦੀ ਏਜੰਸੀ ਕੋਲ ਪੁੱਜੇ ਤਾਂ ਕੋਲ ਖੜ੍ਹੇ ਟਰੱਕ ਨੂੰ ਓਵਰਟੇਕ ਕਰਦੇ ਸਮੇਂ ਇੱਕ ਕਾਰ ਨੇ ਇਨ੍ਹਾਂ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਸਕੂਟੀ ਸਵਾਰ ਚਾਰੋਂ ਜਣਿਆਂ ਦੀ ਮੌਤ ਹੋ ਗਈ।

## ਕੈਨੇਡਾ ਦੇ ਤਿੰਨ ਜੂਨੀਅਰ ਹਾਕੀ ਖਿਡਾਰੀਆਂ ਦੀ ਹਾਦਸੇ 'ਚ ਮੌਤ

**ਵੈਨਕੂਵਰ** : ਅਲਬਰਟਾ ਵਿੱਚ ਸਟੈਵਲੀ ਕੋਲ ਟਰੱਕ ਤੇ ਕਾਰ ਦੀ ਸਿੱਧੀ ਟੱਕਰ ਵਿੱਚ ਜੂਨੀਅਰ ਹਾਕੀ ਟੀਮ ਦੇ ਤਿੰਨ ਖਿਡਾਰੀਆਂ ਦੀ ਮੌਤ ਹੋ ਗਈ। ਜਦੋਂ ਹਾਈਵੇਅ 2 'ਤੇ 55 ਐਵੇਨਿਊ ਨੇੜੇ ਹਾਦਸਾ ਵਾਪਰਿਆ, ਉਹ ਟੀਮ ਸਮੇਤ ਪ੍ਰੈਕਿਟਸ ਲਈ ਜਾ ਰਹੇ ਸਨ।

ਕਾਰ 'ਚ 5 ਵਿਅਕਤੀ ਸਵਾਰ ਸਨ। ਟੀਮ ਮੈਨੇਜਰ ਮੁਸਤੰਗ ਨੇ ਹਾਦਸੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰ ਹੋਏ ਕਿਹਾ ਕਿ ਟੀਮ ਇੱਕ ਪਰਵਾਰ ਦੀ ਤਰ੍ਹਾਂ ਸੀ, ਜਿਸ ਨੂੰ ਇੰਨੇ ਚੰਗੇ ਖਿਡਾਰੀਆਂ ਦੀ ਘਾਟ ਹਮੇਸ਼ਾ ਮਹਿਸੂਸ ਹੋਵੇਗੀ।

## ਮਜੀਠੀਆ ਵੱਲੋਂ ਜੇਲ੍ਹੋਂ ਨਿਕਲ ਕੇ ਕੈਪਟਨ, ਜਾਖੜ ਤੇ ਚੰਨੀ ਦਾ ਧੰਨਵਾਦ

**ਨਾਭਾ** : ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਮੰਗਲਵਾਰ ਨਿਊ ਨਾਭਾ ਜੇਲ੍ਹ ਦੇ ਬਾਹਰ ਆਉਂਦਿਆਂ ਹੀ ਹਮਲਾਵਰ ਰੁਖ ਵਿਚ ਨਜ਼ਰ ਆਏ। ਚਿੱਟੇ ਕੁੜਤੇ-ਪਜਾਮੇ ਵਿੱਚ ਮਲਬੂਸ ਮਜੀਠੀਆ ਨੇ ਸਭ ਤੋਂ ਪਹਿਲਾਂ ਆਪਣੀਆਂ ਮੁੱਛਾਂ ਨੂੰ ਤਾਅ ਦਿੱਤਾ ਅਤੇ ਉੱਥੇ ਮੌਜੂਦ ਸਮਰਥਕਾਂ ਦਾ ਧੰਨਵਾਦ ਕੀਤਾ। ਜੇਲ੍ਹ ਦੇ ਮੁੱਖ ਗੇਟ ਤੱਕ ਪੈਦਲ ਆਉਣ ਤੋਂ ਬਾਅਦ ਮਜੀਠੀਆ ਨੇ ਮੀਡੀਆ ਅਤੇ ਸਮਰਥਕਾਂ ਦੇ ਰੂਬਰੂ ਹੁੰਦਿਆਂ ਕਿਹਾ, 'ਸਰਕਾਰ ਚਾਹੁੰਦੀ ਸੀ ਕਿ ਮੈਂ ਜ਼ਿੰਦਾ ਬਾਹਰ ਹੀ ਨਾ ਆਵਾਂ, ਪਰ ਪ੍ਰਮਾਤਮਾ ਦੀ ਮਿਹਰ ਸਦਕਾ ਮੈਂ ਅੱਜ ਸਭ ਦੇ ਵਿਚਕਾਰ ਹਾਂ।'



ਮਜੀਠੀਆ ਨੇ ਇਹ ਵੀ ਕਿਹਾ ਕਿ ਜਦੋਂ ਵੀ ਉਨ੍ਹਾ ਨੂੰ ਜੇਲ੍ਹ ਵਿੱਚ ਪਤਾ ਲੱਗਦਾ ਸੀ ਕਿ ਪੁਲਸ ਉਨ੍ਹਾ 'ਤੇ ਕੋਈ ਨਵਾਂ ਪਰਚਾ ਦਰਜ ਕਰਨ ਲੱਗੀ ਹੈ, ਤਾਂ ਉਨ੍ਹਾ ਨੂੰ ਚਾਅ ਚੜ੍ਹਦਾ ਸੀ।

ਸਮਰਥਕਾਂ ਦੇ ਕਾਫਲੇ ਵਿਚਾਲੇ ਇੱਕ ਖੁੱਲ੍ਹੀ ਜੀਪ ਵਿੱਚ ਖੜ੍ਹ ਕੇ ਬੋਲਣ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੰਦੇਸ਼ ਦਿੰਦਿਆਂ ਮਜੀਠੀਆ ਨੇ ਕਿਹਾ, 'ਮੈਂ ਜੇਲ੍ਹ ਦੇ ਅੰਦਰ ਬੈਂਗਣ ਖਾ ਕੇ ਗੁਜ਼ਾਰਾ ਕੀਤਾ ਹੈ, ਤੇਰਾ ਕੀ ਬਣੂ ਸਾਂਭਾ।' ਨਾਲ ਹੀ ਜੋੜਿਆ ਕਿ 'ਮਜੀਠੀਆ ਨਾ ਰੁਕੂਗਾ, ਨਾ ਮਜੀਠੀਆ ਝੁਕੂਗਾ।'

ਉਨ੍ਹਾ ਸੁਨੀਲ ਜਾਖੜ, ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਬਾਦਲ, ਚਰਨਜੀਤ ਸਿੰਘ ਚੰਨੀ, ਤਰੁਣ ਚੁੱਘ, ਭੈਣ ਹਰਸਿਮਰਤ ਬਾਦਲ ਅਤੇ ਸੁਖਪਾਲ ਸਿੰਘ ਖਹਿਰਾ ਦਾ ਧੰਨਵਾਦ ਕਰਦਿਆਂ ਦਾਅਵਾ ਕੀਤਾ ਕਿ ਉਹ ਮਾੜੇ ਸਮੇਂ ਵਿੱਚ ਉਨ੍ਹਾ ਦੇ ਨਾਲ ਖੜ੍ਹੇ ਰਹੇ।

## ਮੈਟਾ ਤੇ ਵਟਸਐਪ ਨੂੰ ਚਿਤਾਵਨੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮੰਗਲਵਾਰ ਮੈਟਾ ਪਲੇਟਫਾਰਮ ਅਤੇ ਵਟਸਐਪ ਨੂੰ ਸਖਤ ਫਟਕਾਰ ਲਗਾਉਂਦਿਆਂ ਸਪੱਸ਼ਟ ਕੀਤਾ ਕਿ ਤਕਨੀਕੀ ਮਹਾਂਰਥੀ ਕੰਪਨੀਆਂ ਡਾਟਾ ਸਾਂਝਾ ਕਰਨ ਦੇ ਨਾਂਅ 'ਤੇ ਨਾਗਰਿਕਾਂ ਦੀ ਨਿੱਜਤਾ ਦੇ ਅਧਿਕਾਰ ਨਾਲ ਖਿਲਵਾੜ ਨਹੀਂ ਕਰ ਸਕਦੀਆਂ। ਚੀਫ ਜਸਟਿਸ ਸੂਰੀਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐੱਮ ਪੰਚੋਲੀ ਦੀ ਬੈਂਚ ਨੇ ਭਾਰਤੀ ਮੁਕਾਬਲੇਬਾਜ਼ੀ ਕਮਿਸ਼ਨ ਦੁਆਰਾ ਲਗਾਏ 213.14 ਕਰੋੜ ਰੁਪਏ ਦੇ ਜੁਰਮਾਨੇ ਵਿਰੁੱਧ ਦਾਇਰ ਅਪੀਲਾਂ 'ਤੇ ਸੁਣਵਾਈ ਕਰਦਿਆਂ ਕਿਹਾ ਕਿ ਉਹ ਇਸ ਮਾਮਲੇ ਵਿੱਚ 9 ਫਰਵਰੀ ਨੂੰ ਅੰਤਰਮ ਹੁਕਮ ਜਾਰੀ ਕਰੇਗੀ। ਅਦਾਲਤ ਨੇ ਇਲੈਕਟ੍ਰਾਨਿਕਸ ਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੂੰ ਵੀ ਇਸ ਮਾਮਲੇ ਵਿੱਚ ਪੱਖ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਸੁਣਵਾਈ ਦੌਰਾਨ ਚੀਫ ਜਸਟਿਸ ਨੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਪ੍ਰਾਈਵੇਸੀ (ਨਿੱਜਤਾ) ਦੀਆਂ ਸ਼ਰਤਾਂ ਐਨੀ ਚਲਾਕੀ ਨਾਲ ਤਿਆਰ ਕੀਤੀਆਂ ਜਾਂਦੀਆਂ ਹਨ ਕਿ ਇੱਕ ਆਮ ਵਿਅਕਤੀ ਉਨ੍ਹਾਂ ਨੂੰ ਸਮਝ ਨਹੀਂ ਸਕਦਾ, ਜੋ ਕਿ ਨਿੱਜੀ ਜਾਣਕਾਰੀ ਦੀ ਚੋਰੀ ਕਰਨ ਦਾ ਇੱਕ ਸੱਭਿਅਕ ਤਰੀਕਾ ਹੈ। ਅਦਾਲਤ ਨੇ ਕੰਪਨੀਆਂ ਨੂੰ ਚੇਤਾਵਨੀ ਦਿੱਤੀ ਕਿ ਜੇ ਉਨ੍ਹਾਂ ਡਾਟਾ ਸਾਂਝਾ ਨਾ ਕਰਨ ਬਾਰੇ ਹਲਫਨਾਮਾ ਨਾ ਦਿੱਤਾ, ਤਾਂ ਅਦਾਲਤ ਸਖਤ ਹੁਕਮ ਪਾਸ ਕਰਨ ਲਈ ਮਜਬੂਰ ਹੋਵੇਗੀ।

## ਏਅਰ ਇੰਡੀਆ ਜਹਾਜ਼ਾਂ ਦੇ ਸਵਿੱਚਾਂ ਦੀ ਜਾਂਚ ਸ਼ੁਰੂ

**ਨਵੀਂ ਦਿੱਲੀ** : ਲੰਡਨ ਹੀਥਰੋ ਤੋਂ ਐਤਵਾਰ ਬੇਂਗਲੁਰੂ ਲਈ ਉੱਡੇ ਜਹਾਜ਼ ਵਿੱਚ ਫਿਊਲ ਕੰਟਰੋਲ ਸਵਿੱਚ ਦੇ ਖਰਾਬ ਹੋਣ ਦੀ ਘਟਨਾ ਤੋਂ ਉਪਰੰਤ ਏਅਰ ਇੰਡੀਆ ਨੇ ਆਪਣੇ ਬੋਇੰਗ 787 ਜਹਾਜ਼ਾਂ ਦੇ ਸਵਿੱਚਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮੌਜੂਦਾ ਸਮੇਂ ਵਿੱਚ ਏਅਰ ਇੰਡੀਆ ਕੋਲ 33 ਬੋਇੰਗ 787 ਜਾਂ ਡਰੀਮਲਾਈਨਰ ਜਹਾਜ਼ ਹਨ। ਏਅਰ ਇੰਡੀਆ ਦੇ ਫਲਾਈਟ ਅਪਰੇਸ਼ਨਜ਼ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਮਨੀਸ਼ ਉੱਪਲ ਨੇ ਬੋਇੰਗ 787 ਦੇ ਪਾਇਲਟਾਂ ਨੂੰ ਦੱਸਿਆ ਕਿ ਏਅਰਲਾਈਨ ਨੇ ਪੂਰੇ ਫਲੀਟ ਦੇ ਫਿਊਲ ਕੰਟਰੋਲ ਸਵਿੱਚਾਂ ਦੀ ਮੁੜ ਜਾਂਚ ਸ਼ੁਰੂ ਕਰ ਦਿੱਤੀ ਹੈ। ਉੱਪਲ ਨੇ ਕਿਹਾ ਕਿ ਇੰਜੀਨੀਅਰਿੰਗ ਟੀਮ ਨੇ ਇਸ ਮਾਮਲੇ ਨੂੰ ਬੋਇੰਗ ਕੋਲ ਪਹਿਲ ਦੇ ਅਧਾਰ 'ਤੇ ਮੁਲਾਂਕਣ ਲਈ ਭੇਜਿਆ ਹੈ। ਮੰਗਲਵਾਰ ਨੂੰ ਭੇਜੀ ਇੱਕ ਈਮੇਲ ਵਿੱਚ ਉਨ੍ਹਾਂ ਦੱਸਿਆ ਕਿ ਬੋਇੰਗ ਦੇ ਜਵਾਬ ਦੀ ਉਡੀਕ ਕਰਦਿਆਂ ਸਾਵਧਾਨੀ ਦੇ ਤੌਰ 'ਤੇ ਫਿਊਲ ਕੰਟਰੋਲ ਸਵਿੱਚ ਲੈਚ ਦੀ ਮੁੜ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਸਹੀ ਸੰਚਾਲਨ ਦੀ ਪੁਸ਼ਟੀ ਕੀਤੀ ਜਾ ਸਕੇ। ਉਨ੍ਹਾ ਇਹ ਵੀ ਦੱਸਿਆ ਕਿ ਜਿਨ੍ਹਾਂ ਜਹਾਜ਼ਾਂ ਦੀ ਜਾਂਚ ਪੂਰੀ ਹੋ ਚੁੱਕੀ ਹੈ, ਉਨ੍ਹਾਂ ਵਿੱਚ ਕੋਈ ਨੁਕਸ ਨਹੀਂ ਪਾਇਆ ਗਿਆ। ਏਅਰ ਇੰਡੀਆ ਨੇ ਚਾਲਕ ਦਲ ਨੂੰ ਨਿਰਦੇਸ਼ ਦਿੱਤੇ ਹਨ ਕਿ ਕਿਸੇ ਵੀ ਨੁਕਸ ਬਾਰੇ ਤੁਰੰਤ ਸੂਚਤ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਜੂਨ ਵਿੱਚ ਅਹਿਮਦਾਬਾਦ ਵਿੱਚ ਹੋਏ ਬੋਇੰਗ 787-8 ਜਹਾਜ਼ ਦੇ ਹਾਦਸੇ ਤੋਂ ਬਾਅਦ ਵੀ ਇਹ ਸਵਿੱਚ ਜਾਂਚ ਦੇ ਘੇਰੇ ਵਿੱਚ ਹਨ, ਕਿਉਂਕਿ ਮੁੱਢਲੀ ਜਾਂਚ ਰਿਪੋਰਟ ਅਨੁਸਾਰ ਉਡਾਣ ਭਰਨ ਤੋਂ ਤੁਰੰਤ ਬਾਅਦ ਬਾਲਣ ਦੀ ਸਪਲਾਈ ਬੰਦ ਹੋ ਗਈ ਸੀ।

## ਇੰਡੀਗੋ ਵੱਲੋਂ ਚਾਰ ਵਿਦੇਸ਼ੀ ਸ਼ਹਿਰਾਂ ਨੂੰ ਉਡਾਣਾਂ ਰੱਦ

**ਨਵੀਂ ਦਿੱਲੀ** : ਈਰਾਨ ਵਿੱਚ ਲਗਾਤਾਰ ਵਿਗੜ ਰਹੇ ਹਾਲਾਤ ਅਤੇ ਵਧਦੇ ਤਣਾਅ ਦੇ ਮੱਦੇਨਜ਼ਰ ਭਾਰਤੀ ਏਅਰਲਾਈਨ ਇੰਡੀਗੋ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਬਿਲਿਸੀ, ਅਲਮਾਟੀ, ਬਾਕੂ ਅਤੇ ਤਾਸ਼ਕੰਦ ਜਾਣ ਵਾਲੀਆਂ ਆਪਣੀਆਂ ਸਾਰੀਆਂ ਉਡਾਣਾਂ ਨੂੰ 28 ਫਰਵਰੀ ਤੱਕ ਰੱਦ ਕਰਨ ਦਾ ਫੈਸਲਾ ਕੀਤਾ ਹੈ। ਪ੍ਰਭਾਵਤ ਯਾਤਰੀਆਂ ਨੂੰ ਪੂਰਾ ਰਿਫੰਡ ਲੈਣ ਜਾਂ ਬਦਲਵੀਂ ਯਾਤਰਾ ਚੁਣਨ ਦੀ ਸਹੂਲਤ ਦਿੱਤੀ ਗਈ ਹੈ।

## ਤਿੰਨ ਮਹੀਨਿਆਂ 'ਚ ਜਾਰੀ ਕਰ ਦੇਵਾਂਗੇ ਸਿਹਤ ਯੋਜਨਾ ਕਾਰਡ : ਅਮਨ ਅਰੋੜਾ

**ਸੁਨਾਮ/ਸ਼ੇਰੋਂ (ਅਸ਼ੋਕ ਬਾਂਸਲ, ਹਾਕਮ ਭੱਟੀ)**

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਮੁਫ਼ਤ ਸਿਹਤ ਸੰਭਾਲ ਦੇ ਆਪਣੇ ਵਾਅਦੇ ਨੂੰ ਪੂਰਾ ਕਰਦਿਆਂ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਸਿਹਤ ਯੋਜਨਾ' ਦਾ ਲਾਭ ਹਰੇਕ ਪਰਵਾਰ ਨੂੰ ਯਕੀਨੀ ਬਣਾਉਣ ਲਈ ਤਿੰਨ ਮਹੀਨੇ ਵਿੱਚ ਸੂਬੇ ਦੇ ਤਿੰਨ ਕਰੋੜ ਲਾਭਪਾਤਰੀਆਂ ਨੂੰ ਸਿਹਤ ਯੋਜਨਾ ਕਾਰਡ ਜਾਰੀ ਕੀਤੇ ਜਾਣਗੇ। ਇਸ ਟੀਚੇ ਨੂੰ ਪੂਰਾ ਕਰਨ ਲਈ ਪਿੰਡ-ਪਿੰਡ ਕੈਂਪ ਲਗਾਉਣੇ ਸ਼ੁਰੂ ਕਰ ਦਿੱਤੇ ਗਏ ਹਨ। ਵਿਧਾਨ ਸਭਾ ਹਲਕਾ ਸੁਨਾਮ/ਊਧਮ ਸਿੰਘ ਵਾਲਾ ਦੇ ਪਿੰਡ ਸ਼ੇਰੋਂ ਵਿਖੇ ਕੈਂਪ ਦੌਰਾਨ ਹਾਜ਼ਰੀ ਲਗਾਉਂਦਿਆਂ



ਅਮਨ ਅਰੋੜਾ ਨੇ ਕਿਹਾ ਕਿ ਇਸ ਯੋਜਨਾ ਦੇ ਸ਼ੁਰੂ ਹੋਣ ਨਾਲ ਸੂਬੇ ਦੇ ਹਰ ਪਰਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਇਸ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁੰਨ ਬਦਲਾਅ ਹੈ।

ਉਹਨਾ ਕਿਹਾ ਕਿ ਜਿਵੇਂ ਹੀ ਮਰੀਜ਼ ਹਸਪਤਾਲ ਵਿੱਚ ਦਾਖਲ ਹੁੰਦਾ ਹੈ,

• ਬਾਕੀ ਸਫਾ 2 'ਤੇ

## ਅੱਜ-ਨਾਮਾ

ਸੰਧੀ ਭਾਰਤ-ਅਮਰੀਕਾ ਦੀ ਹੋਈ ਆਖਰ,
ਮੁੱਕਿਆ ਏ ਚਿਰਾਂ ਦਾ ਕੱਲ੍ਹ ਕਲੇਸ਼ ਬੇਲੀ।
ਅੰਦਰ-ਖਾਤੇ ਦੀਆਂ ਗੱਲਾਂ ਤੇ ਪਤਾ ਨਾਹੀਂ,
ਵਰਕਾ ਸਮਝੌਤੇ ਦਾ ਕੀਤਾ ਈ ਪੇਸ਼ ਬੇਲੀ।
ਸੁਣਿਆ ਟਰੰਪ ਤੋਂ ਮਿਲੀ ਆ ਖੁੱਲ੍ਹ ਜਿੰਨੀ,
ਹੋ ਜਾਊਗਾ ਲੋੜ ਦਾ ਪੂਰਨ ਉਦੇਸ਼ ਬੇਲੀ।
ਚੜ੍ਹ ਗਈ ਸਿਰੇ ਆ ਗੱਲ ਤਾਂ ਇੱਕ ਵਾਰੀ,
ਪਰ ਏਦਾਂ ਰਹਿੰਦੀ ਨਾ ਹੁੰਦੀ ਹਮੇਸ਼ ਬੇਲੀ।
ਹਰ ਇੱਕ ਪੱਖੋਂ ਸੰਤੁਲਨ ਦੀ ਲੋੜ ਰਹਿਸੀ,
ਥੋੜ੍ਹੀ ਜਿਹੀ ਝੋਲ ਵੀ ਕੰਮ ਵਿਗਾੜ ਸਕਦੀ।
ਖਤਰਾ ਸਮਝੀਦਾ ਸਿਰਫ ਨਹੀਂ ਭਾਂਬੜਾਂ ਦਾ,
ਚਿੰਗਾੜੀ ਇੱਕ ਵੀ ਝੁੱਗਾ ਈ ਸਾੜ ਸਕਦੀ।

-ਤੀਸ ਮਾਰ ਖਾਂ

## ਮਰਹੂਮ ਸੀ ਪੀ ਆਈ ਆਗੂਆਂ ਦੇ ਪਰਵਾਰ ਸਨਮਾਨਤ

### 12 ਦੀ ਹੜਤਾਲ ਨੂੰ ਸਫਲ ਕਰਨ ਲਈ ਪੂਰਾ ਜ਼ੋਰ ਲਾ ਦਿਓ : ਦੇਵੀ ਕੁਮਾਰੀ ਸਰਹਾਲੀ ਕਲਾਂ

**ਬੰਗਾ (ਅਵਤਾਰ ਕਲੇਰ)**

ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਭਵਨ ਸੀ ਪੀ ਆਈ ਦਫ਼ਤਰ ਨਵਾਂ ਸ਼ਹਿਰ ਵਿਖੇ ਮਰਹੂਮ ਸੀ ਪੀ ਆਈ ਆਗੂਆਂ ਦੇ ਪਰਵਾਰਾਂ ਨੂੰ ਪਾਰਟੀ ਜ਼ਿਲ੍ਹਾ ਕੌਂਸਲ ਵੱਲੋਂ ਸਨਮਾਨਤ ਕੀਤਾ ਗਿਆ।ਸੂਬਾ ਪਾਰਟੀ ਵੱਲੋਂ ਦੇਵੀ ਕੁਮਾਰੀ ਸਰਹਾਲੀ ਕਲਾਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਦੇ ਬੇਟੇ ਅਮਰਜੀਤ ਮੇਹਲੀ, ਮਰਹੂਮ ਸੁਤੰਤਰ ਕੁਮਾਰ ਦੀ ਧਰਮ ਪਤਨੀ ਬੀਬੀ ਸਰੋਜ ਬਾਲਾ, ਮਰਹੂਮ ਮੁਕੰਦ ਲਾਲ ਦੀ ਧਰਮ ਪਤਨੀ ਬੀਬੀ ਜਸਵੀਰ ਕੌਰ, ਮਰਹੂਮ ਰਾਮ ਲਾਲ ਚੱਕ ਗੁਰੂ ਦੀ ਧਰਮ ਪਤਨੀ ਬੀਬੀ ਅਮਰਜੀਤ ਕੌਰ, ਮਰਹੂਮ ਲੈਂਬਰ ਸਿੰਘ ਬੀਕਾ ਦੇ ਬੇਟੇ ਦੇਸ ਰਾਜ ਬੀਕਾ ਨੂੰ ਸਨਮਾਨਤ ਕੀਤਾ ਗਿਆ। ਜ਼ਿਲ੍ਹਾ ਪਾਰਟੀ ਆਗੂਆਂ ਨੇ ਦੱਸਿਆ ਕਿ ਮਰਹੂਮ ਬਲਰਾਮ ਸਿੰਘ ਮੱਲਪੁਰ ਅਤੇ ਮਰਹੂਮ ਕਪੂਰ ਸਿੰਘ ਜਾਡਲੀ ਦੇ ਪਰਵਾਰਾਂ ਨੂੰ ਘਰ ਜਾ ਕੇ ਸਨਮਾਨਤ ਕੀਤਾ ਜਾਵੇਗਾ। ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕਿਹਾ ਕਿ ਪਾਰਟੀ ਇੱਕ ਪਰਵਾਰ ਦੀ ਤਰ੍ਹਾਂ ਹੁੰਦੀ ਹੈ। ਪਾਰਟੀ ਦੇ ਮਰਹੂਮ ਆਗੂਆਂ ਦੇ ਪਰਵਾਰਾਂ ਨੂੰ ਅਤੇ ਬਜ਼ੁਰਗ ਆਗੂਆਂ ਨੂੰ ਸਨਮਾਨਤ ਕਰਨਾ ਚੰਗੀ ਗੱਲ ਹੈ। ਉਨ੍ਹਾ ਕਿਹਾ ਕਿ 12 ਫ਼ਰਵਰੀ ਦੀ ਹੜਤਾਲ ਨੂੰ ਸਫ਼ਲ ਬਣਾਉਣ ਲਈ ਸਾਰੀਆਂ ਜਥੇਬੰਦੀਆਂ ਨੂੰ ਪੂਰਾ ਤਾਣ ਲਾ ਦੇਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਤੇ ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੂੰ ਖੁਸ਼ ਕਰਨ ਲਈ ਮਜ਼ਦੂਰਾਂ ਤੋਂ ਯੂਨੀਅਨ ਬਣਾਉਣ ਤੇ



ਸੰਘਰਸ਼ ਕਰਨ ਵਰਗੇ ਜਮਹੂਰੀ ਹੱਕ ਖੋਹਣ ਲਈ ਕੇਂਦਰ ਸਰਕਾਰ ਮਜ਼ਦੂਰ ਪੱਖੀ 29 ਲੇਬਰ ਕਾਨੂੰਨਾਂ ਨੂੰ ਖ਼ਤਮ ਕਰਕੇ 4 ਲੇਬਰ ਕੋਡ ਲੈ ਕੇ ਆਈ ਹੈ।ਕੇਂਦਰ ਸਰਕਾਰ ਨੇ ਇਹਨਾਂ ਚਾਰ ਲੇਬਰ ਕੋਡਾਂ ਨੂੰ 1 ਅਪ੍ਰੈਲ ਤੋਂ ਲਾਗੂ ਕਰਨ ਦਾ ਐਲਾਨ ਕੀਤਾ ਹੈ।ਉਨ੍ਹਾ ਕਿਹਾ ਕਿ ਇਹ ਕੋਡ ਲਾਗੂ ਹੋਣ ਨਾਲ ਮਜ਼ਦੂਰਾਂ ਕੋਲ ਆਪਣੇ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਅਤੇ ਪ੍ਰਾਪਤ ਕਰਨ ਲਈ ਯੂਨੀਅਨ ਬਣਾਉਣ ਅਤੇ ਸੰਘਰਸ਼ ਕਰਨ ਦਾ ਜਮਹੂਰੀ ਅਧਿਕਾਰ ਖ਼ਤਮ ਹੋ ਜਾਵੇਗਾ। ਪੱਕੀ ਨੌਕਰੀ ਦੀ ਥਾਂ ਫਿਕਸਡ ਟਰਮ ਇੰਪਲਾਇਮੈਂਟ ਲਾਗੂ ਹੋਵੇਗਾ, ਨੌਕਰੀ ਦੀ ਸੁਰੱਖਿਆ ਖ਼ਤਮ ਹੋ ਜਾਵੇਗੀ। ਮਜ਼ਦੂਰਾਂ ਉਪਰ ਸ਼ਰਤਾਂ ਮੜ੍ਹ ਕੇ ਕਈ ਕਰਮਚਾਰੀਆਂ ਨੂੰ ਮਜ਼ਦੂਰ ਮੰਨਣ ਤੋਂ ਇਨਕਾਰ ਕਰ ਦਿੱਤਾ ਜਾਵੇਗਾ। ਕੰਮ ਦਾ ਮਿਹਨਤਾਨਾ

• ਬਾਕੀ ਸਫਾ 2 'ਤੇ

## ਜੀ ਐੱਸ ਟੀ ਵਸੂਲਣ 'ਚ ਪੰਜਾਬ ਸਭ ਤੋਂ ਅੱਗੇ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਭਾਰਤ ਸਰਕਾਰ ਵੱਲੋਂ ਜੀ ਐੱਸ ਟੀ 2.0 ਦਰ ਨੂੰ ਤਰਕਸੰਗਤ ਬਣਾਉਣ ਕਾਰਨ ਮਾਲੀਆ ਸੰਬੰਧੀ ਪੈਦਾ ਹੋਈਆਂ ਚੁਣੌਤੀਆਂ ਦੇ ਬਾਵਜੂਦ ਪੰਜਾਬ ਵੱਲੋਂ ਜਨਵਰੀ 2026 ਦੌਰਾਨ ਜੀ ਐੱਸ ਟੀ ਜੁਟਾਉਣ ਵਿੱਚ ਅਹਿਮ ਵਾਧਾ ਦਰਜ ਕੀਤਾ ਹੈ, ਜੋ ਬਿਹਤਰ ਪਾਲਣਾ, ਕੇਂਦਰਤ ਲਾਗੂ ਕਰਨ ਅਤੇ ਨਿਰੰਤਰ ਆਰਥਕ ਗਤੀਵਿਧੀਆਂ ਨੂੰ ਦਰਸਾਉਂਦਾ ਹੈ।

ਵਿੱਤ, ਆਬਕਾਰੀ ਅਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਜਨਵਰੀ ਦੌਰਾਨ ਸੂਬੇ ਵਿੱਚ ਕੁੱਲ 2452.66 ਕਰੋੜ ਰੁਪਏ ਜੀ ਐੱਸ ਟੀ ਵਸੂਲਿਆ ਗਿਆ ਹੈ, ਜਦੋਂ ਕਿ ਸ਼ੁੱਧ ਜੀ ਐੱਸ ਟੀ ਵਸੂਲਣ ਦੇ ਸਬੰਧ ਵਿੱਚ ਜਨਵਰੀ 2025 ਦੇ ਮੁਕਾਬਲੇ 15.7 ਫ਼ੀਸਦ ਦੀ ਦਰ ਨਾਲ ਸਾਲ-ਦਰ-ਸਾਲ 315 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ ਗਿਆ ਹੈ।

ਚੀਮਾ ਨੇ ਕਿਹਾ ਕਿ ਇਹ ਪ੍ਰਾਪਤੀ ਕਾਫੀ ਅਹਿਮ ਹੈ, ਕਿਉਂਕਿ ਜੀ ਐੱਸ ਟੀ 2.0 ਦਰ ਵਿੱਚ ਕਟੌਤੀ ਕਾਰਨ ਪੰਜਾਬ ਨੂੰ ਹਰ ਮਹੀਨੇ ਲਗਭਗ 250 ਕਰੋੜ ਰੁਪਏ ਦੇ ਮਾਲੀਆ ਨੁਕਸਾਨ ਦਾ ਸਾਹਮਣਾ ਕਰਨਾ ਪਿਆ, ਜਿਸ ਨਾਲ ਧਾਗਾ, ਟੈਕਸਟਾਈਲ, ਹੌਜ਼ਰੀ, ਫਾਰਮਾਸਿਊਟੀਕਲ, ਬੀਮਾ, ਟਾਇਰ ਅਤੇ ਸੀਮਿੰਟ ਵਰਗੇ ਮੁੱਖ ਖੇਤਰ ਪ੍ਰਭਾਵਤ ਹੋਏ। ਇਸ ਨੁਕਸਾਨ ਦੇ ਬਾਵਜੂਦ ਸੂਬੇ ਨੇ ਨਾ ਸਿਰਫ ਮਾਲੀਏ 'ਤੇ ਪਏ ਪ੍ਰਭਾਵ ਦੀ ਭਰਪਾਈ ਕੀਤੀ, ਬਲਕਿ ਨਿਰੰਤਰ ਪ੍ਰਬੰਧਕੀ ਅਤੇ ਲਾਗੂ ਕਰਨ ਯਤਨਾਂ ਰਾਹੀਂ ਰਾਸ਼ਟਰੀ ਰੁਝਾਨ ਤੋਂ ਵੀ

• ਬਾਕੀ ਸਫਾ 2 'ਤੇ

## ਪ੍ਰੋਫੈਸਰ ਬਲਕਾਰ ਸਿੰਘ ਨੇ ਨੈਸ਼ਨਲ ਪੱਧਰ 'ਤੇ 3 ਸੋਨ ਤਗਮੇ ਜਿੱਤੇ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਪਬਲਿਕ ਕਾਲਜ, ਸਮਾਣਾ ਦੇ ਪੰਜਾਬੀ ਵਿਭਾਗ ਵਿਖੇ ਸੇਵਾ ਨਿਭਾ ਰਹੇ ਪ੍ਰੋਫੈਸਰ ਬਲਕਾਰ ਸਿੰਘ ਨੇ ਨੈਸ਼ਨਲ ਪੱਧਰ 'ਤੇ ਤਿੰਨ ਵੱਖ-ਵੱਖ ਟਰੈਕ ਈਵੈਂਟਸ ਵਿੱਚ ਭਾਗ ਲੈਂਦਿਆਂ ਤਿੰਨ ਸੋਨ ਤਗਮੇ ਜਿੱਤੇ ਹਨ। ਉਨ੍ਹਾਂ ਨੇ 400 ਮੀਟਰ, 800 ਮੀਟਰ ਅਤੇ 4/100 ਮੀਟਰ ਰਿਲੇ ਦੌੜਾਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਨੇ ਇਹ ਤਗਮੇ ਅਜਮੇਰ (ਰਾਜਸਥਾਨ) ਵਿਖੇ ਸੱਤਵੀਂ ਨੈਸ਼ਨਲ ਅਥਲੈਟਿਕ ਚੈਂਪੀਅਨਸ਼ਿਪ ਵਿੱਚ ਜਿੱਤੇ ਹਨ। ਪ੍ਰੋਫੈਸਰ ਬਲਕਾਰ ਸਿੰਘ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਅਤੇ ਸਮੂਹ ਸਟਾਫ ਨੇ ਉਨ੍ਹਾ ਨੂੰ ਵਧਾਈ ਦਿੱਤੀ।

## ਗੁਰੂ ਰਵਿਦਾਸ ਦੀ ਬਾਣੀ ਸਮਾਜਿਕ ਬਰਾਬਰੀ ਦਾ ਮਾਰਗ ਦਿਖਾਉਂਦੀ ਹੈ : ਸਰਪੰਚ ਕਿਲਾ ਹਕੀਮਾਂ



**ਸੰਗਾਲਾ (ਰਣਜੀਤ ਸਿੰਘ ਪੇਧਨੀ )**-ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਪਾਵਨ ਮੌਕੇ ਪਿੰਡ ਫਰਵਾਹੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਜਿਸ ਵਿੱਚ ਧੂਰੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਸਰਨਜੀਤ ਕੌਰ ਦੇ ਸਪੁੱਤਰ ਸਰਪੰਚ ਅਮਰੀਕ ਸਿੰਘ ਕਿਲਾ ਹਕੀਮਾਂ ਵੱਲੋਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਗਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਫਰਵਾਹੀ ਦੇ ਸ੍ਰੀ ਗੁਰੂ ਰਵਿਦਾਸ ਕਲੱਬ ਨੂੰ ਭਾਂਡਿਆਂ ਦੀ ਵੈਲ ਭੇਟ ਕੀਤੀ ਗਈ। ਇਸ ਮੌਕੇ ਸਰਪੰਚ ਕਿਲਾ ਹਕੀਮਾਂ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਮਨੁੱਖ ਨੂੰ ਸੱਚਾਈ ਅਤੇ ਸਮਾਨਤਾ ਦੇ ਮਾਰਗ 'ਤੇ ਤੁਰਨ ਲਈ ਪ੍ਰੇਰਿਤ ਕਰਦੀ ਹੈ ਅਤੇ ਇਹ ਸਿੱਖਿਆਵਾਂ ਅੱਜ ਦੇ ਸਮਾਜ ਲਈ ਮਾਰਗ ਦਰਸ਼ਕ ਹਨ।ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਆਪਣੇ ਉਪਦੇਸ਼ਾਂ ਰਾਹੀਂ ਜਾਤ-ਪਾਤ, ਭੇਦਭਾਵ ਅਤੇ ਉੱਚ-ਨੀਚ ਦੀ ਸੋਚ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਸੇਵਾ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਕੇ ਸਮਾਜ ਵਿੱਚ ਏਕਤਾ, ਸਦਭਾਵਨਾ ਅਤੇ ਸੇਵਾ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਇਸ ਮੌਕੇ ਉਹਨਾਂ ਦੇ ਨਾਲ ਬਲਾਕ ਸੰਮਤੀ ਮੈਂਬਰ ਗੁਰਜੀਤ ਸਿੰਘ ਕਿਲਾ ਹਕੀਮਾਂ ਹਾਜ਼ਰ ਸਨ।

## ਪਿੰਡ ਹਰਦਾਸਪੁਰਾ 'ਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਾਗਰੂਕਤਾ ਰੈਲੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਸਰਕਾਰ ਦੀ ਅਗਵਾਈ ਹੇਠ ਪੰਜਾਬ ਪੁਲਸ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹਰ ਪਾਸਿਓਂ ਭਰਵਾਂ ਸਹਿਯੋਗ ਮਿਲ ਰਿਹਾ ਹੈ।ਇਹ ਜਾਣਕਾਰੀ ਪੁਲਸ ਥਾਣਾ ਦੇ ਮੁੱਖ ਅਫ਼ਸਰ ਸਰਬਜੀਤ ਸਿੰਘ ਨੇ ਪਿੰਡ ਹਰਦਾਸਪੁਰਾ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਦੌਰਾਨ ਦਿੱਤੀ।ਉਨ੍ਹਾਂ ਦੱਸਿਆ ਕਿ ਡੀ.ਐਸ.ਪੀ ਜਸਪਾਲ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਪਿੰਡਾਂ ਦੇ ਲੋਕਾਂ ਨਾਲ ਲਗਾਤਾਰ ਸੰਵਾਦ ਕੀਤਾ ਜਾ ਰਿਹਾ ਹੈ।ਪਿੰਡ ਪੱਧਰ 'ਤੇ ਬਣੀਆਂ ਕਮੇਟੀਆਂ ਦੇ ਸਹਿਯੋਗ ਨਾਲ ਨਸ਼ਾ ਵਿਰੋਧੀ ਜਾਗਰੂਕਤਾ ਰੈਲੀਆਂ, ਨੁੱਕੜ ਮੀਟਿੰਗਾਂ ਤੇ ਲੋਕ ਜਾਗਰੂਕਤਾ ਅਭਿਆਨ ਚਲਾਏ ਜਾ ਰਹੇ ਹਨ।ਐਸ.ਐਚ.ਓ ਰੰਗੀਆਂ ਨੇ ਕਿਹਾ ਕਿ ਜੇਕਰ ਕੋਈ ਨੌਜਵਾਨ ਨਸ਼ਾ ਛੱਡਣਾ ਚਾਹੁੰਦਾ ਹੈ।ਉਸ ਨੂੰ ਪੁਲਿਸ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ, ਤਾਂ ਜੁ ਉਹ ਮੁੱਖ ਧਾਰਾ 'ਚ ਸ਼ਾਮਲ ਹੋ ਕੇ ਇੱਕ ਨਵੇਂ ਜੀਵਨ ਦੀ ਸ਼ੁਰੂਆਤ ਕਰ ਸਕੇ।ਉਨ੍ਹਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਖ਼ਿਲਾਫ਼ ਚੱਲ ਰਹੀ ਇਸ ਮੁਹਿੰਮ 'ਚ ਪੰਜਾਬ ਪੁਲਿਸ ਦਾ ਪੂਰਾ ਸਹਿਯੋਗ ਕਰਨ ਅਤੇ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਬਿਨਾਂ ਡਰ ਭੈਅ ਸਾਂਝੀ ਕਰਨ।

## ਨਾਇਬ ਸਿੰਘ ਸੈਣੀ ਦੀ ਪਿੰਡ ਪੰਜੋਲਾ ਰੈਲੀ 'ਚ ਹਜ਼ਾਰਾਂ ਲੋਕ ਹੋਣਗੇ ਸ਼ਾਮਲ : ਸੱਤਪਾਲ ਪੂਨੀਆਂ



**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਿੰਡ ਪੰਜੋਲਾ ਦੀ ਦਾਣਾ ਮੰਡੀ ਵਿਖੇ ਭਾਜਪਾ ਦੀ 6 ਫਰਵਰੀ ਨੂੰ ਹੋਣ ਵਾਲੀ ਵਿਸ਼ਾਲ ਰੈਲੀ ਦਾ ਜਾਇਜ਼ਾ ਲੈਣ ਲਈ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਸਲਾਹਕਾਰ ਅਸ਼ੋਕ ਗੁੱਜਰ ਡਾਂਡ ਤੇ ਵਿਧਾਨ ਸਭਾ ਹਲਕਾ ਸਨੌਰ ਤੋਂ ਭਜਪਾ ਦੀ ਟਿਕਟ ਦੇ ਮਜ਼ਬੂਤ ਦਾਅਵੇਦਾਰ ਸਤਪਾਲ ਸਿੰਘ ਪੂਨੀਆਂ ਵੱਲੋਂ ਰੈਲੀ ਸਥਾਨ ਦਾ ਦੌਰਾ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ।ਅਸ਼ੋਕ ਗੁੱਜਰ ਡਾਂਡ ਤੇ ਬੀ ਜੇ ਪੀ ਦੇ ਲਾਗੂ ਸਤਪਾਲ ਸਿੰਘ ਪੂਨੀਆਂ ਨੇ ਦੱਸਿਆ ਕਿ ਇਸ ਰੈਲੀ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਮੇਤ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਸੰਬੋਧਨ ਕਰੇਗੀ। ਉਨ੍ਹਾਂ ਕਿਹਾ ਕਿ ਇਸ ਰੈਲੀ 'ਚ ਪਟਿਆਲਾ ਜ਼ਿਲ੍ਹੇ ਤੇ ਖ਼ਾਸ ਕਰਕੇ ਸਨੌਰ ਵਿਧਾਨ ਸਭਾ ਹਲਕੇ ਤੋਂ ਹਜ਼ਾਰਾਂ ਲੋਕ ਸ਼ਾਮਲ ਹੋਣਗੇ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਵੀ ਹੁਣ ਭਾਜਪਾ ਦੀ ਸਰਕਾਰ ਚਾਹੁੰਦੇ ਹਨ।ਇਸ ਲਈ ਭਾਜਪਾ ਝੰਡੇ ਹੇਠ ਲਾਮਬੰਦ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਰੈਲੀ 'ਚ ਹਜ਼ਾਰਾਂ ਦੀ ਗਿਣਤੀ 'ਚ ਲੋਕ ਪਹੁੰਚਣਗੇ।ਇਸ ਰੈਲੀ 'ਚ ਸਾਰੇ ਵਰਗਾਂ ਤੋਂ ਲੋਕ ਪਹੁੰਚ ਰਹੇ ਹਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਤੇ ਪੰਜਾਬ ਭਾਜਪਾ ਦੀ ਸਮੁੱਚੀ ਲੀਡਰਸ਼ਿਪ ਦੇ ਵਿਚਾਰ ਸੁਣਨਗੇ।ਉਨ੍ਹਾਂ ਦੱਸਿਆ ਕਿ ਰੈਲੀ ਦੀਆਂ ਸਮੁੱਚੀਆਂ ਤਿਆਰੀਆਂ ਹੋ ਚੁੱਕੀਆਂ ਹਨ ਤੇ ਰੈਲੀ ਵਿੱਚ ਵਿਸ਼ੇਸ਼ ਤੌਰ 'ਤੇ ਨੌਜਵਾਨਾਂ 'ਚ ਰੈਲੀ ਵਿੱਚ ਪਹੁੰਚਣ ਲਈ ਵਿਸ਼ੇਸ਼ ਉਤਸ਼ਾਹ ਹੈ।ਅਸ਼ੋਕ ਗੁੱਜਰ ਡਾਂਡ ਨੇ ਕਿਹਾ ਕਿ ਪੰਜਾਬ ਨੂੰ ਇਸ ਸਮੇਂ ਡਬਲ ਇੰਜਣ ਸਰਕਾਰ ਦੀ ਜ਼ਰੂਰਤ ਹੈ ਤੇ ਇਹ ਭਾਜਪਾ ਦੀ ਸਰਕਾਰ ਬਣਨ ਨਾਲ ਹੀ ਪੂਰੀ ਹੋ ਸਕਦੀ ਹੈ।ਉਨ੍ਹਾਂ ਕਿਹਾ ਕਿ ਭਾਜਪਾ ਹੀ ਪੰਜਾਬ ਨੂੰ ਮੌਜੂਦਾ ਸਥਿਤੀ 'ਚੋਂ ਬਾਹਰ ਕੱਢ ਸਕਦੀ ਹੈ, ਕਿਉਂਕਿ ਪੰਜਾਬ ਅੱਜ ਹਰ ਖੇਤਰ 'ਚ ਪੱਛੜ ਚੁੱਕਿਆ ਹੈ।

## ਰਾਮਗੜ੍ਹੀਆ ਭਾਈਚਾਰੇ ਵੱਲੋਂ ਵਧੀਕ ਸੈਸ਼ਨ ਜੱਜ ਜਗਜੀਤ ਸਿੰਘ ਕਲਸੀ ਦਾ ਵਿਸ਼ੇਸ਼ ਸਨਮਾਨ



**ਧੂਰੀ (ਮਹਿੰਦਰ ਗਰਗ, ਮਹੇਸ਼ ਸੱਗੂ, ਬਿੰਨੀ ਗਰਗ)**-ਭਗਵਾਨ ਵਿਸ਼ਵਕਰਮਾ ਮੰਦਰ ਵਿਖੇ ਮੂਰਤੀ ਸਥਾਪਨਾ ਸਮਾਰੋਹ ਦੌਰਾਨ ਰਾਮਗੜ੍ਹੀਆ ਭਾਈਚਾਰੇ ਵੱਲੋਂ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਇਲਾਕੇ ਦੇ ਰਾਮਗੜ੍ਹੀਆ ਪਰਿਵਾਰਾਂ ਨੇ ਬਹੁਤ ਹੀ ਉਤਸ਼ਾਹ ਨਾਲ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ ਤੇ ਧਾਰਮਿਕ ਰੀਤੀ-ਰਿਵਾਜਾਂ ਵਿੱਚ ਹਿੱਸਾ ਲਿਆ।ਸਮਾਗਮ ਦੌਰਾਨ ਪ੍ਰਬੰਧਕੀ ਕਮੇਟੀ ਵੱਲੋਂ ਨਵ-ਨਿਯੁਕਤ ਵਧੀਕ ਸੈਸ਼ਨ ਜੱਜ ਜਗਜੀਤ ਸਿੰਘ ਕਲਸੀ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਦੌਰਾਨ ਜੱਜ ਕਲਸੀ ਨੇ ਸਿੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਮੌਜੂਦਾ ਦੌਰ ਵਿਚ ਸਾਨੂੰ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ ਤਾਂ ਜੁ ਉਹ ਸਮਾਜ ਨੂੰ ਇੱਕ ਬਿਹਤਰ ਤੇ ਸਾਰਥਕ ਦਿਸ਼ਾ ਪ੍ਰਦਾਨ ਕਰ ਸਕਣ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਭਵਿੱਖ ਵਿੱਚ ਵੀ ਬੱਚਿਆਂ ਦੀ ਪੜ੍ਹਾਈ ਅਤੇ ਉਨ੍ਹਾਂ ਦੇ ਸਫ਼ਲ ਭਵਿੱਖ ਲਈ ਹਮੇਸ਼ਾ ਮਾਰਗਦਰਸ਼ਕ ਬਣੇ ਰਹਿਣਗੇ।ਇਸ ਮੌਕੇ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ, ਰਾਜਵਿੰਦਰ ਸਿੰਘ ਗੋਲਡੀ ਵਿਜੇ ਗੋਇਲ ਤੇ ਪ੍ਰੋਗਰਾਮ ਦਾਸ ਗਰਗ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਪ੍ਰਬੰਧਕੀ ਟੀਮ 'ਚੋਂ ਚੇਅਰਮੈਨ ਛੱਜੂ ਸਿੰਘ ਬਿਰਦੀ ਤੇ ਪ੍ਰਧਾਨ ਕੁਲਵੀਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ।



ਡਿਊਟੀ ਦੌਰਾਨ ਵਧੀਆ ਸੇਵਾਵਾਂ ਬਦਲੇ ਬਾਘਾ ਪੁਰਾਣਾ ਪੀ ਸੀ ਆਰ ਇੰਚਾਰਜ ਏ ਐੱਸ ਆਈ ਬਲਵੀਰ ਸਿੰਘ ਨੂੰ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐੱਸ ਡੀ ਐੱਮ ਸਾਰੰਗਪ੍ਰੀਤ ਸਿੰਘ ਔਜਲਾ, ਡੀ ਐੱਸ ਪੀ ਦਲਵੀਰ ਸਿੰਘ ਸਿੱਧੂ, ਪ੍ਰਧਾਨ ਸੋਨੀਆ ਗੁਪਤਾ, ਚੇਅਰਮੈਨ ਮਨਦੀਪ ਸਿੰਘ ਮਾਨ ਕੋਟਲਾ, ਉੱਪ ਪ੍ਰਧਾਨ ਰਣਜੀਤ ਸਿੰਘ ਟੀਟੂ, ਸੀਨੀਅਰ ਆਪ ਆਗੂ ਪਵਨ ਗੁਪਤਾ ਅਤੇ ਕੌਂਸਲਰ ਗੁਰਪ੍ਰੀਤ ਮਨਚੰਦਾ ਨੇ ਸਨਮਾਨਿਤ ਕੀਤਾ। (ਫੋਟੋ ਤੇ ਵੇਰਵਾ : ਮਨੀ ਸਿੰਗਲਾ, ਬਾਘਾ ਪੁਰਾਣਾ)

# ਮੋਦੀ ਸਰਕਾਰ ਨੇ ਕਰੋੜਾਂ ਨਰੇਗਾ ਕਾਮਿਆਂ ਨੂੰ ਭੁੱਖੇ ਮਰਨ ਲਈ ਮਜਬੂਰ ਕੀਤਾ : ਗਦਾਈਆ





**ਨਾਭਾ (ਵਰਿੰਦਰ ਵਰਮਾ)**

ਕੇਂਦਰ ਦੀ ਮੋਦੀ ਹਕੂਮਤ ਜੋ ਆਰ ਐਸ ਐਸ ਦਾ ਰਾਜਨੀਤਕ ਵਿੰਗ ਹੈ, ਜੋ ਆਰ ਐਸ ਐਸ ਦੀ ਵਿਚਾਰਧਾਰਾ ਨੂੰ ਲਾਗੂ ਕਰਦਿਆ ਦੇਸ਼ ਦੇ ਕਰੋੜਾਂ ਗ਼ਰੀਬ ਲੋਕਾਂ ਨੂੰ ਅੱਤ ਦੇ ਕੰਗਾਲ ਤੇ ਗੰਦੀ ਜ਼ਿੰਦਗੀ ਜਿਉਂਦੇ ਦੇਖਣਾ ਚਾਹੁੰਦੀ ਹੈ, ਦੇਸ਼ ਦੇ ਕਰੋੜਾਂ ਪੇਂਡੂ ਕਿਰਤੀਆਂ ਦਾ ਨਰੇਗਾ ਰਾਹੀਂ ਮਿਲੇ 100 ਦਿਨ ਦੇ ਕੰਮ ਨੂੰ ਖੋਹ ਕੇ ਭੁੱਖੇ ਮਾਰਨਾ ਚਾਹੁੰਦੀ ਹੈ।ਇਸ ਦੇ ਖ਼ਿਲਾਫ਼ ਦੇਸ਼ ਦੇ ਕਰੋੜਾਂ ਕਿਰਤੀ ਲੋਕਾਂ ਦਲਿਤਾਂ ਨੂੰ ਉਠ ਖੜੇ ਹੋਣਾ ਪਵੇਗਾ। ਦੇਸ਼ ਦੀਆਂ ਸੜਕਾਂ ਤੇ ਸਾਈਂ ਮੜੀਆਂ ਵਰਗੀ ਖਾਮੋਸ਼ੀ ਨੂੰ ਤੋੜਨਾ ਪਵੇਗਾ, ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਨੇ ਪੰਜਾਬ ਇਸਤਰੀ ਸਭਾ ਵੱਲੋ ਪਿੰਡ ਗਦਾਈਆ ਵਿਖੇ ਨਰੇਗਾ ਦੀ ਪ੍ਰਾਪਤੀ ਕੀਤੀ ਗਈ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ 2005 'ਚ ਯੂ ਪੀ ਏ 1 ਸਰਕਾਰ ਦੇ ਚੱਲਦਿਆ ਇਹ ਕਾਨੂੰਨ ਬਣਿਆ ਸੀ, ਜੋ ਮੰਗ 'ਤੇ ਅਧਾਰਤ ਸੀ।ਦੇਸ਼ ਦੇ ਕਿਸੇ ਵੀ ਕਾਮੇ ਨੂੰ ਕੰਮ ਦੀ ਜ਼ਰੂਰਤ ਵੇਲੇ ਕੰਮ ਮੰਗਿਆਂ ਮਿਲਣ ਦੀ ਗਾਰੰਟੀ ਸੀ ਤੇ ਮਿਲ਼ਣ'ਤੇ 15 ਦਿਨਾਂ ਬਾਅਦ ਬੇਰੁਜ਼ਗਾਰੀ ਭੱਤੇ ਲਈ ਵੀ ਵੀ ਗਾਰੰਟੀ ਕੀਤੀ ਗਈ ਸੀ, ਭਾਵੇਂ ਬੇਈਮਾਨ ਸਰਕਾਰਾਂ ਨੇ ਇਸ ਨੂੰ ਅਮਲ ਵਿੱਚ ਨਹੀਂ ਆਉਣ ਦਿੱਤਾ। ਚੇਤਨ ਕਿਰਤੀ ਇਸ ਤਹਿਤ 100 ਕੰਮ ਪੂਰਾਂ ਵੀ ਕਰ ਲੈਂਦੇ ਸੀ ਤੇ ਆਪਣੇ ਪਰਿਵਾਰਾਂ ਦਾ ਨਿਰਬਾਹ ਕਰ ਲੈਂਦੇ ਸੀ।ਇਸ ਕਾਨੂੰਨ ਵਿੱਚ ਕਿਰਤੀਆਂ ਦੇ ਭਲੇ ਲਈ ਸੈਂਕੜੇ ਕਿਸਮ ਦੀਆਂ ਗੱਲਾਂ ਸਨ, ਜੋ ਕੇਂਦਰ ਦੀ ਮੋਦੀ ਹਕੂਮਤ ਨੂੰ ਗਵਾਰਾਂ ਨਹੀਂ ਸਨ।

ਉਨ੍ਹਾਂ ਕਿਹਾ ਕਿ ਮੋਦੀ ਹਕੂਮਤ ਇਸ ਕਾਨੂੰਨ ਤੇ ਬਹੁਤ ਔਖੀ ਸੀ, ਇਸ ਲਈ ਉਸ ਨੇ ਨਰੇਗਾ ਨੂੰ ਰੱਦ ਕਰਦਿਆਂ ਇਸ ਦੀ ਥਾਂ 'ਤੇ ਵੀ ਬੀ ਰਾਮ ਜੀ ਰਾਮ ਸਕੀਮ ਲਿਆਂਦੀ ਹੈ, ਜਿਸ ਵਿੱਚ ਦੇਸ਼ ਦੇ ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਕੰਮ ਭਾਵੇਂ 125 ਦਿਨ ਕਰਿਆ ਹੈ, ਕਦੇ ਵੀ ਅਮਲ ਵਿੱਚ ਨਹੀਂ ਆ ਸਕਦਾ, ਇਸ ਵਿੱਚ ਅਜਿਹੀਆਂ ਬਹੁਤ ਸਾਰੀਆਂ ਗੱਲਾਂ ਨੇ ਕਿ ਦੇਸ਼ ਕਰੋੜਾਂ ਨੂੰ ਇਸ ਦਾ ਲਾਭ ਨਹੀਂ ਮਿਲੇਗਾ, ਜਿਵੇਂ ਪਹਿਲੇ ਕਾਨੂੰਨ ਨਰੇਗਾ ਸਮੇਂ ਕੇਂਦਰ ਸਰਕਾਰ 90% ਖ਼ਰਚ ਕਰਦੀ ਸੀ ਤੇ 10% ਸੂਬਾ ਸਰਕਾਰ ਨੂੰ ਦੇਣਾਂ ਪੈਂਦਾ ਸੀ, ਪਰ ਜੀ ਰਾਮ ਜੀ ਅਨੁਸਾਰ 60 /40 ਕਰ ਦਿੱਤਾ ਹੈ, ਇਸ ਕਰਕੇ ਇਸ ਤਹਿਤ ਕੰਮ ਘੱਟ ਮਿਲ਼ਣ ਦੀਆਂ ਸੰਭਾਵਨਾਵਾਂ ਬਣਦੀਆਂ ਹਨ।ਇਸ ਲਈ ਪਹਿਲੇ ਵਾਲ਼ੇ ਕਾਨੂੰਨ ਨਰੇਗਾ ਨੂੰ ਬਹਾਲ ਕਰਾਉਣ ਲਈ ਸਾਨੂੰ ਤਿੱਖੇ ਸੰਘਰਸ਼ ਕਰਨ ਦੀ ਲੋੜ ਹੈ, ਇਸ ਸਮੇਂ ਇਸ ਮੀਟਿੰਗ ਨੂੰ ਬਲਜੀਤ ਕੌਰ ਗਦਾਈਆ, ਨਤਾਸ਼ਾ ਮਾਨ, ਰਿੰਪੀ, ਮਹਿੰਦਰ ਕੌਰ, ਅੰਗਰੇਜ਼ ਕੌਰ ਤੇ ਸਰਬਜੀਤ ਕੌਰ ਨੇ ਵੀ ਸੰਬੋਧਨ ਕੀਤਾ।

## ਬਜਟ ਵਿਚ ਕੇਂਦਰ ਨੇ ਪੰਜਾਬ ਨੂੰ ਅਣਗੌਲਿਆ : ਚੇਅਰਮੈਨ ਘੁੱਲੀ

**ਸੰਗਾਲਾ (ਰਣਜੀਤ ਸਿੰਘ ਪੇਧਨੀ)**-ਆਪ ਦੇ ਸੀਨੀਅਰ ਆਗੂ, ਮੁੱਖ ਮੰਤਰੀ ਕੈਂਪਸ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਕਿਹਾ ਹੈ ਕਿ ਇਸ ਬਜਟ ਵਿਚ ਕੇਂਦਰ ਨੇ ਪੰਜਾਬ ਨੂੰ ਬਿਲਕੁਲ ਅਣਗੌਲਿਆ ਹੈ।ਉਨ੍ਹਾਂ ਕਿਹਾ ਕਿ ਕੇਂਦਰੀ ਬਜਟ ਪੰਜਾਬ ਦੀਆਂ ਉਮੀਦਾਂ 'ਤੇ ਖਰਾ ਉਤਰਨ ਵਿਚ ਪੂਰੀ ਤਰ੍ਹਾਂ ਨਾਕਾਮ ਰਿਹਾ ਹੈ। ਬਜਟ ਵਿਚ ਕਿਸਾਨਾਂ ਲਈ ਐੱਮ ਐੱਸ ਪੀ ਦੀ ਕੋਈ ਗਾਰੰਟੀ ਨਹੀਂ, ਨੌਜਵਾਨਾਂ ਲਈ ਰੁਜ਼ਗਾਰ ਦਾ ਕੋਈ ਭਰੋਸਾ ਨਹੀਂ ਅਤੇ ਉਦਯੋਗਾਂ ਜਾਂ ਟੈਕਸ ਪ੍ਰਣਾਲੀ ਵਿਚ ਕੋਈ ਰਾਹਤ ਨਹੀਂ ਦਿੱਤੀ ਗਈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਿੱਥੇ ਕੇਂਦਰ ਸਰਕਾਰ ਪੰਜਾਬ ਨੂੰ ਵਾਰ-ਵਾਰ ਅਣਗੌਲਿਆਂ ਕਰ ਰਹੀ ਹੈ, ਉੱਥੇ ਸੀ ਐੱਮ ਮਾਨ ਦੀ ਅਗਵਾਈ ਵਿਚ ਆਪ ਸਰਕਾਰ ਪੰਜਾਬ ਦੇ ਲੋਕਾਂ ਨਾਲ ਇੱਕਜੁੱਟ ਹੋ ਕੇ ਸੂਬੇ ਨੂੰ ਆਪਣੇ ਦਮ 'ਤੇ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਦ੍ਰਿੜ ਸੰਕਲਪ ਹੈ। ਇਹ ਆਪ ਸਰਕਾਰ ਦੀ ਲੋਕ-ਪੱਖੀ ਸੋਚ ਅਤੇ ਪੰਜਾਬੀਆਂ ਪ੍ਰਤੀ ਵਚਨਬੱਧਤਾ ਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਹਾਲ ਹੀ ਵਿਚ ਸਿਹਤ ਬੀਮਾ ਯੋਜਨਾ ਸ਼ੁਰੂ ਕਰਕੇ ਹਰ ਇਕ ਵਰਗ ਦਾ ਮਨ ਜਿੱਤਿਆ ਹੈ।

# ਸਾਹਿਤਕ ਸੰਵੇਦਨਾਵਾਂ ਨਾਲ ਰੰਗਿਆ ਪੁਸਤਕ ਲੋਕ-ਅਰਪਣ ਸਮਾਗਮ



**ਦੋਰਾਹਾ (ਹਰਮਿੰਦਰ ਸੇਠ)**

ਦੋਰਾਹਾ ਲਿਟਰੇਰੀ ਮੰਚ ਅਤੇ ਆਰਿਫ਼ ਪਬਲੀਕੇਸ਼ਨ ਦੇ ਸਾਂਝੇ ਤੱਤਾਵਧਾਨ ਹੇਠ ਪ੍ਰਸਿੱਧ ਲੇਖਕ ਰਾਮ ਕਮਲ ਮਹਿੰਦਰਾ ਦੀਆਂ ਨਵੀਂਆਂ ਪੁਸਤਕਾਂ ਦੇ ਲੋਕ-ਅਰਪਣ ਲਈ ਇਕ ਵਿਸ਼ੇਸ਼ ਸਾਹਿਤਕ ਸਮਾਗਮ ਰਾਮਗੜ੍ਹੀਆ ਭਵਨ, ਦੋਰਾਹਾ ਵਿਖੇ ਭਾਵਪੂਰਨ ਅਤੇ ਸਾਹਿਤਕ ਮਾਹੌਲ ਵਿੱਚ ਆਯੋਜਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੀ ਧਰਮਪਤਨੀ ਵਿਮਲ ਮਹਿੰਦਰਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੀ। ਸਮਾਗਮ ਸਾਹਿਤ ਪ੍ਰੇਮੀਆਂ ਲਈ ਇੱਕ ਯਾਦਗਾਰ ਅਤੇ ਪ੍ਰੇਰਨਾਦਾਇਕ ਅਨੁਭਵ ਸਾਬਤ ਹੋਇਆ। ਲੇਖਕ ਰਾਮ ਕਮਲ ਮਹਿੰਦਰਾ ਦੀਆਂ ਪੁਸਤਕਾਂ ਮੈਂ ਕੁਝ ਨਵਾਂ ਕਹਿਣਾ ਹੈ , ਜ਼ਿੰਦਗੀ ਦੀ ਧੁੱਪ ਤੇ ਛਾਂ ਅਤੇ ਨਵੀਂ ਮੰਜ਼ਿਲ ਦੀ ਔਰ ਦਾ ਵਿਧੀਵਤ ਲੋਕ-ਅਰਪਣ ਕੀਤਾ ਗਿਆ। ਇਹ ਰਚਨਾਵਾਂ ਜੀਵਨ ਦੇ ਤਜਰਬਿਆਂ, ਸੰਘਰਸ਼ਾਂ, ਆਤਮ-ਚਿੰਤਨ ਅਤੇ ਨਵੀਂ ਸੋਚ ਨੂੰ ਸੰਵੇਦਨਸ਼ੀਲ ਅਤੇ ਗੰਭੀਰ ਢੰਗ ਨਾਲ ਦਰਸਾਉਂਦੀਆਂ ਹਨ।ਮੰਚ ਸੰਚਾਲਨ ਨੈਸ਼ਨਲ ਅਵਾਰਡੀ ਡਾਕਟਰ ਬਲਰਾਮ ਸ਼ਰਮਾ ਵੱਲੋਂ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ। ਮੁੱਖ ਬੁਲਾਰਿਆਂ ਵਿੱਚ ਪ੍ਰੋਫੈਸਰ ਡਾਕਟਰ ਪਰਮਿੰਦਰ ਸਿੰਘ ਬੈਨੀਪਾਲ, ਸਿੱਖਿਆ ਸ਼ਾਸਤਰੀ ਲੋਕ ਨਾਥ ਸ਼ਰਮਾ, ਡਾਕਟਰ ਅਨਿਲ ਮੋਹਿੰਦਰਾ, ਸੁਰਜੀਤ ਸਿੰਘ ਜਵੰਦਾ, ਜਸਕਰਨ ਸਿੰਘ (ਆਰਿਫ਼ ਪਬਲਿਕੇਸ਼ਨ), ਪ੍ਰਿੰਸੀਪਲ ਰਿਪਨਜੋਤ ਕੌਰ ਸੋਨੀ ਬੱਗਾ, ਡਾਕਟਰ ਰਜਿੰਦਰ ਸਿੰਘ, ਵਨੀਤਾ ਸੂਦ ਅਤੇ ਕਰਨਲ ਯਾਦਵਿੰਦਰ ਸੂਦ ਸ਼ਾਮਲ ਰਹੇ। ਬੁਲਾਰਿਆਂ ਨੇ ਲੇਖਕ ਦੀ ਲਿਖਤ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਰਾਮ ਕਮਲ ਮਹਿੰਦਰਾ ਦੀਆਂ ਰਚਨਾਵਾਂ ਵਿੱਚ ਸਮਾਜਿਕ ਸਚਾਈ, ਮਨੁੱਖੀ ਸੰਵੇਦਨਾ ਅਤੇ ਜੀਵਨ ਦਰਸ਼ਨ ਦੀ ਡੂੰਘੀ ਝਲਕ ਸਪਸ਼ਟ ਰੂਪ ਵਿੱਚ ਨਜ਼ਰ ਆਉਂਦੀ ਹੈ।ਸਮਾਗਮ ਵਿੱਚ ਪਹੁੰਚੀਆਂ ਉੱਘੀਆਂ ਸ਼ਖ਼ਸੀਅਤਾਂ ਵਿੱਚ ਬੰਤ ਸਿੰਘ ਦਬੁਰਜੀ, ਐਡਵੋਕੇਟ ਸੁਰਿੰਦਰਪਾਲ ਸਿੰਘ, ਵਿਨੋਦ ਵਰਮਾ, ਐਨ.ਕੇ. ਵਰਮਾ, ਲਾਭ ਸਿੰਘ ਰੌਣੀ, ਗੁਰਨਾਮ ਸਿੰਘ, ਤਾਬਿਸ਼ ਮਹਿੰਦਰਾ, ਕਵਿਤਾ ਸ਼ਰਮਾ, ਵੰਦਨਾ ਸ਼ਰਮਾ, ਵਿਨੈ ਸੂਦ ਸਪਨਦੀਪ ਸੂਦ,ਅਮਰੀਸ਼ ਆਨੰਦ ਚੰਦਰਕਲਾ, ਬਿਪਨ ਸੂਦ, ਡੀ.ਐਸ. ਗੋਸਾਈਂ, ਪ੍ਰਗਤੀ ਸ਼ਰਮਾ, ਕ੍ਰਿਤਿਕਾ ਸ਼ਰਮਾ ਸਮੇਤ ਕਈ ਹੋਰ ਸਾਹਿਤ ਪ੍ਰੇਮੀ ਅਤੇ ਸਮਾਜਿਕ ਹਸਤੀਆਂ ਸ਼ਾਮਲ ਸਨ। ਰਾਮ ਕਮਲ ਮਹਿੰਦਰਾ ਨੇ ਆਪਣੇ ਸੰਬੋਧਨ ਵਿੱਚ ਦੋਰਾਹਾ ਲਿਟਰੇਰੀ ਮੰਚ ਅਤੇ ਆਰਿਫ਼ ਪਬਲਿਕੇਸ਼ਨ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸਾਹਿਤ ਮਨੁੱਖ ਨੂੰ ਆਪਣੇ ਆਪ ਨਾਲ ਜੋੜਨ ਦੇ ਨਾਲ-ਨਾਲ ਸਮਾਜ ਨੂੰ ਵੀ ਸਹੀ ਦਿਸ਼ਾ ਦਿਖਾਉਂਦਾ ਹੈ।

# ਉਤਸ਼ਾਹ ਨਾਲ ਮਨਾਇਆ ਭਾਰਤੀ ਅਖ਼ਬਾਰ ਦਿਵਸ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਵੱਲੋਂ ਭਾਰਤੀ ਅਖ਼ਬਾਰ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਵਿਦਿਆਰਥੀਆਂ ਦੇ ਰੀਲ੍ਹ ਬਣਾਉਣ ਮੁਕਾਬਲੇ ਕਰਾਏ ਗਏ, ਜਿਸ ਵਿੱਚ ਵਿਦਿਆਰਥੀਆਂ ਨੇ ਸਮਾਜ ਵਿੱਚ ਅਖ਼ਬਾਰਾਂ ਦੀ ਉਸਾਰੂ ਅਤੇ ਮਹੱਤਵਪੂਰਨ ਭੂਮਿਕਾ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ ਤੇ ਮੌਜੂਦਾ ਸੂਚਨਾ ਤਕਨਾਲੋਜੀ ਦੇ ਯੁੱਗ ਵਿੱਚ ਬਾਕੀ ਸੰਚਾਰ ਦੇ ਸਾਧਨਾਂ ਦੇ ਮੁਕਾਬਲੇ ਅਖ਼ਬਾਰਾਂ ਦੀ ਨਿਰਪੱਖਤਾ ਅਤੇ ਭਰੋਸੇਯੋਗਤਾ ਨੂੰ ਵੀ ਉਜਾਗਰ ਕੀਤਾ।

ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਪੱਤਰਕਾਰੀ ਵਿਭਾਗ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜੋਕੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਸੂਚਨਾ ਦਾ ਸਹੀ ਪ੍ਰਚਾਰ-ਪ੍ਰਸਾਰ ਕਰਨ, ਪੱਤਰਕਾਰੀ ਦੀਆਂ ਨੈਤਿਕ ਕਦਰਾਂ-ਕੀਮਤਾਂ ਬਣਾਈ ਰੱਖਣ ਤੇ ਵਿਕਾਸ ਦੇ ਮੁੱਖ ਮਸਲਿਆਂ ਨੂੰ ਲੋਕਾਂ ਤੱਕ ਪੁਚਾਉਣ ਵਿੱਚ ਅਖ਼ਬਾਰਾਂ ਦਾ ਬਹੁਤ ਮਹੱਤਵਪੂਰਨ ਯੋਗਦਾਨ ਰਿਹਾ ਹੈ। ਪੱਤਰਕਾਰੀ ਵਿਭਾਗ ਦੇ ਮੁਖੀ ਡਾ. ਹਰਗੁਣਪ੍ਰੀਤ ਸਿੰਘ ਨੇ ਕਿਹਾ ਕਿ ਅਖ਼ਬਾਰਾਂ ਦਾ ਮੁੱਖ ਮੰਤਵ ਬੇਆਵਾਜ਼ ਲੋਕਾਂ ਦੀ ਆਵਾਜ਼ ਬਣਨਾ ਤੇ ਲੋਕਾਂ ਤੱਕ ਸੱਚ ਪੁਚਾਉਣਾ ਹੈ, ਜਿਸ ਲਈ ਮਿਆਰੀ ਪੱਤਰਕਾਰੀ ਨੂੰ ਅਭਿਆਸ ਵਿੱਚ ਅਪਣਾਉਣ ਦੀ ਲੋੜ ਹੈ।

ਮੁਕਾਬਲੇ ਵਿੱਚ ਐੱਮ.ਏ.ਜੇ.ਐੱਮ.ਸੀ. ਭਾਗ ਦੂਜਾ ਦੇ ਸਹਿਬਪ੍ਰੀਤ ਸਿੰਘ, ਅਕਾਂਸ਼ਾ ਕੰਸਲ ਤੇ ਭਵਨੀਤ ਕੌਰ, ਐੱਮ.ਏ.ਜੇ.ਐੱਮ.ਸੀ. ਭਾਗ ਪਹਿਲਾ ਦੀ ਰੱਜੀ ਗੁਪਤਾ, ਬੀ.ਏ.ਜੇ.ਐੱਮ.ਸੀ. ਭਾਗ ਦੂਜਾ ਦੀ ਹਰਨੀਤ ਕੌਰ, ਬੀ.ਏ.ਜੇ.ਐਮ.ਸੀ. ਭਾਗ ਪਹਿਲਾ ਦੇ ਵੈਦੇਹੀ, ਕ੍ਰਿਸ਼ਨਾ, ਦਲਜੀਤ ਸਿੰਘ, ਜਸਲੀਨ ਕੌਰ, ਸਹਿਜਪ੍ਰੀਤ ਕੌਰ ਤੇ ਸੰਤੋਸ਼ ਨੇ ਵਧੀਆ ਪ੍ਰਦਰਸ਼ਨ ਕੀਤਾ।

## ਕਹਾਣੀਕਾਰ ਸੁਖਜੀਤ ਯਾਦਗਾਰੀ ਸਨਮਾਨ ਸਮਾਰੋਹ 14 ਨੂੰ



**ਸਮਰਾਲਾ (ਸੁਰਜੀਤ ਸਿੰਘ)**-ਸਾਹਿਤ ਸਭਾ (ਰਜਿ:) ਸਮਰਾਲਾ ਵਲੋਂ ਮਰਹੂਮ ਕਹਾਣੀਕਾਰ ਸੁਖਜੀਤ ਦੀ ਨਿੱਘੀ ਯਾਦ ਵਿੱਚ ਸਨਮਾਨ ਸਮਾਰੋਹ 14 ਫਰਵਰੀ ਨੂੰ ਸਰਕਾਰੀ ਸਕੂਲ ਵਿੱਚ ਆਯੋਜਿਤ ਕੀਤਾ ਜਾਵੇਗਾ। ਇਹ ਜਾਣਕਾਰੀ ਦਿੰਦੇ ਹੋਏ ਸਭਾ ਦੇ ਪ੍ਰਧਾਨ ਸਿਮਰਜੀਤ ਸਿੰਘ ਕੰਗ, ਸਕੱਤਰ ਦੀਪ ਦਿਲਬਰ ਅਤੇ ਇੰਦਰਜੀਤ ਕੰਗ ਪ੍ਰੈਸ ਸਕੱਤਰ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਕਹਾਣੀਕਾਰ ਸੁਖਜੀਤ ਯਾਦਗਾਰੀ ਐਵਾਰਡ-2026 ਜੰਗ ਬਹਾਦੁਰ ਗੋਇਲ (ਆਈ ਏ ਐੱਸ) ਨੂੰ ਦਿੱਤਾ ਜਾਵੇਗਾ।ਇਸੇ ਦੌਰਾਨ ਨਗਰ ਕੌਂਸਲ ਮਾਛੀਵਾੜਾ ਦੇ ਪ੍ਰਧਾਨ ਅਤੇ ਲੇਖਕ ਮੋਹਿਤ ਕੁੰਦਰਾ ਨੂੰ ਸਾਹਿਤ, ਮਾਨਵਵਾਦੀ ਕਾਰਜਾਂ ਅਤੇ ਉਸਾਰੂ ਸੋਚ ਨੂੰ ਸਮਰਪਿਤ ਹੋਣ ਕਾਰਨ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਸਮਾਗਮ ਦੀ ਪ੍ਰਧਾਨਗੀ ਪ੍ਰੋ ਗੁਰਭਜਨ ਗਿੱਲ, ਪ੍ਰਧਾਨ, ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੀ ਹੋਵੇਗੀ।ਮੁੱਖ ਮਹਿਮਾਨ ਦਰਸ਼ਨ ਬੁੱਟਰ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਹੋਣਗੇ।ਵਿਸ਼ੇਸ਼ ਮਹਿਮਾਨ ਡਾ ਸੁਰਿੰਦਰ ਕੁਮਾਰ ਦੇਵੇਸ਼ਵਰ ਅਤੇ ਕਹਾਣੀਕਾਰ ਕਿਰਪਾਲ ਕਜ਼ਾਕ ਹੋਣਗੇ। ਇਸ ਮੌਕੇ ਜੰਗ ਬਹਾਦੁਰ ਗੋਇਲ ਵੱਲੋਂ ਹਿੰਦੀ ਵਿੱਚ ਅਨੁਵਾਦਿਤ ਸੁਖਜੀਤ ਦਾ ਸਵੈ ਬਿਰਤਾਂਤ ' ਮੈਂ ਜੈਸਾ ਹੂੰ... ਮੈਂ ਵੈਸਾ ਕਿਉਂ ਹੂੰ...' ਲੋਕ ਅਰਪਣ ਕੀਤਾ ਜਾਵੇਗਾ।

## ਸਫਾ 1 ਦੇ ਬਾਕੀ...

### ਤਿੰਨ ਮਹੀਨਿਆਂ 'ਚ ਜਾਰੀ...

ਸਭ ਕੁਝ ਮੁਫ਼ਤ ਹੋਵੇਗਾ। ਉਨ੍ਹਾਂ ਤੋਂ ਕੁਝ ਨਹੀਂ ਪੁੱਛਿਆ ਜਾਵੇਗਾ, ਸਿਰਫ਼ ਆਪਣਾ ਹੈਲਥ ਕਾਰਡ ਲਿਆਉਣ ਲਈ। ਪੰਜਾਬ ਵਿੱਚ ਲਗਭਗ 65 ਲੱਖ ਪਰਵਾਰ ਹਨ, ਜਿਨ੍ਹਾਂ ਵਿੱਚ ਅਮੀਰ ਅਤੇ ਗਰੀਬ, ਹਿੰਦੂ, ਮੁਸਲਮਾਨ, ਸਿੱਖ, ਈਸਾਈ ਅਤੇ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕ ਸ਼ਾਮਲ ਹਨ। ਕਿਸੇ ਨੂੰ ਵੀ ਇਸ ਤੋਂ ਬਾਹਰ ਨਹੀਂ ਰੱਖਿਆ ਗਿਆ। ਇਸ ਯੋਜਨਾ ਤਹਿਤ 900 ਦੇ ਕਰੀਬ ਸਰਕਾਰੀ ਅਤੇ ਨਿੱਜੀ ਹਸਪਤਾਲ ਪਹਿਲਾਂ ਹੀ ਸੂਚੀਬੱਧ ਕੀਤੇ ਜਾ ਚੁੱਕੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਹਸਪਤਾਲ ਸ਼ਾਮਲ ਕੀਤੇ ਜਾਣਗੇ। ਇਸ ਸਕੀਮ ਵਿੱਚ 2356 ਤੋਂ ਵੱਧ ਇਲਾਜ ਪੈਕੇਜ ਸ਼ਾਮਲ ਕੀਤੇ ਗਏ ਹਨ, ਜਦੋਂ ਕਿ ਪਹਿਲਾਂ ਇਹ ਪੈਕੇਜ ਸਿਰਫ਼ 1600 ਸਨ। ਇਸ ਸਿਹਤ ਯੋਜਨਾ ਅਧੀਨ ਆਰਥੋਪੀਡਿਕਸ, ਜਨਰਲ ਮੈਡੀਸਨ, ਕਾਰਡੀਓਲੋਜੀ, ਨਿਊਰੋਲੋਜੀ, ਨੈਫਰੋਲੋਜੀ, ਯੂਰੋਲੋਜੀ, ਓਨਕੋਲੋਜੀ ਸਮੇਤ ਹੋਰ ਵਿਸ਼ੇਸ਼ ਇਲਾਜ ਸੇਵਾਵਾਂ ਲੋਕਾਂ ਨੂੰ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਦਿਲ ਨਾਲ ਸੰਬੰਧਤ ਅਤੇ ਕੈਂਸਰ ਦੇ ਇਲਾਜ, ਕਿਡਨੀ ਡਾਇਲਸਿਸ ਅਤੇ ਟ੍ਰਾਂਸਪਲਾਂਟ, ਦਿਮਾਗ ਅਤੇ ਰੀੜ੍ਹ ਦੀ ਹੱਡੀ ਦੀਆਂ ਸਰਜਰੀਆਂ, ਜਣੇਪਾ ਅਤੇ ਨਵਜੰਮੇ ਬੱਚਿਆਂ ਦੀ ਦੇਖਭਾਲ, ਦੁਰਘਟਨਾ ਅਤੇ ਐਮਰਜੈਂਸੀ, ਗੋਡੇ ਅਤੇ ਚੂਲੇ ਦੀਆਂ ਸਰਜਰੀਆਂ, ਮੋਤੀਆਬਿੰਦ ਸਰਜਰੀ ਅਤੇ ਹੋਰ ਇਲਾਜ ਸੇਵਾਵਾਂ ਵੀ ਇਸ ਯੋਜਨਾ ਵਿੱਚ ਸ਼ਾਮਲ ਹਨ।

ਹਸਪਤਾਲ ਦੇ ਖਰਚਿਆਂ ਦੇ ਨਾਲ-ਨਾਲ ਡਾਇਗਨੋਸਟਿਕ ਸੇਵਾਵਾਂ ਨੂੰ ਵੀ ਇਸ ਸਕੀਮ ਅਧੀਨ ਸ਼ਾਮਲ ਕੀਤਾ ਗਿਆ ਹੈ ਅਤੇ ਕਿਹਾ ਕਿ ਕੋਈ ਵੀ ਨਾਗਰਿਕ ਹੁਣ ਪੰਜਾਬ ਜਾਂ ਚੰਡੀਗੜ੍ਹ ਦੇ ਕਿਸੇ ਵੀ ਸਰਕਾਰੀ ਜਾਂ ਨਿੱਜੀ ਹਸਪਤਾਲ ਵਿੱਚ ਮੁਫ਼ਤ ਇਲਾਜ ਕਰਵਾ ਸਕਦਾ ਹੈ। ਇਨ੍ਹਾਂ ਹਸਪਤਾਲਾਂ ਨੂੰ ਇਲਾਜ ਤੋਂ ਬਾਅਦ 15 ਦਿਨਾਂ ਦੇ ਅੰਦਰ ਇਲਾਜ ਦੀ ਲਾਗਤ ਦਾ ਭੁਗਤਾਨ ਕਰ ਦਿੱਤਾ ਜਾਵੇਗਾ ਅਤੇ ਰਾਜ ਸਰਕਾਰ ਪਹਿਲਾਂ ਹੀ ਬੀਮਾ ਕੰਪਨੀ ਨੂੰ ਐਡਵਾਂਸ ਪ੍ਰੀਮੀਅਮ ਅਦਾ ਕਰ ਚੁੱਕੀ ਹੈ। ਇਸ ਮੌਕੇ ਐੱਸ ਡੀ ਐੱਮ ਪ੍ਰਮੋਦ ਸਿੰਗਲਾ ਅਤੇ ਵੱਡੀ ਗਿਣਤੀ ਵਿੱਚ ਆਮ ਲੋਕ ਹਾਜ਼ਰ ਸਨ।

### ਜੀ ਐੱਸ ਟੀ ਵਸੂਲਣ...

ਵੱਧ ਵਿਕਾਸ ਦਰ ਹਾਸਲ ਕੀਤੀ।ਉਹਨਾ ਕਿਹਾ ਕਿ ਸਾਲ-ਦਰ-ਸਾਲ ਆਧਾਰ 'ਤੇ (ਜਨਵਰੀ 2026 ਤੱਕ) ਸ਼ੁੱਧ ਜੀ ਐੱਸ ਟੀ ਵਸੂਲਣ ਦੀ ਦਰ ਵਿੱਚ 13.4 ਫ਼ੀਸਦ ਦਾ ਵਾਧਾ ਹੋਇਆ ਹੈ, ਜਿਸ ਨਾਲ ਵਸੂਲਿਆ ਗਿਆ ਕੁੱਲ ਜੀ ਐੱਸ ਟੀ 19,415 ਕਰੋੜ ਰੁਪਏ ਤੋਂ ਵਧ ਕੇ 22,014 ਕਰੋੜ ਰੁਪਏ ਹੋ ਗਿਆ ਹੈ। ਇਸੇ ਸਮੇਂ ਦੌਰਾਨ ਕੁੱਲ ਜੀ ਐੱਸ ਟੀ ਵਸੂਲਣ ਦੀ ਦਰ ਵਿੱਚ ਵੀ 13.0 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ, ਜੋ ਪੰਜਾਬ ਵਿੱਚ ਟੈਕਸ ਅਧਾਰ ਦੀ ਲਚਕਤਾ ਨੂੰ ਦਰਸਾਉਂਦਾ ਹੈ।ਉਨ੍ਹਾ ਦੱਸਿਆ ਕਿ ਜਨਵਰੀ 2026 ਵਿੱਚ ਐੱਸ ਜੀ ਐੱਸ ਟੀ ਨਕਦ ਵਸੂਲਣ ਸੰਬੰਧੀ ਵੀ ਅਸਧਾਰਨ ਕਾਰਗੁਜ਼ਾਰੀ ਦਰਜ ਕੀਤੀ ਗਈ ਹੈ, ਜਿਸ ਵਿੱਚ 14.4 ਫ਼ੀਸਦੀ ਦਾ ਵਾਧਾ ਹੋਇਆ ਹੈ ਅਤੇ ਇਹ ਵਿਕਾਸ ਦਰ ਇਸ ਮਹੀਨੇ ਦੌਰਾਨ ਭਾਰਤ ਦੇ ਸਾਰੇ ਸੂਬਿਆਂ ਵਿੱਚੋਂ ਸਭ ਤੋਂ ਵੱਧ ਹੈ। ਇਹ ਦਰ ਲਗਭਗ 6 ਫ਼ੀਸਦੀ ਦੀ ਰਾਸ਼ਟਰੀ ਔਸਤ ਨਾਲੋਂ ਕਾਫੀ ਵੱਧ ਹੈ, ਜਿਸ ਨਾਲ ਪੰਜਾਬ ਪੂਰੇ ਭਾਰਤ ਵਿੱਚ ਮੋਹਰੀ ਬਣ ਕੇ ਉਭਰਿਆ ਹੈ।

### ਮਰਹੂਮ ਸੀ ਪੀ ਆਈ...

ਵਧਾਉਣ ਦੀ ਥਾਂ ਕੰਮ ਘੰਟੇ 8 ਤੋਂ 12 ਘੰਟੇ ਦੀ ਦਿਹਾੜੀ ਹੋਵੇਗੀ। ਮਜ਼ਦੂਰਾਂ ਦੀ ਸੁਰੱਖਿਆ, ਸਹੂਲਤਾਂ, ਮਜ਼ਦੂਰੀ ਅਤੇ ਬੋਨਸ ਪ੍ਰਬੰਧਕਾਂ ਦੀ ਮਰਜ਼ੀ ਉਪਰ ਛੱਡ ਦਿੱਤੇ ਜਾਣਗੇ ਅਤੇ ਲੇਬਰ ਵਿਭਾਗ ਦੇ ਅਧਿਕਾਰੀਆਂ ਨੂੰ ਸਿਰਫ਼ ਦਰਸ਼ਕ ਬਣਾ ਦਿੱਤਾ ਜਾਵੇਗਾ।ਉਹਨਾ ਕਿਹਾ ਕਿ ਮੋਦੀ ਸਰਕਾਰ ਨੇ ਵਿਕਸਤ ਭਾਰਤ ਜੀ ਰਾਮ ਜੀ ਲਿਆ ਕੇ ਮਗਨਰੇਗਾ ਵਰਕਰਾਂ ਦਾ ਕੰਮ ਹੀ ਉਹਨਾਂ ਕੋਲੋਂ ਖੋਹ ਲਿਆ ਹੈ।ਆਗੂਆਂ ਜਨਤਕ ਅਦਾਰਿਆਂ ਦੇ ਨਿੱਜੀਕਰਨ ਦਾ ਵਿਰੋਧ ਕਰਦਿਆਂ ਇਸ ਨੂੰ ਬੰਦ ਕਰਨ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਮੋਦੀ ਸਰਕਾਰ ਬਿਜਲੀ ਬਿੱਲ 2025 ਰਾਹੀਂ ਬਿਜਲੀ ਵਿਭਾਗ ਕਾਰਪੋਰੇਟਰਾਂ ਹਵਾਲੇ ਕਰਨਾਂ ਚਾਹੁੰਦੀ ਹੈ, ਜਿਸ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਜਮਹੂਰੀ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਲਈ ਮਜ਼ਦੂਰ ਵਿਰੋਧੀ ਇਹਨਾਂ ਲੇਬਰ ਕੋਡਾਂ ਨੂੰ ਰੱਦ ਕਰਵਾਉਣ ਲਈ 12 ਫ਼ਰਵਰੀ ਦੀ ਹੜਤਾਲ ਨੂੰ ਸਫ਼ਲ ਬਣਾਉਣ ਲਈ ਮਜ਼ਦੂਰਾਂ ਨੂੰ ਪਰਵਾਰਾਂ ਸਮੇਤ ਇਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਦੇਵੀ ਕੁਮਾਰੀ ਨੇ ਕਿਹਾ ਕਿ ਪੰਜਾਬ ਸਰਕਾਰ ਸਿਰਫ ਲਾਰਿਆਂ ਦੀ ਸਰਕਾਰ ਸਾਬਤ ਹੋਈ। ਉਨ੍ਹਾ ਕਿਹਾ ਕਿ ਪਿੰਡ-ਪਿੰਡ ਅਵਾਮੀ ਜਥੇਬੰਦੀਆਂ ਬਣਾਈਆਂ ਜਾਣ ਅਤੇ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਭੰਗਲ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਦੇਵੀ ਕੁਮਾਰੀ ਸਰਹਾਲੀ ਕਲਾਂ, ਜਸਵਿੰਦਰ ਸਿੰਘ ਭੰਗਲ, ਨਰੰਜਣ ਦਾਸ ਮੇਹਲੀ, ਪਰਮਿੰਦਰ ਮੇਨਕਾ, ਜੁਝਾਰ ਸਿੰਘ, ਗੁਰਮੁੱਖ ਸਿੰਘ ਫਰਾਲਾ, ਜਗਤਾਰ ਸਿੰਘ ਪੂਨੂੰ ਮਜ਼ਾਰਾ, ਅਮਰਜੀਤ ਮੇਹਲੀ, ਬਲਜਿੰਦਰ ਸਿੰਘ, ਗੁਰਿੰਦਰ ਰਾਹੋਂ, ਵੀਨਾ ਰਾਣੀ, ਧਰਮਪਾਲ ਸਿਆਣ, ਮਨੋਹਰ ਲਾਲ, ਦੇਵ ਰਾਜ, ਬੂਟਾ ਰਾਮ, ਸੁਰਿੰਦਰ ਸਿਆਣ, ਪ੍ਰਸ਼ੋਤਮ, ਬਲਵੀਰ ਕੌਰ ਆਦਿ ਹਾਜ਼ਰ ਸਨ।

## ਬਜਟ ਪ੍ਰਧਾਨ ਮੰਤਰੀ ਮੋਦੀ ਦੇ ਵਿਕਸਤ ਭਾਰਤ ਦੇ ਸੰਕਲਪ ਨੂੰ ਹੋਰ ਮਜ਼ਬੂਤ ਕਰੇਗਾ : ਓਂਕਾਰ ਸਿੰਘ ਸਿੱਧੂ

**ਸੰਗਾਲਾ ( ਰਣਜੀਤ ਸਿੰਘ ਪੇਧਨੀ)**

ਦੇਸ਼ ਦੀ ਵਿੱਤ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਬਜਟ ਇੱਕ ਇਤਿਹਾਸਕ ਬਜਟ ਹੈ ਜੋ ਦੇਸ਼ ਨੂੰ ਊਰਜਾ ਆਤਮ ਨਿਰਭਰਤਾ ਵੱਲ ਲੈ ਜਾਵੇਗਾ। ਵਿੱਤੀ ਸਾਲ 2026-27 ਦਾ ਕੇਂਦਰੀ ਬਜਟ 1.5 ਅਰਬ ਭਾਰਤੀਆਂ ਦੀਆਂ ਇੱਛਾਵਾਂ ਨੂੰ ਪੂਰਾ ਕਰਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬੀ ਜੇ ਪੀ ਦੇ ਸੀਨੀਅਰ ਆਗੂ ਪ੍ਰੋ ਓਂਕਾਰ ਸਿੰਘ ਸਿੱਧੂ ਨੇ ਕੀਤਾ।ਉਨ੍ਹਾਂ ਕਿਹਾ ਕਿ ਇਹ ਬਜਟ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਸਤ ਭਾਰਤ ਲਈ ਸੰਕਲਪ ਨੂੰ ਹੋਰ ਮਜ਼ਬੂਤ ਕਰੇਗਾ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸਮਾਜ ਦੇ ਹਰ ਵਰਗ ਨੂੰ ਰਾਹਤ ਪ੍ਰਦਾਨ ਕੀਤੀ ਹੈ, ਜਿਸ ਵਿੱਚ ਕਿਸਾਨ ਮਜ਼ਦੂਰ, ਨੌਜਵਾਨ, ਔਰਤਾਂ, ਕੰਮ ਕਰਨ ਵਾਲੇ ਪੇਸ਼ੇਵਰ, ਉੱਦਮੀ ਅਤੇ ਕਾਰੋਬਾਰੀ ਸ਼ਾਮਲ ਹਨ।ਸਿੱਖਿਆ, ਸਿਹਤ, ਬੁਨਿਆਦੀ ਢਾਂਚਾ, ਪੇਂਡੂ ਵਿਕਾਸ ਦੇ ਨਾਲ-ਨਾਲ ਲੋੜਵੰਦਾਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ।

## ਪੈਨਸ਼ਨਰਾਂ ਦੀ ਮੀਟਿੰਗ ਵਿਚ ਮੰਗਾਂ 'ਤੇ ਵਿਚਾਰ ਚਰਚਾ

**ਲੁਧਿਆਣਾ (ਸਤੀਸ਼ ਸਚਦੇਵਾ)**-ਪੈਨਸ਼ਨਰ ਭਵਨ ਲੁਧਿਆਣਾ ਵਿਖੇ ਮਹੀਨਾਵਾਰ ਪੈਨਸ਼ਨਰਜ ਇਨਫਰਮੇਸ਼ਨ ਸੈਂਟਰ ਮੈਨੇਜਮੈਂਟ ਕਮੇਟੀ ਦੀ ਮੀਟਿੰਗ ਚੇਅਰਮੈਨ ਸ਼੍ਰੀ ਦਲੀਪ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਜਿਸ ਵਿੱਚ ਪੈਨਸ਼ਨਰਜ਼ ਦੀਆਂ ਲੰਮੇ ਸਮੇਂ ਤੋਂ ਸਰਕਾਰ ਵੱਲ ਪੈਂਡਿੰਗ ਪਈਆਂ ਮੰਗਾਂ ਦੀ ਸਾਰੇ ਬੁਲਾਰਿਆਂ ਨੇ ਚਰਚਾ ਕੀਤੀ।ਇਸ ਵਿੱਚ ਮੰਗ ਕੀਤੀ ਗਈ ਕਿ ਛੇਵੇਂ ਤਨਖ਼ਾਹ ਕਮਿਸ਼ਨ ਦੇ ਬਕਾਏ ਦਾ ਯਕਮੁਸ਼ਤ ਭੁਗਤਾਨ ਕੀਤਾ ਜਾਵੇ, ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਦਿੱਤੀਆਂ ਜਾਣ ਤੇ ਡੀ ਏ 42% ਤੋਂ 58% ਕੀਤਾ ਜਾਵੇ, 2004 ਤੋ ਬੰਦ ਕੀਤੀ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਮੁਲਾਜ਼ਮਾਂ ਤੇ ਜੁਲਾਈ 2020 ਤੋ ਲਾਗੂ ਕੀਤੇ ਸੈਂਟਰਲ ਸਕੇਲ ਬੰਦ ਕਰਕੇ ਪੰਜਾਬ ਦੇ ਸਕੇਲ ਲਾਗੂ ਕੀਤੇ ਜਾਣ ਤੇ ਸਾਰੇ ਵਿਭਾਗਾਂ ਵਿੱਚ ਪੱਕੀ ਭਰਤੀ ਕੀਤੀ ਜਾਵੇ ।ਮੀਟਿੰਗ ਨੂੰ ਸ੍ਰੀ ਦਰਸ਼ਨ ਸਿੰਘ ਉਟਾਲਾਂ, ਪੁਰੀ ਸਾਹਿਬ ,ਨਿਰਮਲ ਸਿੰਘ ਲਲਤੋਂ , ਸਤੀਸ਼ ਸਚਦੇਵਾ, ਜੇ ਐਸ ਮਾਂਗਟ ਆਦਿ ਆਗੂਆਂ ਨੇ ਸੰਬੋਧਨ ਕੀਤਾ ।

## ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦਾ ਜ਼ਿਲ੍ਹਾ ਡੈਲੀਗੇਟ ਅਜਲਾਸ 5 ਨੂੰ



**ਹਠੂਰ (ਲਵਲੀ ਕੁਮਾਰ)**-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦਾ ਜ਼ਿਲ੍ਹਾ ਡੈਲੀਗੇਟ ਅਜਲਾਸ 5 ਫਰਵਰੀ ਨੂੰ ਪਿੰਡ ਭੰਮੀਪੁਰਾ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਅਜਲਾਸ ਨੂੰ ਹੋਰ ਮਜ਼ਬੂਤ ਬਣਾਉਣ ਲਈ ਅੱਜ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੀਨੀਅਰ ਆਗੂ ਮਲਕੀਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਪਿੰਡ ਭੰਮੀਪੁਰਾ, ਦੇਹੜਕਾ, ਮਾਣੂੰਕੇ, ਮੱਲ੍ਹਾ, ਡਾਂਗੀਆ ਆਦਿ ਪਿੰਡਾਂ ਵਿੱਚ ਖੇਤ ਮਜ਼ਦੂਰਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ।ਇਸ ਮੌਕੇ ਪ੍ਰਧਾਨ ਮਲਕੀਤ ਸਿੰਘ ਭੰਮੀਪੁਰਾ ਨੇ ਕਿਹਾ ਕਿ ਅਜਲਾਸ ਦੌਰਾਨ ਬੀਤੇ ਸਾਲਾ ਦੀ ਰਿਪੋਰਟ ਪੜ੍ਹ ਕੇ ਸੁਣਾਈ ਜਾਵੇਗੀ, ਖੇਤ ਮਜ਼ਦੂਰਾਂ ਨੂੰ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਬਾਰੇ ਵਿਚਾਰ ਵਿਟਾਂਦਰਾ ਕੀਤਾ ਜਾਵੇਗਾ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਸੀਨੀਅਰ ਆਗੂ ਆਪੋ-ਆਪਣੇ ਵਿਚਾਰ ਪੇਸ਼ ਕਰਨਗੇ।ਇਸ ਮੌਕੇ ਉਨ੍ਹਾ ਨਾਲ ਚਰਨਜੀਤ ਸਿੰਘ ਚਰਨਾ ਕਾਉਂਕੇ, ਸਰਬਜੀਤ ਸਿੰਘ ਕਾਉਂਕੇ, ਪਰਮਜੀਤ ਸਿੰਘ ਪੰਮਾ ਭੰਮੀਪੁਰਾ, ਪਾਲ ਸਿੰਘ ਭੰਮੀਪੁਰਾ, ਜਸਵੰਤ ਸਿੰਘ ਭੰਮੀਪੁਰਾ, ਅਜਮੇਰ ਸਿੰਘ ਭੰਮੀਪੁਰਾ, ਦਰਸ਼ਨ ਸਿੰਘ ਭੰਮੀਪੁਰਾ, ਬਲਦੇਵ ਸਿੰਘ ਭੰਮੀਪੁਰਾ, ਗੁਰਪ੍ਰੀਤ ਸਿੰਘ ਭੰਮੀਪੁਰਾ, ਰਘਵੀਰ ਸਿੰਘ ਭੰਮੀਪੁਰਾ, ਦਰਬਾਰਾ ਸਿੰਘ ਭੰਮੀਪੁਰਾ, ਡਾ: ਜਗਜੀਤ ਸਿੰਘ, ਜਗਰੂਪ ਸਿੰਘ ਮਾਣੂੰਕੇ ਹਾਜ਼ਰ ਸਨ।

## ਸ੍ਰੀ ਗੁਰੂ ਰਵਿਦਾਸ ਦੇ ਪ੍ਰਕਾਸ਼ ਦਿਹਾੜੇ 'ਤੇ ਨਗਰ ਕੀਰਤਨ ਸਜਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਸ਼ਹਿਰ ਵਿਚ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਦਾ 649ਵਾਂ ਪ੍ਰਕਾਸ਼ ਦਿਹਾੜਾ ਸ਼ਹਿਰ ਦੀਆਂ ਸੰਗਤਾਂ ਵੱਲੋਂ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ਼ਹਿਰ ਦੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮੇਨ ਬਜ਼ਾਰ, ਇੰਦਰਾ ਕਾਲੋਨੀ ਅਤੇ ਪੁਰਾਣੀ ਸਬਜੀ ਮੰਡੀ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਰਾਗੀ ਜਥਿਆਂ ਵੱਲੋਂ ਰਸ ਭਿੰਨਾ ਕੀਰਤਨ ਕੀਤਾ ਗਿਆ। ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮੇਨ ਬਜ਼ਾਰ ਤੋਂ ਇੱਕ ਨਗਰ ਕੀਰਤਨ ਸਜਾਇਆ ਗਿਆ ਜਿਸ 'ਚ ਭਾਰੀ ਗਿਣਤੀ ਵਿੱਚ ਸੰਗਤਾਂ ਤੋਂ ਇਲਾਵਾ ਵੱਖ-ਵੱਖ ਸਿਆਸੀ ਪਾਰਟੀਆਂ ਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ। ਇਹ ਨਗਰ ਕੀਰਤਨ ਸੰਗਤਾਂ ਨੂੰ ਸ਼ਹਿਰ ਦੇ ਗੁਰਦੁਆਰਾ ਸਾਹਿਬਾਨਾਂ ਦੇ ਦਰਸ਼ਨ ਕਰਵਾਉਣ ਉਪਰੰਤ ਗੁਰੂ ਘਰ ਵਿਖੇ ਆ ਕੇ ਸਮਾਪਤ ਹੋਇਆ। ਇਸ ਮੌਕੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਜਥੇਦਾਰ ਸਰਵਣ ਸਿੰਘ ਰਸਾਲਦਾਰ, ਸਾਬਕਾ ਪ੍ਰਧਾਨ ਉਜਾਗਰ ਸਿੰਘ ਬੈਨੀਪਾਲ, ਐਡਵੋਕੇਟ ਕਪਿਲ ਆਨੰਦ, ਜ਼ਿਲਾ ਪਰਿਸ਼ਦ ਮੈਂਬਰ ਹਰਜੋਤ ਸਿੰਘ ਮਾਂਗਟ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਜਥੇਦਾਰ ਕੇਵਲ ਸਿੰਘ ਕੱਦੋਂ, ਸੁਖਦੇਵ ਸਿੰਘ ਬਿੱਟੂ, ਸਾਬਕਾ ਕੌਂਸਲਰ ਪਰਮਜੀਤ ਪੰਮੀ, ਚੇਤਨ ਕੁਮਾਰ ਸ਼ਾਮਲ ਹੋਏ।

## ਸੁੰਦਰ ਦਸਤਾਰ ਤੇ ਲੰਮੇ ਕੇਸਾਂ ਦੇ ਮੁਕਾਬਲੇ ਕਰਾਏ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ੍ਰੀ ਸੁਖਮਨੀ ਸੇਵਾ ਸੁਸਾਇਟੀ ਪਿੰਡ ਠੁੱਲੀਵਾਲ ਵੱਲੋਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਤ ਬੱਚਿਆਂ ਦੇ ਲੰਮੇ ਕੇਸ ਅਤੇ ਦਸਤਾਰ ਮੁਕਾਬਲੇ ਕਰਾਏ ਗਏ।ਇਸ ਮੌਕੇ 51 ਬੱਚਿਆਂ ਨੇ ਦਸਤਾਰ ਮੁਕਾਬਲੇ ਤੇ 35 ਬੱਚਿਆਂ ਨੇ ਲੰਮੇ ਕੇਸ ਮੁਕਾਬਲਿਆਂ ਵਿੱਚ ਪੂਰੇ ਉਤਸ਼ਾਹ ਨਾਲ ਭਾਗ ਲਿਆ।ਬੱਚਿਆਂ ਨੂੰ ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਦਾ ਸੰਦੇਸ਼ ਦੇਣ ਲਈ ਭਾਨਾ ਜਾਦੂਗਰ ਵੱਲੋਂ ਪੇਸ਼ ਜਾਗਰੂਕਤਾ ਸ਼ੋਅ ਖਿਚ ਦਾ ਕੇਂਦਰ ਬਣਿਆ। ਅੰਤਮ ਨਤੀਜੇ ਅਨੁਸਾਰ ਲੰਮੇ ਕੇਸ ਮੁਕਾਬਲੇ 'ਚ ਗੁਰਅਰਧਨ ਸਿੰਘ ਪਹਿਲਾ, ਗੁਰਸੇਵਕ ਸਿੰਘ ਨੇ ਦੂਸਰਾ, ਸੁਖਪ੍ਰੀਤ ਸਿੰਘ ਤੀਜਾ, ਸੁਖਪ੍ਰੀਤ ਸਿੰਘ ਚੌਥਾ ਤੇ ਸਾਹਿਬ ਸਿੰਘ ਨੇ ਪੰਜਵਾਂ ਸਥਾਨ ਹਾਸਲ ਕੀਤਾ।ਦਸਤਾਰ ਮੁਕਾਬਲਿਆਂ 'ਚ ਮਨਰਾਜ ਸਿੰਘ, ਕਰਨਵੀਰ ਸਿੰਘ, ਰਾਮਵਿੰਦਰ ਸਿੰਘ, ਮਹਿਕਜੋਤ ਸਿੰਘ ਅਤੇ ਏਕਮਜੋਤ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ, ਚੌਥਾ ਤੇ ਪੰਜਵਾਂ ਇਨਾਮ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸਬੰਧਤ ਪ੍ਰਸ਼ਨੋਤਰੀ ਮੁਕਾਬਲੇ ਵਿੱਚ ਉੱਤਮ ਪ੍ਰਦਰਸ਼ਨ ਕਰਨ 'ਤੇ ਜਗਜੀਤ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਸਮਾਗਮ ਦੌਰਾਨ ਪ੍ਰਬੰਧਕਾਂ ਤੇ ਮਹਿਮਾਨਾਂ ਵੱਲੋਂ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਟਰਾਫੀਆਂ ਤੇ ਨਕਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ, ਜਦਕਿ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਰਟੀਫਿਕੇਟ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਗਈ।ਬੱਚਿਆਂ ਲਈ ਦਸਤਾਰ ਸਿਖਲਾਈ ਕੈਂਪ ਲਾਉਣ ਵਾਲੇ ਇੰਟਰਨੈਸ਼ਨਲ ਕੋਚ ਹੀਰਾ ਸਿੰਘ ਆਦਮਕੇ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਅਖੀਰ ਵਿੱਚ ਬਲਵਿੰਦਰ ਸਿੰਘ ਫੌਜੀ, ਜਸਵਿੰਦਰ ਸਿੰਘ ਫੌਜੀ ਤੇ ਜਰਨੈਲ ਸਿੰਘ ਭੋਲਾ ਵੱਲੋਂ ਪ੍ਰੋਗਰਾਮ ਦੀ ਸਫਲਤਾ ਲਈ ਸਹਿਯੋਗ ਕਰਨ ਵਾਲੇ ਦਾਨੀ ਸੱਜਣਾਂ, ਐਨ ਆਰ ਆਈ ਭਾਈਚਾਰੇ ਤੇ ਸਮੂਹ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

## ਸਤਿਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦਾ ਖੰਡਨ ਕੀਤਾ : ਵਿਧਾਇਕ ਰਾਏ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਰਵਿਦਾਸ ਜੈਅੰਤੀ ਦਾ ਪ੍ਰੋਗਰਾਮ ਬਹੁਤ ਹੀ ਧੂਮਧਾਮ ਤੇ ਉਤਸ਼ਾਹ ਦੇ ਨਾਲ ਮਨਾਇਆ ਗਿਆ।ਕੁੱਝ ਪਿੰਡਾਂ ਦੇ ਵਿੱਚ ਦਿਨ ਵੇਲੇ ਮਨਾਇਆ ਗਿਆ ਤੇ ਕੁਝ ਦੇ ਵਿੱਚ ਰਾਤ ਸਮੇਂ ਮਨਾਇਆ ਗਿਆ।ਵਿਧਾਇਕ ਲਖਵੀਰ ਸਿੰਘ ਰਾਏ ਵੱਲੋਂ ਵਧੇਰੇ ਪਿੰਡਾਂ ਦੇ ਵਿੱਚ ਹਾਜ਼ਰੀ ਲਗਵਾਈ ਗਈ।ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਪੁਰਬ ਦੇਸ਼ ਵਿੱਚ ਹੀ ਨਹੀਂ ਵਿਦੇਸ਼ਾਂ ਦੇ ਵਿੱਚ ਵੀ ਧੂਮ-ਧਾਮ ਦੇ ਨਾਲ ਮਨਾਇਆ ਗਿਆ ਹੈ। ਸਤਿਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦਾ ਖੰਡਨ ਕੀਤਾ ਤੇ ਸਾਨੂੰ ਸਮਾਜਿਕ ਕ੍ਰੀਤੀਆਂ ਤੋਂ ਬਚਾਉਣ ਦੇ ਲਈ ਪ੍ਰੇਰਿਤ ਕੀਤਾ ਹੈ।ਸਾਨੂੰ ਅਜਿਹੇ ਮਹਾਂਪੁਰਸ਼ਾਂ ਨੂੰ ਹਮੇਸ਼ਾ ਹੀ ਯਾਦ ਰੱਖਣਾ ਚਾਹੀਦਾ ਹੈ।ਪਿੰਡਾਂ ਦੇ ਵਿੱਚ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਦਾ ਮੁੱਖ ਮਨੋਰਥ ਉਨਾਂ ਦੀ ਜੀਵਨੀ ਤੇ ਉਦੇਸ਼ ਬਾਰੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਗਰੂਕ ਕਰਨਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦੀ ਬਾਣੀ ਦਰਜ ਹੈ, ਜਿਸ ਨੂੰ ਪੜ੍ਹ ਕੇ ਮਨ ਨੂੰ ਬਹੁਤ ਸਕੂਨ ਮਿਲਦਾ ਹੈ।ਸਾਨੂੰ ਉਨ੍ਹਾਂ ਦੇ ਦਰਸਾਏ ਮਾਰਗ ਦੇ ਉੱਤੇ ਚੱਲਣ ਦਾ ਯਤਨ ਕਰਨਾ ਚਾਹੀਦਾ ਹੈ।

## ਬੱਚਿਆਂ ਨੂੰ ਟ੍ਰੈਫ਼ਿਕ ਨਿਯਮਾਂ ਬਾਰੇ ਦਿੱਤੀ ਜਾਣਕਾਰੀ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਵਿਖੇ ਬੱਚਿਆਂ ਨੂੰ ਟ੍ਰੈਫ਼ਿਕ ਨਿਯਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਸਮਾਗਮ ਦਾ ਉਦੇਸ਼ ਬੱਚਿਆਂ ਵਿੱਚ ਸੜਕ ਸੁਰੱਖਿਆ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ।ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਸੜਕ ਪਾਰ ਕਰਨ ਦੇ ਸਹੀ ਤਰੀਕੇ, ਟ੍ਰੈਫ਼ਿਕ ਲਾਈਟਾਂ ਦੇ ਅਰਥ, ਹੈਲਮਟ ਤੇ ਸੀਟ ਬੈਲਟ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਸਮਝਾਇਆ।ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਸਕੂਲ ਪ੍ਰਿੰਸਿਪਲ ਸਾਕਸ਼ੀ ਗੁਲੇਰੀਆ ਜੀ ਨੇ ਬੱਚਿਆਂ ਨੂੰ ਸਮਝਾਇਆ ਕਿ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨਾ ਹਰ ਨਾਗਰਿਕ ਦਾ ਫ਼ਰਜ਼ ਹੈ।ਉਨ੍ਹਾਂ ਕਿਹਾ ਕਿ ਛੋਟੀ ਉਮਰ ਤੋਂ ਹੀ ਸੜਕ ਸੁਰੱਖਿਆ ਦੇ ਨਿਯਮਾਂ ਬਾਰੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ, ਤਾਂ ਜੁ ਭਵਿੱਖ ਵਿੱਚ ਹਾਦਸਿਆਂ ਤੋਂ ਬਚਿਆ ਜਾ ਸਕੇ।ਬੱਚਿਆਂ ਨੇ ਵੀ ਵੱਖ-ਵੱਖ ਪ੍ਰਸ਼ਨਾਂ ਰਾਹੀਂ ਆਪਣੀ ਦਿਲਚਸਪੀ ਦਿਖਾਈ ਤੇ ਟ੍ਰੈਫ਼ਿਕ ਸਬੰਧੀ ਸਿੱਖਿਆ ਪ੍ਰਤੀ ਚੰਗੀ ਰੁਚੀ ਜਤਾਈ।ਅੰਤ ਵਿੱਚ ਸਾਰੇ ਬੱਚਿਆਂ ਨੂੰ ਟ੍ਰੈਫ਼ਿਕ ਸੁਰੱਖਿਆ ਸਬੰਧੀ ਸਹੁੰ ਵੀ ਚੁਕਵਾਈ ਗਈ ਕਿ ਉਹ ਹਮੇਸ਼ਾਂ ਸੜਕਾਂ 'ਤੇ ਸੁਰੱਖਿਅਤ ਤਰੀਕੇ ਨਾਲ ਹੀ ਚੱਲਣਗੇ।

## ਮੁਕਤੀਧਾਮ ਸ਼ਿਵ ਮੰਦਰ ਕਮੇਟੀ ਦੇ ਸੁਸ਼ੀਲ ਲੂਥਰਾ ਚੇਅਰਮੈਨ ਬਣੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਕੁਹਾੜਾ ਰੋਡ 'ਤੇ ਸਥਿਤ ਮੁਕਤੀਧਾਮ ਸ਼ਿਵ ਮੰਦਰ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਸਲਾਨਾ ਮੀਟਿੰਗ ਹੋਈ ਜਿਸ ਵਿਚ ਪਿਛਲੇ ਸਾਲ ਦਾ ਲੇਖਾ-ਜੋਖਾ ਅਤੇ ਸੇਵਾਵਾਂ ਦਾ ਮੁਲਾਂਕਣ ਕੀਤਾ ਗਿਆ। ਮੀਟਿੰਗ ਵਿਚ ਸਰਬ ਸੰਮਤੀ ਨਾਲ ਸੁਸ਼ੀਲ ਲੂਥਰਾ ਨੂੰ ਪ੍ਰਬੰਧਕ ਕਮੇਟੀ ਦਾ ਚੇਅਰਮੈਨ ਅਤੇ ਪਵਨ ਅਰੋੜਾ ਨੂੰ ਪ੍ਰਧਾਨ ਚੁਣ ਲਿਆ ਜਦ ਕਿ ਰਾਕੇਸ਼ ਟਕਿਆਰ ਨੂੰ ਮੀਤ ਪ੍ਰਧਾਨ, ਪ੍ਰਮੋਦ ਚੋਪੜਾ ਨੂੰ ਸਲਾਹਕਾਰ ਤੇ ਪਵਨ ਬਤਰਾ ਨੂੰ ਕੈਸ਼ੀਅਰ, ਰਣਜੀਤ ਸਿੰਘ ਨੂੰ ਕਮੇਟੀ ਦਾ ਮੁੱਖ ਸਕੱਤਰ ਚੁਣਿਆ। ਮੀਟਿੰਗ ਵਿਚ ਸ਼ਿਵਰਾਤਰੀ ਉਤਸਵ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਹ ਤਿਉਹਾਰ ਉਤਸ਼ਾਹ ਨਾਲ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਪੁਜਾਰੀ ਪ੍ਰਵੇਸ਼ ਮੇਦੁਰੀ, ਸ਼ਿਵ ਚਰਨ ਸ਼ਰਮਾ, ਭੂਸ਼ਨ ਚਾਨਣਾ, ਸੰਜੀਵ ਕੁਮਾਰ, ਰਾਹੁਲ ਸਪਰਾ, ਦਵਿੰਦਰ ਮਿੱਤਲ, ਰਜਿੰਦਰ ਪਾਲ ਸਿੰਘ, ਰਾਜੇਸ਼ ਪਰੂਥੀ, ਸਾਹਿਲ ਪਰੂਥੀ, ਸੋਨੂੰ ਪਸਰੀਚਾ, ਮੋਹਿਤ ਜੈਨ ਅਤੇ ਮੁਕੇਸ਼ ਸਚਦੇਵਾ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

4 Feb Page 3.qxd 2/3/2026 10:54 PM Page 1



# ਅਸ਼ੀਰਵਾਦ ਸਕੀਮ ਪੰਜਾਬ ਸਰਕਾਰ ਦਾ ਗਰੀਬ ਤੇ ਹਾਸ਼ੀਏ 'ਤੇ ਖੜ੍ਹੇ ਵਰਗਾਂ ਲਈ ਵੱਡਾ ਕਦਮ : ਧਾਲੀਵਾਲ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-** ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਗਰੀਬ, ਪੱਛੜੇ ਅਤੇ ਹਾਸ਼ੀਏ 'ਤੇ ਖੜ੍ਹੇ ਵਰਗਾਂ ਦੀ ਭਲਾਈ ਲਈ ਲਗਾਤਾਰ ਲੋਕ-ਹਿਤੈਸ਼ੀ ਫੈਸਲੇ ਲਏ ਜਾ ਰਹੇ ਹਨ।ਇਸੇ ਦਿਸ਼ਾ ਵਿੱਚ ਅਸ਼ੀਰਵਾਦ ਸਕੀਮ ਨੂੰ ਹੋਰ ਪਾਰਦਰਸ਼ੀ, ਸੁਚਾਰੂ ਅਤੇ ਲੋਕ-ਮਿੱਤਰ ਬਣਾਉਣ ਲਈ ਇੱਕ ਮਹੱਤਵਪੂਰਨ ਕਦਮ ਚੁੱਕਿਆ ਗਿਆ ਹੈ।ਵਿਧਾਨ ਸਭਾ ਹਲਕਾ ਅਜਨਾਲਾ ਦੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੈ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਆਨਲਾਈਨ ਪੋਰਟਲ ਨੂੰ ਸੇਵਾ ਕੇਂਦਰਾਂ ਨਾਲ ਸਾਂਝੇ ਤੌਰ 'ਤੇ ਜੋੜ ਕੇ ਅਧਿਕਾਰਕ ਤੌਰ 'ਤੇ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਅਸ਼ੀਰਵਾਦ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਲਈ ਅਰਜ਼ੀਆਂ ਸਿਰਫ਼ ਸੇਵਾ ਕੇਂਦਰਾਂ ਰਾਹੀਂ ਹੀ ਦਾਖ਼ਲ ਕੀਤੀਆਂ ਜਾ ਸਕਣਗੀਆਂ, ਜਿਸ ਨਾਲ ਸਕੀਮ ਦੀ ਕਾਰਗੁਜ਼ਾਰੀ ਹੋਰ ਪ੍ਰਭਾਵਸ਼ਾਲੀ ਅਤੇ ਜਵਾਬਦੇਹ ਬਣੇਗੀ।ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਦ੍ਰਿੜ ਵਚਨਬੱਧਤਾ ਹੈ ਕਿ ਸਰਕਾਰੀ ਭਲਾਈ ਸਕੀਮਾਂ ਦਾ ਹਰ ਇੱਕ ਰੁਪਇਆ ਪੂਰੀ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਹੱਕਦਾਰ ਲਾਭਪਾਤਰੀ ਤੱਕ ਪਹੁੰਚੇ।ਉਨ੍ਹਾਂ ਕਿਹਾ ਕਿ ਸੇਵਾ ਕੇਂਦਰਾਂ ਰਾਹੀਂ ਅਰਜ਼ੀਆਂ ਲੈਣ ਨਾਲ ਭ੍ਰਿਸ਼ਟਾਚਾਰ, ਦਲਾਲੀ ਅਤੇ ਗਲਤ ਵਰਤੋਂ 'ਤੇ ਨੱਥ ਪਵੇਗੀ ਅਤੇ ਲੋਕਾਂ ਦਾ ਸਰਕਾਰੀ ਪ੍ਰਣਾਲੀ 'ਤੇ ਭਰੋਸਾ ਹੋਰ ਮਜ਼ਬੂਤ ਹੋਵੇਗਾ।ਇਹ ਪਹਿਲ ਧੀਆਂ ਦੀ ਇੱਜ਼ਤ, ਸਮਾਜਿਕ ਸੁਰੱਖਿਆ ਅਤੇ ਪਾਰਦਰਸ਼ੀ ਪ੍ਰਸ਼ਾਸਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਉਨ੍ਹਾਂ ਨੇ ਕਿਹਾ ਕਿ ਅਸ਼ੀਰਵਾਦ ਸਕੀਮ ਪੰਜਾਬ ਸਰਕਾਰ ਦੀ ਇੱਕ ਪ੍ਰਮੁੱਖ ਭਲਾਈ ਯੋਜਨਾ ਹੈ।ਇਸ ਸਕੀਮ ਅਧੀਨ ਅਨੁਸੂਚਿਤ ਜਾਤੀਆਂ, ਈਸਾਈ ਭਾਈਚਾਰੇ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਅਤੇ ਹਰ ਜਾਤੀ ਦੀ ਵਿਧਵਾਵਾਂ ਦੀਆਂ ਧੀਆਂ ਅਤੇ ਅਨੁਸੂਚਿਤ ਜਾਤੀ ਦੀਆਂ ਵਿਧਵਾਵਾਂ ਅਤੇ ਤਲਾਕਸ਼ੁਦਾ ਔਰਤਾਂ ਦੇ ਵਿਆਹ ਸਮੇਂ 51,000 ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।ਉਨ੍ਹਾਂ ਅੱਗੇ ਕਿਹਾ ਕਿ ਪਹਿਲਾਂ ਲਾਭਪਾਤਰੀਆਂ ਨੂੰ ਦਸਤਾਵੇਜ਼ਾਂ ਸਮੇਤ ਅਰਜ਼ੀਆਂ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ ਦੇ ਤਹਿਸੀਲ ਦਫ਼ਤਰਾਂ ਵਿੱਚ ਜਮ੍ਹਾਂ ਕਰਵਾਉਣੀਆਂ ਪੈਂਦੀਆਂ ਸਨ, ਜਿਸ ਕਾਰਨ ਕਾਰਵਾਈ ਵਿੱਚ ਦੇਰੀ ਅਤੇ ਤਕਨੀਕੀ ਖਾਮੀਆਂ ਆਉਂਦੀਆਂ ਸਨ। ਸਕੀਮ ਨੂੰ ਆਨਲਾਈਨ ਕਰਨ ਦੇ ਬਾਵਜੂਦ ਨਿੱਜੀ ਸਾਇਬਰ ਕੈਫ਼ਿਆਂ ਵੱਲੋਂ ਵੱਧ ਫੀਸ ਲੈਣ ਸੰਬੰਧੀ ਸ਼ਿਕਾਇਤਾਂ ਮਿਲਦੀਆਂ ਰਹੀਆਂ। ਸ. ਧਾਲੀਵਾਲ ਨੇ ਕਿਹਾ ਕਿ ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਸਰਕਾਰ ਨੇ ਹੁਣ ਅਸ਼ੀਰਵਾਦ ਪੋਰਟਲ ਨੂੰ ਸੇਵਾ ਕੇਂਦਰਾਂ ਨਾਲ ਜੋੜ ਦਿੱਤਾ ਹੈ।ਇਸ ਨਾਲ ਲਾਭਪਾਤਰੀ ਆਪਣੇ ਨੇੜਲੇ ਸੇਵਾ ਕੇਂਦਰ ਤੋਂ ਘੱਟ ਖ਼ਰਚ 'ਤੇ ਆਸਾਨ ਅਤੇ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਸਕੀਮ ਦਾ ਲਾਭ ਲੈ ਸਕਣਗੇ।



# ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਵੱਲੋਂ ਰਾਹਤ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-** ਮਾਝੇ ਦੇ ਜਰਨੈਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਆਫ਼ ਇੰਡੀਆ ਤੋਂ ਮਿਲੀ ਵੱਡੀ ਰਾਹਤ ਤੋਂ ਬਾਅਦ ਅਕਾਲੀ ਦਲ ਦੇ ਵਰਕਰਾਂ ਅਤੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਹੈ।ਅਕਾਲੀ ਆਗੂਆਂ ਅਤੇ ਵਰਕਰਾਂ ਨੇ ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਪੰਜਾਬ ਸਰਕਾਰ ਵੱਲੋਂ ਦਰਜ ਕੀਤਾ ਗਿਆ ਕੇਸ ਪੂਰੀ ਤਰ੍ਹਾਂ ਝੂਠਾ ਅਤੇ ਰਾਜਨੀਤਿਕ ਬਦਲੇ ਦੀ ਭਾਵਨਾ ਨਾਲ ਪ੍ਰੇਰਿਤ ਸੀ।ਵਰਕਰਾਂ ਦਾ ਕਹਿਣਾ ਸੀ ਕਿ ਸੁਪਰੀਮ ਕੋਰਟ ਵੱਲੋਂ ਮਿਲੀ ਇਸ ਰਾਹਤ ਤੋਂ ਬਾਅਦ ਅਕਾਲੀ ਦਲ ਦੇ ਵਰਕਰਾਂ ਵਿੱਚ ਨਵਾਂ ਜੋਸ਼ ਅਤੇ ਚੜ੍ਹਦੀ ਕਲਾ ਵੇਖਣ ਨੂੰ ਮਿਲ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਫੈਸਲਾ ਸਿਰਫ਼ ਬਿਕਰਮ ਸਿੰਘ ਮਜੀਠੀਆ ਲਈ ਹੀ ਨਹੀਂ, ਸਗੋਂ ਹਰ ਉਸ ਵਿਅਕਤੀ ਲਈ ਵੱਡੀ ਰਾਹਤ ਹੈ ਜੋ ਰਾਜਨੀਤਿਕ ਬਦਲੇ ਦੀ ਸਿਆਸਤ ਦਾ ਸ਼ਿਕਾਰ ਬਣਦਾ ਹੈ।ਜ਼ਿਕਰਯੋਗ ਹੈ ਕਿ ਮਜੀਠੀਆ ਪਿਛਲੇ ਲਗਭਗ ਨੌਂ ਮਹੀਨਿਆਂ ਤੋਂ ਜੇਲ੍ਹ ਵਿੱਚ ਬੰਦ ਸਨ।ਲੰਮੇ ਸਮੇਂ ਤੋਂ ਚੱਲ ਰਹੀ ਕਾਨੂੰਨੀ ਲੜਾਈ ਤੋਂ ਬਾਅਦ ਅੱਜ ਜ਼ਮਾਨਤ ਮਿਲੀ ਹੈ। ਵਰਕਰਾਂ ਨੇ ਦਾਅਵਾ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਹੋਰ ਮਜ਼ਬੂਤੀ ਨਾਲ ਲੋਕਾਂ ਦੇ ਹੱਕਾਂ ਦੀ ਲੜਾਈ ਲੜੇਗਾ ਅਤੇ ਸੱਚਾਈ ਦੇ ਰਾਹ 'ਤੇ ਅਡਿੱਗ ਰਹੇਗਾ।ਇਸ ਮੌਕੇ ਹਲਕਾ ਇੰਚਾਰਜ ਜੋਧ ਸਿੰਘ ਸਮਰਾ, ਨੰਗਰ ਪੰਚਾਇਤ ਅਜਨਾਲਾ ਦੇ ਸਾਬਕਾ ਪ੍ਰਧਾਨ ਜ਼ੋਰਾਵਰ ਸਿੰਘ ਅਜਨਾਲਾ, ਅਮਰੀਕ ਸਿੰਘ, ਸੁਰਿੰਦਰ ਸਿੰਘ ਭੱਟੀ, ਬਾਊ ਰਛਪਾਲ ਸਿੰਘ, ਸਾਬਕਾ ਕੌਂਸਲਰ ਰਛਪਾਲ ਸਿੰਘ, ਗੁਰੁਮੁਖ ਸਿੰਘ ਹਰੜ ਕਲਾਂ, ਇਕਬਾਲ ਸਿੰਘ ਸਿੰਟੂ ਅਜਨਾਲਾ, ਸਾਬਕਾ ਸਰਪੰਚ ਪ੍ਰਗਟ ਸਿੰਘ, ਜਗਤਾਰ ਸਿੰਘ, ਪਵਿੱਤਰ ਸਿੰਘ ਫੈਸੀ, ਤਲਵਿੰਦਰ ਸਿੰਘ ਪੁਰਬਾ, ਸਾਬਕਾ ਕੌਂਸਲਰ ਸਵਰਨ ਸਿੰਘ ਗੁਲਾਬ, ਜਗਜੀਤ ਸਿੰਘ, ਅਕਾਸ਼ਦੀਪ ਸਿੰਘ, ਸਵਿੰਦਰ ਸਿੰਘ, ਅਰਮਾਨ ਸਿੰਘ ਆਦਿ ਹਾਜ਼ਰ ਸਨ।



# ਖਾਸ ਦੌਰੇ ਤਹਿਤ ਕਟਾਰੂਚੱਕ ਸੀਐੱਸਸੀ ਸੈਂਟਰ ਸ਼ੇਰਪੁਰ ਤੇ ਬਲਸੂਆ ਪਹੁੰਚੇ




**ਪਠਾਨਕੋਟ (ਦਵਿੰਦਰ ਸਿੰਘ)-** ਸ਼੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵੱਲੋਂ ਸੀਐੱਸਸੀ ਸੈਂਟਰ ਸ਼ੇਰਪੁਰ ਅਤੇ ਬਲਸੂਆ ਦਾ ਵਿਸ਼ੇਸ਼ ਦੌਰਾ ਕੀਤਾ ਗਿਆ ਅਤੇ ਸੈਂਟਰ 'ਤੇ ਬਣਾਏ ਜਾ ਰਹੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਕਾਰਡ ਦਾ ਰੀਵਿਊ ਵੀ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਦੀਪ ਕੁਮਾਰ ਬਲਾਕ ਪ੍ਰਧਾਨ, ਅੰਕੁਰ ਬੇਦੀ, ਪਵਨ ਕੁਮਾਰ ਅਤੇ ਹੋਰ ਪਾਰਟੀ ਦੇ ਅਹੁਦੇਦਾਰ ਵੀ ਹਾਜ਼ਰ ਸਨ।ਇਸ ਮੌਕੇ ਜਾਣਕਾਰੀ ਦਿੰਦਿਆਂ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਇੱਕ ਨਵੇਂ ਉਦੇਸ਼ ਦੀ ਪ੍ਰਾਪਤੀ ਲਈ ਇੱਕ ਨਵਾਂ ਉਦੇਸ਼ ਲੈ ਕੇ ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਪਿਛਲੇ ਦਿਨਾਂ ਦੌਰਾਨ ਇੱਕ ਬਹੁਤ ਵੱਡਾ ਪੰਜਾਬ ਦੇ ਲੋਕਾਂ ਨੂੰ ਤੋਹਫਾ ਦਿੱਤਾ।ਮਾਨ ਸਰਕਾਰ ਵੱਲੋਂ ਪੰਜਾਬੀਆਂ ਦੇ ਲਈ ਜਿੱਥੇ ਪਹਿਲੋਂ ਬਹੁਤ ਕੰਮ ਕੀਤਾ ਗਿਆ ਉਸ ਦੇ ਨਾਲ ਹੀ ਹੁਣ ਇਹ 10 ਲੱਖ ਰੁਪਏ ਦੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਪੰਜਾਬ ਵਿੱਚ ਲਾਗੂ ਕੀਤੀ ਗਈ ਹੈ ਜਿਸ ਦੇ ਨਾਲ ਪੰਜਾਬ ਭਾਰਤ ਦਾ ਇੱਕ ਅਜਿਹਾ ਸੂਬਾ ਬਣ ਗਿਆ ਜਿੱਥੋਂ ਦੇ ਨਾਗਰਿਕਾਂ ਨੂੰ 10 ਲੱਖ ਰੁਪਏ ਤੱਕ ਦਾ ਸਰਕਾਰੀ ਇਲਾਜ ਫ੍ਰੀ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਹ ਬਹੁਤ ਵੱਡੀ ਯੋਜਨਾ ਹੈ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬੀਆਂ ਲਈ ਲੈ ਕੇ ਆਈ ਹੈ, ਇਸ ਦਾ ਵੱਧ ਤੋਂ ਵੱਧ ਲਾਭ ਉਠਾਓ।ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਿਹਤ ਬੀਮਾ ਯੋਜਨਾ ਤਹਿਤ ਆਪਣੀ ਰਜਿਸਟਰੇਸ਼ਨ ਕਰਾਉਣਾ ਲਾਜ਼ਮੀ ਬਣਾਉਣ।

# ਮਜੀਠੀਆ ਨੂੰ ਜ਼ਮਾਨਤ ਮਿਲਣ ਨਾਲ ਅਕਾਲੀ ਵਰਕਰਾਂ ਦੇ ਹੌਸਲੇ ਬੁਲੰਦ ਹੋਏ : ਜਹਾਂਗੀਰ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-** ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਕਮਜ਼ੋਰ ਕਰਨ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਬਿਕਰਮ ਸਿੰਘ ਮਜੀਠੀਆ ਉੱਪਰ ਕੀਤੇ ਝੂਠੇ ਪਰਚਿਆਂ ਵਿੱਚ ਮਾਣਯੋਗ ਸੁਪਰੀਮ ਕੋਰਟ ਵੱਲੋਂ ਮਜੀਠੀਆ ਨੂੰ ਜ਼ਮਾਨਤ ਦੇਣ ਨਾਲ ਅਕਾਲੀ ਵਰਕਰਾਂ ਦੇ ਹੌਸਲੇ ਬੁਲੰਦ ਹੋਏ ਹਨ ਅਤੇ ਅਤੇ ਵਿਰੋਧੀ ਧਿਰਾਂ ਦੇ ਸਾਹ ਸੂਤੇ ਗਏ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜਥੇਦਾਰ ਦਲਬੀਰ ਸਿੰਘ ਜਹਾਂਗੀਰ ਕੌਮੀ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਕਰਦਿਆਂ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਜੇਲ੍ਹ ਜਾਣਾ ਪਿਆ ਹੋਏ।ਇਸ ਤੋਂ ਪਹਿਲਾਂ ਵੀ ਸਵ ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ, ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਬਹੁਤ ਸਾਰੇ ਆਗੂਆਂ ਨੇ ਪੰਜਾਬ ਦੇ ਹਿੱਤਾਂ ਦੀ ਖਾਤਰ ਜੇਲ੍ਹਾਂ ਕੱਟੀਆਂ ਹਨ।ਜਹਾਂਗੀਰ ਨੇ ਕਿਹਾ ਕਿ ਅਕਾਲੀ ਆਗੂ ਭਗਵੰਤ ਮਾਨ ਸਰਕਾਰ ਦੇ ਝੂਠੇ ਪਰਚਿਆਂ ਤੋਂ ਡਰਨ ਵਾਲੇ ਨਹੀਂ ਅਤੇ ਸਾਨੂੰ ਮਾਣਯੋਗ ਅਦਾਲਤਾਂ ਉਪਰ ਮਾਣ ਹੈ ਜੋ ਕਦੇ ਕਿਸੇ ਨਾਲ ਬੇਇਨਸਾਫ਼ੀ ਨਹੀਂ ਕਰਦੀਆ।ਇਸ ਮੌਕੇ ਉਨ੍ਹਾਂ ਨਾਲ ਜਥੇਦਾਰ ਮੇਘ ਸਿੰਘ ਪ੍ਰੈੱਸ ਸਕੱਤਰ ਹਲਕਾ ਖਡੂਰ ਸਾਹਿਬ, ਸੁਖਜਿੰਦਰ ਸਿੰਘ ਲਾਡੀ ਸਾਬਕਾ ਸੰਮਤੀ ਮੈਂਬਰ, ਜਥੇਦਾਰ ਗੱਜਣ ਸਿੰਘ, ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।



# ਸਾਲਾਨਾ ਲਿਟਲ ਸਪਰਾਊਟਸ ਦਾ ਸਪੋਰਟਸ ਡੇਅ ਬੜੀ ਧੂਮਧਾਮ ਨਾਲ ਮਨਾਇਆ

**ਧਾਰੀਵਾਲ, (ਮਨਦੀਪ ਵਿੱਕੀ)-** ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ, ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿਖੇ ਸਾਲਾਨਾ ਲਿਟਲ ਸਪਰਾਊਟਸ ਦਾ ਸਪੋਰਟਸ ਡੇ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ।ਇਸ ਸਮਾਰੋਹ ਦਾ ਆਰੰਭ ਪ੍ਰਾਰਥਨਾ ਅਤੇ ਮੁੱਖ ਮਹਿਮਾਨ ਸਰਦਾਰ ਅਮਰਜੀਤ ਸਿੰਘ ਚਾਹਲ ਜੀ ਵੱਲੋਂ ਝੰਡਾ ਲਹਿਰਾ ਕੇ ਕੀਤਾ ਗਿਆ।ਉਪਰੰਤ ਲੈਂਪ ਲਾਈਟਿੰਗ ਕੀਤੀ ਗਈ ਅਤੇ ਲਿਟਲ ਸਪਰਾਊਟਸ ਦੇ ਵਿਦਿਆਰਥੀਆਂ ਦੁਆਰਾ ਮਿਸ਼ਾਲ ਨੂੰ ਲੈ ਕੇ ਖੇਡ ਦੇ ਮੈਦਾਨ ਦਾ ਚੱਕਰ ਲਗਾਇਆ ਗਿਆ।ਇਸ ਮੌਕੇ ਬਾਬਾ ਬੰਦਾ ਸਿੰਘ ਬਹਾਦਰ ਇੰਸਟੀਚਿਊਟ ਦੇ ਸਟਾਫ ਮੈਂਬਰ ਪ੍ਰੀਤਮ ਸਿੰਘ ਅਤੇ ਸਰਦਾਰ ਮਨਦੀਪ ਸਿੰਘ, ਗਗਨਦੀਪ ਕੌਰ, ਰਜਨੀ ਅਬਰੋਲ ਅਤੇ ਜੀਵਨ ਜੋਤੀ ਵੀ ਮੌਜੂਦ ਸਨ। ਲਿਟਲ ਸਪਰਾਊਟਸ ਦੇ ਵਿਦਿਆਰਥੀਆਂ ਨੇ ਮਾਰਚ ਪਾਸਟ ਕਰਕੇ ਸਾਰਿਆਂ ਦਾ ਮਨ ਮੋਹ ਲਿਆ।ਇਹ ਖੇਡ ਮੁਕਾਬਲੇ ਨਰਸਰੀ, ਐੱਲਕੇਜੀ ਅਤੇ ਯੂਕੇਜੀ ਜਮਾਤ ਦੇ ਵਿਦਿਆਰਥੀਆਂ ਦੇ ਕਰਵਾਏ ਗਏ ਜਿਸ ਵਿੱਚ ਬਾਲ ਕੁਲੈਕਟ ਬਾਸਕਿਟ, ਰੈਲੀ ਰੇਸ, ਜਿਗ-ਜੈਗ, ਕੱਪ ਬੈਲੇਂਸ ਰੇਸ, ਰਿੰਗ ਰੇਸ, ਚੇਅਰ ਗੇਮ, ਬੰਨੀ ਰੇਸ, ਪਿਕ ਐਂਡ ਡਰੋਪ ਆਦਿ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੇ ਖੇਡਾਂ ਵਿੱਚ ਪੂਰੀ ਲਗਨ ਅਤੇ ਖੇਡ ਭਾਵਨਾ ਨਾਲ ਭਾਗ ਲਿਆ।ਇਸ ਮੌਕੇ ਸਕੂਲ ਦੇ ਅਧਿਆਪਕਾਂ ਦੇ ਵੀ ਕਪਲ ਰੇਸ, ਬੈਲੇਂਸ ਰੇਸ, ਸਲੋਅ ਰੇਸ ਮੁਕਾਬਲੇ ਕਰਵਾਏ ਗਏ ਜਿਸ ਨਾਲ ਸਮਾਰੋਹ ਹੋਰ ਵੀ ਰੌਣਕਦਾਰ ਬਣ ਗਿਆ।ਇਸ ਮੌਕੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਨੇ ਵਿਦਿਆਰਥੀਆਂ ਨੂੰ ਖੇਡਾਂ ਵੱਲ ਧਿਆਨ ਦੇਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਕਿਹਾ ਕਿ ਖੇਡ ਮੁਕਾਬਲਿਆਂ ਨਾਲ ਵਿਦਿਆਰਥੀਆਂ ਵਿੱਚ ਏਕਤਾ, ਅਨੁਸ਼ਾਸਨ ਅਤੇ ਟੀਮ ਵਰਕ ਦੀ ਭਾਵਨਾ ਪੈਦਾ ਹੁੰਦੀ ਹੈ।ਇਸ ਦੌਰਾਨ ਪ੍ਰਿੰਸੀਪਲ ਕਿਰਨ ਕੇਸਰ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਦੱਸਿਆ ਅਤੇ ਉਨ੍ਹਾਂ ਨੂੰ ਪੜ੍ਹਾਈ ਨਾਲ ਨਾਲ ਖੇਡਾਂ ਵਿੱਚ ਵੀ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਸਮਾਰੋਹ ਦੇ ਅੰਤ ਵਿੱਚ ਨਤੀਜੇ ਐਲਾਨੇ ਗਏ ਅਤੇ ਵਿਦਿਆਰਥੀਆਂ ਨੂੰ ਇਨਾਮ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਪ੍ਰਿੰ. ਕਿਰਨ ਕੇਸਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਸਮੂਹ ਸਟਾਫ਼ ਦਾ ਧੰਨਵਾਦ ਕੀਤਾ।




# ਨਵਾਂ ਸ਼ਾਲਾ ਤੇ ਛੀਨਾ ਬੇਟ 'ਚ 10 ਲੱਖ ਦੇ ਮੁਫਤ ਸਿਹਤ ਬੀਮਾ ਕਾਰਡ ਬਣਾਉਣ ਦੀ ਪ੍ਰਕਿਰਿਆ ਸ਼ੁਰੂ

**ਗੁਰਦਾਸਪੁਰ, (ਜਨਕ ਮਹਾਜਨ)-** ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਪੈਂਦੇ ਪਿੰਡ ਨਵਾਂ ਸ਼ਾਲਾ ਅਤੇ ਛੀਨਾ ਬੇਟ ਵਿੱਚ ਮੁੱਖ ਮੰਤਰੀ ਸਿਹਤ ਬੀਮਾ ਮੁਫ਼ਤ ਯੋਜਨਾ ਤਹਿਤ ਮੁਫ਼ਤ ਕਾਰਡ ਬਣਾਉਣ ਦੀ ਪ੍ਰਕਿਰਿਆ ਐਡਵੋਕੇਟ ਸੁੱਚਾ ਸਿੰਘ ਮੁਲਤਾਨੀ ਜਿਲ੍ਹਾ ਪ੍ਰੀਸ਼ਦ ਮੈਂਬਰ ਗੁਰਦਾਸਪੁਰ ਦੀ ਯੋਗ ਪ੍ਰਬੰਧਾਂ ਹੇਠ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਉਚੇਚੇ ਤੌਰ 'ਤੇ ਤਹਿਸੀਲਦਾਰ ਦੀਨਾਨਗਰ ਬਲਵਿੰਦਰ ਸਿੰਘ ਅਤੇ ਬੀਡੀਪੀਓ ਨਿਰਮਲ ਸਿੰਘ ਦੀਨਾਨਗਰ ਸ਼ਾਮਿਲ ਹੋਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਤਹਿਸੀਲਦਾਰ ਬਲਵਿੰਦਰ ਸਿੰਘ ਅਤੇ ਬੀਡੀਪੀਓ ਨਿਰਮਲ ਸਿੰਘ ਦੀਨਾਨਗਰ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਐਡਵੋਕੇਟ ਸੁੱਚਾ ਸਿੰਘ ਮੁਲਤਾਨੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਹੁਕਮਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੀ ਸੁਵਿਧਾ ਕੇਂਦਰ ਦੀ ਟੀਮ ਜਿਸ ਦੀ ਅਗਵਾਈ ਪੂਜਾ ਦੇਵੀ ਅਪਰੇਟਰ, ਸ਼ਾਮ ਲਾਲਾ ਅਤੇ ਅਜੇ ਕੁਮਾਰ ਕਰ ਰਹੇ ਸਨ। ਇਸ ਮੌਕੇ ਗੁਰਸਰਨਜੀਤ ਸਿੰਘ ਟਿੰਕੂ, ਸਰਪੰਚ ਸੁਰਿੰਦਰ ਜੱਜ, ਮਨਜਿੰਦਰ ਸਿੰਘ, ਪਰਮਜੀਤ ਸਿੰਘ, ਸਰਪੰਚ ਮਹਿੰਦਰ ਸਿੰਘ, ਬਲਵਿੰਦਰ ਸਿੰਘ ਲਾਡੀ, ਬਲਵੀਰ ਸਿੰਘ, ਬਲਦੇਵ ਸਿੰਘ, ਰਘਬੀਰ ਸਿੰਘ, ਬਿਮਲ ਕੁਮਾਰ, ਸਾਬਕਾ ਸਰਪੰਚ ਪ੍ਰੇਮ ਲਾਲ, ਸਰਪੰਚ ਸੁਰਜੀਤ ਸਿੰਘ, ਬਲਾਕ ਸੰਮਤੀ ਮੈਂਬਰ ਵਜੀਰ ਸਿੰਘ, ਤੀਰਥ ਸਿੰਘ, ਪਲਦੀਪ ਸਿੰਘ, ਸਰਪੰਚ ਸਤਿੰਦਰਪਾਲ ਸਿੰਘ, ਮੈਂਬਰ ਜਗਦੀਸ਼ ਰਾਜ, ਸੂਬੇਦਾਰ ਸ਼ਮਸ਼ੇਰ ਸਿੰਘ ਤੋਂ ਇਲਾਵਾ ਅਨੇਕਾਂ ਪਿੰਡਾਂ ਦੇ ਆਮ ਆਦਮੀ ਪਾਰਟੀ ਦੇ ਵਰਕਰ ਤੇ ਵਲੰਟੀਅਰ ਹਾਜ਼ਰ ਸਨ।




# ਕੇਂਦਰੀ ਬਜਟ ਮਿਹਨਤਕਸ਼ ਲੋਕਾਂ ਨਾਲ ਧੋਖਾ : ਕਾਮਰੇਡ ਦਦੇਹਰ/ਚੋਹਲਾ

**ਸਰਹਾਲੀ ਕਲਾਂ/ਚੋਹਲਾ, ਸਾਹੀਬ (ਰਮਨ ਚੱਢਾ)-** ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਬਜਟ 'ਤੇ ਪ੍ਰਤੀਕਿਰਿਆ ਦਿੰਦਿਆਂ ਭਾਰਤੀ ਕਮਿਊਨਿਸਟ ਪਾਰਟੀ ਬਲਾਕ ਨੌਸ਼ਹਿਰਾ/ਚੋਹਲਾ ਦੇ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਅਤੇ ਮੀਤ ਸਕੱਤਰ ਪਰਮਜੀਤ ਸਿੰਘ ਚੋਹਲਾ ਨੇ ਕਿਹਾ ਕਿ ਵਿੱਤ ਮੰਤਰੀ ਵੱਲੋਂ ਪਾਰਲੀਮੈਂਟ ਵਿੱਚ ਪੇਸ਼ ਕੀਤਾ ਗਿਆ ਬਜਟ ਐਵੇਂ ਅੰਕੜਿਆਂ ਦਾ ਹੇਰ-ਫੇਰ ਹੈ।ਇਸ ਬਜਟ ਵਿੱਚ ਮਿਹਨਤਕਸ਼ ਲੋਕਾਂ ਨੂੰ ਕਿਸੇ ਕਿਸਮ ਦੀ ਰਾਹਤ ਜਾਂ ਭਲਾਈ ਦੀ ਕੋਈ ਤਜਵੀਜ਼ ਨਹੀਂ।ਦਰਅਸਲ ਦੇਸ਼ ਦਾ ਅਰਥਚਾਰਾ ਮੋਟੇ ਤੌਰ 'ਤੇ ਕਾਰਪੋਰੇਟ ਘਰਾਣਿਆਂ ਦੇ ਇਸ਼ਾਰੇ 'ਤੇ ਚਲਾਇਆ ਜਾ ਰਿਹਾ ਹੈ, ਜਿਸ ਕਰਕੇ ਬਜਟ ਇਸ ਢੰਗ ਨਾਲ ਬਣਾਇਆ ਜਾਂਦਾ ਹੈ ਕਿ ਕਾਰਪੋਰੇਟ ਘਰਾਣਿਆਂ ਦੇ ਮੁਨਾਫ਼ੇ ਹੋਰ ਵੱਡੇ ਹੋਣ।ਦੇਸ਼ ਦੀ ਵੱਡੀ ਲੋੜ ਹੈ ਕਿ ਬੇਰੁਜ਼ਗਾਰੀ ਦੇ ਮਾਰੇ ਨੌਜਵਾਨ ਮੁੰਡੇ ਕੁੜੀਆਂ ਨੂੰ ਕੰਮ ਦਿੱਤਾ ਜਾਵੇ।ਕਿਸਾਨ ਨੂੰ ਹਰ ਫ਼ਸਲ 'ਤੇ ਐੱਮਐੱਸਪੀ ਦਿੱਤੀ ਜਾਵੇ।ਘੱਟੋ-ਘੱਟ ਮਿਹਨਤਾਨਾ ਤੀਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ, ਬੁਢਾਪਾ ਅਤੇ ਵਿਧਵਾ ਤੇ ਅੰਗਹੀਣ ਪੈਨਸ਼ਨ ਦਸ ਹਜ਼ਾਰ ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ।



# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਦੂਜੇ ਪੜਾਅ ਤਹਿਤ ਪੈਦਲ ਯਾਤਰਾ ਕੱਢੀ

**ਬਟਾਲਾ, (ਡਾ. ਮਲਵਿੰਦਰ ਸਿੰਘ)-** ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿੱਤਿਆ ਉਪਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਤਹਿਤ ਜਿਲ੍ਹੇ ਅੰਦਰ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਲ ਯਾਤਰਾ ਕੱਢੀਆਂ ਜਾ ਰਹੀਆਂ ਹਨ।ਗੁਰਸਿਮਰਨ ਸਿੰਘ ਢਿੱਲੋਂ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ, ਜਿਸ ਤਹਿਤ ਨਸ਼ਿਆਂ ਵਿਰੁੱਧ ਵਿੱਢੇ ਯੁੱਧ ਦੇ ਦੂਜੇ ਪੜਾਅ ਤਹਿਤ ਪਿੰਡਾਂ ਅਤੇ ਵਾਰਡਾਂ ਵਿੱਚ ਪੈਦਲ ਯਾਤਰਾ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ਼ ਇਕਜੁੱਟ ਕੀਤਾ ਜਾ ਸਕੇ।ਉਨ੍ਹਾਂ ਦੱਸਿਆ ਬਟਾਲਾ ਦੀ ਵਾਰਡ ਨੰਬਰ 3, 4 ਅਤੇ 5 ਸਮੇਤ ਵੱਖ-ਵੱਖ ਵਾਰਡਾਂ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਯਾਤਰਾਵਾਂ ਕੀਤੀਆਂ ਗਈਆਂ ਜਿਸ ਵਿੱਚ ਨਸ਼ਾ ਮੁਕਤੀ ਮੋਰਚਾ ਦੇ ਮੈਂਬਰਾਂ ਸਮੇਤ ਲੋਕਾਂ ਨੇ ਸ਼ਮੂਲੀਅਤ ਕੀਤੀ।ਦੱਸਣਯੋਗ ਹੈ ਕਿ ਪਿੰਡ ਦੇ ਪਹਿਰੇਦਾਰ ਬਣਨ ਲਈ 98991-00002 ਨੰਬਰ ਜਾਰੀ ਕੀਤਾ ਗਿਆ ਹੈ, ਜਿਸ 'ਤੇ ਮਿਸਡ ਕਾਲ ਦੇ ਕੇ ਲੋਕ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਇਸ ਨੰਬਰ ਤੇ ਮਿਸ ਕਾਲ ਦੇ ਕੇ ਕੋਈ ਵੀ ਨਾਗਰਿਕ ਨਸ਼ਾ ਤਸਕਰ ਵਿਰੁੱਧ ਮੁਹਿੰਮ ਵਿੱਚ ਸ਼ਾਮਲ ਹੋ ਸਕਦਾ ਹੈ।ਇਸ ਮੌਕੇ ਮਨਜੀਤ ਸਿੰਘ ਬੰਮਰਾਹ, ਹਲਕਾ ਕੁਆਰਡੀਨੇਟਰ ਨਸ਼ਾ ਮੁਕਤੀ ਮੋਰਚਾ, ਨਗਰ ਨਿਗਮ ਦਫਤਰ ਤੋਂ ਪਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਪ੍ਰਧਾਨ ਵੀਨੂੰ ਕਾਹਲੋਂ, ਅਮਰੀਕ ਸਿੰਘ, ਭੁਪਿੰਦਰ ਸਿੰਘ, ਅਮਿਤ ਸੋਢੀ, ਪ੍ਰਦੀਪ ਕੁਮਾਰ ਸਮੇਤ ਵਾਰਡ ਵਾਸੀ ਮੌਜੂਦ ਸਨ।



# ਮੌਜੂਦਾ ਬਜਟ ਮੋਦੀ ਸਰਕਾਰ ਦੇ ਪਿਛਲੇ ਬਜਟਾਂ ਤੋਂ ਕੋਈ ਵੱਖਰਾ ਨਹੀਂ : ਕਾਮਰੇਡ ਬਖਤਪੁਰਾ

**ਧਾਰੀਵਾਲ, (ਮਨਦੀਪ ਵਿੱਕੀ)-** ਸੀਪੀਐੱਮਐੱਲ ਲਿਬਰੇਸ਼ਨ ਨੇ ਪ੍ਰਧਾਨ ਮੰਤਰੀ ਵੱਲੋਂ ਆਪਣੇ ਸਾਲਾਨਾ ਬਜਟ ਨੂੰ ਇਤਿਹਾਸਿਕ ਬਜਟ ਦੱਸਣ ਦੇ ਦਾਅਵੇ ਨੂੰ ਅਲਫਾਜ਼ੀ ਦਾਅਵੇ ਦੱਸਦਿਆਂ ਕਿਹਾ ਕਿ ਇਹ ਬਜਟ ਕਿਸੇ ਤਰ੍ਹਾਂ ਵੀ ਮੋਦੀ ਸਰਕਾਰ ਦੇ ਬੀਤੇ ਬਜਟਾਂ ਤੋਂ ਵੱਖਰਾ ਜਾਂ ਕੋਈ ਖਾਸ ਨਹੀਂ ਹੈ।ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਅਤੇ ਪਾਰਟੀ ਬੁਲਾਰੇ ਸੁਦਰਸ਼ਨ ਨੱਤ ਨੇ ਕਿਹਾ ਕਿ ਦੇਸ਼ ਦੇ ਬਹੁ-ਗਿਣਤੀ ਲੋਕਾਂ ਦੀ ਅੱਜ ਵੀ ਮੁੱਖ ਸਮੱਸਿਆ ਰੋਟੀ, ਕੱਪੜਾ ਅਤੇ ਮਕਾਨ ਹੈ, ਜਿਸ ਦਾ ਹੱਲ ਕੇਵਲ ਤੇ ਕੇਵਲ ਰੁਜ਼ਗਾਰ ਰਾਹੀਂ ਹੀ ਕੀਤਾ ਜਾ ਸਕਦਾ ਹੈ ਪਰ ਮੌਜੂਦਾ ਬਜਟ ਵਿੱਚ ਰੁਜ਼ਗਾਰ ਵਿੱਚ ਵਾਧਾ ਕਰਨ ਲਈ ਕੁਝ ਵੀ ਨਵਾਂ ਨਹੀਂ ਕੀਤਾ ਗਿਆ।ਦੇਸ਼ ਵਿੱਚ ਸਭ ਤੋਂ ਵੱਧ ਰੁਜ਼ਗਾਰ ਘਰੇਲੂ, ਛੋਟੇ ਅਤੇ ਮੱਧ ਵਰਗੀ ਉਦਯੋਗਾਂ ਦੁਆਰਾ ਦਿੱਤਾ ਜਾਂਦਾ ਹੈ, ਜਿਸ ਲਈ ਬਜਟ ਵਿੱਚ ਕੇਵਲ 10 ਹਜ਼ਾਰ ਕਰੋੜ ਰੁਪਏ ਰੱਖੇ ਗਏ ਹਨ।ਪੰਜਾਬ ਅਤੇ ਇਸ ਖਿੱਤੇ ਦੇ ਕਿਸਾਨਾਂ ਦੇ ਹਿੱਤਾਂ ਬਾਬਤ ਬਜਟ ਚੁੱਪ ਹੈ।ਕੇਂਦਰ ਸਰਕਾਰ ਨੇ ਪਿੰਡਾਂ ਦੇ ਲੋਕਾਂ ਨੂੰ 2007 ਤੋਂ ਮਿਲਦੇ ਆ ਰਹੇ ਇੱਕੋ ਇੱਕ ਮਨਰੇਗਾ ਰੋਜ਼ਗਾਰ ਨੂੰ ਵੀ ਨਵੇਂ ਕਾਨੂੰਨ ਜੀ ਰਾਮ ਜੀ ਨੂੰ ਲਾਗੂ ਕਰਕੇ ਕੰਮ ਕਰਨ ਤੋਂ ਅਸਮਰੱਥ ਬਣਾ ਦਿੱਤਾ ਹੈ।ਇਸ ਤੋਂ ਬਿਨਾਂ ਦੇਸ਼ ਦੇ ਨੌਜਵਾਨਾਂ ਨੂੰ ਸਭ ਤੋਂ ਵੱਧ ਨੌਕਰੀਆਂ ਫੌਜ ਵਿੱਚ ਮਿਲਦੀਆਂ ਸਨ, ਜਿਨ੍ਹਾਂ ਨੌਕਰੀਆਂ ਨੂੰ ਅਗਨੀ ਵੀਰ ਸਕੀਮ ਦੀ ਭੇਟ ਚਾੜ੍ਹ ਦਿੱਤਾ ਗਿਆ ਅਤੇ ਇਸ ਬਜਟ ਵਿੱਚ ਇਸ ਸਕੀਮ ਨੂੰ ਵਾਪਸ ਲੈਣ ਦਾ ਵੀ ਕੋਈ ਹੀਲਾ ਨਹੀਂ ਕੀਤਾ ਗਿਆ।ਅਸਲ ਵਿੱਚ ਮੋਦੀ ਸਰਕਾਰ ਨੇ ਆਪਣੇ ਬੀਤੇ 11 ਸਾਲਾਂ ਦੇ ਰਾਜ ਦੌਰਾਨ ਵੱਡੇ ਪੂੰਜੀਪਤੀਆਂ ਅਤੇ ਸਾਮਰਾਜੀਆਂ ਦੇ ਹਿੱਤਾਂ ਦੀ ਰਾਖੀ ਲਈ ਹੀ ਕੇਵਲ ਕੰਮ ਕੀਤਾ ਹੈ ਅਤੇ ਸਰਕਾਰ ਵੱਲੋਂ ਇਨ੍ਹਾਂ ਸਾਲਾਂ ਵਿੱਚ ਲਿਆਂਦੀਆਂ ਗਈਆਂ ਯੋਜਨਾਵਾਂ ਕਿਸੇ ਤਰ੍ਹਾਂ ਵੀ ਪੂਰੀਆਂ ਨਹੀਂ ਕੀਤੀਆਂ ਗਈਆਂ। ਸਵੱਛ ਭਾਰਤ ਯੋਜਨਾ, ਪ੍ਰਧਾਨ ਮੰਤਰੀ ਅਵਾਸ ਯੋਜਨਾ, ਉਜਾਲਾ ਯੋਜਨਾ ਅਤੇ ਮੇਕ ਇਨ ਇੰਡੀਆ ਵਰਗੀਆਂ ਸਭ ਯੋਜਨਾਵਾਂ ਅੱਧ ਵਿੱਚ ਹੀ ਦਮ ਤੋੜ ਚੁੱਕੀਆਂ ਹਨ।ਮੋਦੀ ਸਰਕਾਰ ਪੁਰਾਣੀਆਂ ਯੋਜਨਾਵਾਂ ਦੇ ਨਤੀਜੇ ਜਾਨਣ ਤੋਂ ਬਿਨਾਂ ਹੀ ਆਪਣੇ ਵੋਟ ਰਾਜਨੀਤੀ ਦੇ ਹਿੱਤਾਂ ਦੀ ਪੂਰਤੀ ਲਈ ਐਲਾਨ ਦਰ ਐਲਾਨ ਕਰਨ ਦੀ ਆਦੀ ਹੋ ਚੁੱਕੀ ਹੈ।



# ਪੰਜਾਬ ਸਖੀ ਸ਼ਕਤੀ ਮੇਲੇ ਦੀਆਂ ਤਿਆਰੀਆਂ ਸਬੰਧੀ ਮੀਟਿੰਗ



**ਗੁਰਦਾਸਪੁਰ, (ਜਨਕ ਮਹਾਜਨ)-** ਗੁਰਪ੍ਰੀਤ ਸਿੰਘ ਗਿੱਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਪੰਜਾਬ ਸਖੀ ਸ਼ਕਤੀ ਮੇਲਾ-2026 ਦੀਆਂ ਤਿਆਰੀਆਂ ਨੂੰ ਲੈ ਕੇ ਇਕ ਅਹਿਮ ਮੀਟਿੰਗ ਹੋਈ। ਮੀਟਿੰਗ ਦੌਰਾਨ ਮੇਲੇ ਦੀ ਸੁਚਾਰੂ ਆਯੋਜਨਾ, ਸੁਰੱਖਿਆ ਪ੍ਰਬੰਧਾਂ ਅਤੇ ਵਿਭਾਗੀ ਤਾਲਮੇਲ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਗਈ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਖੀ ਸ਼ਕਤੀ ਮੇਲਾ-2026 ਪੁਰਾਣਾ ਬੱਸ ਅੱਡਾ ਗੁਰਦਾਸਪੁਰ ਵਿਖੇ 10 ਤੋਂ 13 ਫਰਵਰੀ ਤੱਕ ਲੱਗੇਗਾ। ਇਹ ਮੇਲਾ ਪੇਂਡੂ ਵਿਕਾਸ ਅਤੇ ਪੰਚਾਇਤੀ ਵਿਭਾਗ ਅਤੇ ਪੰਜਾਬ ਉਦਯੋਗ ਅਤੇ ਵਣਜ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਕਰਵਾਇਆ ਜਾ ਰਿਹਾ ਹੈ। ਗੁਰਪ੍ਰੀਤ ਸਿੰਘ ਗਿੱਲ ਨੇ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੇਲੇ ਦੀਆਂ ਤਿਆਰੀਆਂ ਸਮੇਂ-ਸਿਰ ਪੂਰੀਆਂ ਕਰਨ ਅਤੇ ਆਉਣ ਵਾਲੇ ਲੋਕਾਂ ਨੂੰ ਹਰ ਸੰਭਵ ਸਹੂਲਤ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਡਾ. ਕੀਰਤਪ੍ਰੀਤ ਕੌਰ, ਐਕਸੀਅਨ ਵਾਟਰ ਸਪਲਾਈ ਕੰਵਰਜੀਤ ਰੱਤੜਾ, ਜੇ. ਈ. ਕਰਨਬੀਰ ਸਿੰਘ, ਰੁਪਿੰਦਰ ਕੌਰ ਬੀਪੀਐੱਮ, ਬਲਾਕ ਇੰਚਾਰਜ ਹਰਪ੍ਰੀਤ ਕੌਰ ਅਤੇ ਵੱਖ-ਵੱਖ ਅਧਿਕਾਰੀ ਹਾਜ਼ਰ ਸਨ।

# 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜ਼ਰੂਰੀ ਆਦੇਸ਼

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇੱਕ ਜ਼ਰੂਰੀ ਆਦੇਸ਼ ਜਾਰੀ ਕਰਕੇ ਇਸ ਮਾਮਲੇ ਨਾਲ ਸਬੰਧਤ ਸਮੂਹ ਧਿਰਾਂ ਨੂੰ ਸਖ਼ਤ ਹਦਾਇਤ ਕੀਤੀ ਹੈ।ਜਾਰੀ ਕੀਤੀ ਗਏ ਆਦੇਸ਼ ਵਿੱਚ ਜਥੇਦਾਰ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਜਾਗਤ ਜੋਤ ਗੁਰੂ ਹਨ ਜਿਨ੍ਹਾਂ ਨਾਲ ਹਰ ਗੁਰੂ ਨਾਨਕ ਨਾਮ ਲੇਵਾ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ।ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਹਦਾਇਤ ਕੀਤੀ ਗਈ ਸੀ ਕਿ ਇਸ ਮਾਮਲੇ ਵਿੱਚ ਕਿਸੇ ਵੀ ਧਿਰ ਵੱਲੋਂ ਸਿਆਸਤ, ਦੂਸ਼ਣਬਾਜ਼ੀ, ਕਾਹਲੀ ਅਤੇ ਬਿਆਨਬਾਜ਼ੀ ਨਾ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਇਹ ਧਿਆਨ ਵਿੱਚ ਆਇਆ ਹੈ ਕਿ ਕੀਤੀ ਗਈ ਹਦਾਇਤ ਦੇ ਬਾਵਜੂਦ ਵੀ ਇਸ ਮਾਮਲੇ ਵਿੱਚ ਕੁਝ ਸਬੰਧਤ ਧਿਰਾਂ ਵੱਲੋਂ ਲਗਾਤਾਰ ਬਿਆਨਬਾਜ਼ੀ ਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ ਅਤੇ ਮੀਡੀਆ, ਸੋਸ਼ਲ ਮੀਡੀਆ ਉਪਰ ਵੀ ਟ੍ਰਾਇਲ ਚਲਾਇਆ ਜਾ ਰਿਹਾ ਹੈ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੀ ਹਦਾਇਤ ਦੀ ਭਾਵਨਾ ਦਾ ਸਤਿਕਾਰ ਨਹੀਂ।ਆਦੇਸ਼ ਵਿੱਚ ਉਨ੍ਹਾਂ ਕਿਹਾ ਕਿ ਜਦੋਂ ਤੱਕ ਜਾਂਚ ਪੜਤਾਲ ਮੁਕੰਮਲ ਨਹੀਂ ਹੁੰਦੀ ਅਤੇ ਸੱਚ ਸਾਹਮਣੇ ਨਹੀਂ ਆਉਂਦਾ, ਉਦੋਂ ਤੱਕ ਕਿਸੇ ਵੀ ਧਿਰ ਜਾਂ ਮੀਡੀਆ ਵੱਲੋਂ ਇਸ ਮਾਮਲੇ ਵਿੱਚ ਬੋਲਣਾ ਅਤੇ ਆਪੋ-ਆਪਣੇ ਹਿਸਾਬ ਨਾਲ ਤੱਥ ਪੇਸ਼ ਕਰਨੇ ਜਾਂ ਬਿਰਤਾਂਤ ਖੜ੍ਹਾ ਕਰਨਾ ਬਿਲਕੁਲ ਵੀ ਵਾਜਬ ਨਹੀਂ, ਕਿਉਂਕਿ ਇਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਅਤੇ ਸੰਗਤਾਂ ਵਿੱਚ ਦੁਵਿਧਾ ਪੈਦਾ ਹੁੰਦੀ ਹੈ। ਜਾਂਚ ਮੁਕੰਮਲ ਹੋਣ ਤੱਕ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਜਾਂ ਸਮੂਹ ਧਿਰਾਂ ਜਾਂ ਸਬੰਧਤ ਧਿਰਾਂ ਦੇ ਵਕੀਲਾਂ ਨੂੰ ਵੀ ਇਹ ਅਧਿਕਾਰ ਨਹੀਂ ਹੈ ਕਿ ਉਹ ਇਸ ਮਾਮਲੇ ਉਤੇ ਕੋਈ ਪ੍ਰੈੱਸ ਵਾਰਤਾ ਕਰਨ ਜਾਂ ਕਿਸੇ ਤਰ੍ਹਾਂ ਦੀ ਸਿਆਸਤ ਕਰਨ ਜਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਜਾਂ ਮੀਡੀਆ ਟ੍ਰਾਇਲ ਨੂੰ ਉਤਸ਼ਾਹਿਤ ਕਰਨ ਜਾਂ ਆਪਣੇ ਪੱਧਰ ਉਤੇ ਫ਼ੈਸਲੇ ਦੇਣ।ਉਨ੍ਹਾਂ ਕਿਹਾ ਕਿ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਪੁਲਸ ਦੀ ਜਾਂਚ ਟੀਮ ਜਦੋਂ ਵੀ ਕਿਤੇ ਜਾਂਚ ਪੜਤਾਲ ਦੀ ਕਾਰਵਾਈ ਲਈ ਜਾ ਰਹੀ ਹੈ ਤਾਂ ਉਸ ਦੀ ਜਾਣਕਾਰੀ ਮੀਡੀਆ ਨੂੰ ਲੀਕ ਕਰਕੇ ਖ਼ਬਰਾਂ ਚਲਵਾਈਆਂ ਜਾ ਰਹੀਆਂ ਹਨ ਜੋ ਕਿ ਜ਼ਿੰਮੇਵਾਰੀ ਵਾਲੀ ਅਤੇ ਸੰਜੀਦਾ ਪਹੁੰਚ ਨਹੀਂ ਹੈ।



# ਕੇਂਦਰ ਸਰਕਾਰ ਵੱਲੋਂ ਪੇਸ਼ ਕੀਤਾ ਬਜਟ ਵਿਕਾਸ ਕੇਂਦਰਿਤ ਹੈ : ਵਿਨੈ ਚੌਧਰੀ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-** ਕੇਂਦਰ ਸਰਕਾਰ ਦਾ ਬਜਟ ਦੇਸ਼ ਦੇ ਅਰਥਚਾਰੇ ਦੀ ਮਜ਼ਬੂਤੀ, ਆਮ ਆਦਮੀ ਲਈ ਬਹੁਤ ਹੀ ਸਲਾਹੁਣਯੋਗ ਹੈ ਤੇ ਇਸ ਦਾ ਦੇਸ਼ ਨੂੰ ਅਤੇ ਹਰ ਦੇਸ਼ ਵਾਸੀ ਨੂੰ ਬਹੁਤ ਹੀ ਵੱਡਾ ਫਾਇਦਾ ਮਿਲੇਗਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜ਼ਿਲ੍ਹਾ ਗੁਰਦਾਸਪੁਰ ਤੋਂ ਭਾਜਪਾ ਦੇ ਵਾਈਸ ਪ੍ਰਧਾਨ ਵਿਨੈ ਚੌਧਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਬਜਟ ਸਾਰੇ ਵਰਗਾਂ, ਕਿਸਾਨਾਂ, ਮਜ਼ਦੂਰਾਂ ਨੂੰ ਧਿਆਨ 'ਚ ਰੱਖਦਿਆਂ ਪੇਸ਼ ਕੀਤਾ ਗਿਆ। ਬਜਟ 'ਚ ਉਦਯੋਗਾਂ ਨੂੰ ਰਾਹਤ ਤੇ ਦਰਮਿਆਨੇ ਵਰਗ ਨੂੰ ਧਿਆਨ ਵਿੱਚ ਰੱਖ ਕੇ ਉਸ ਲਈ ਯੋਜਨਾਵਾਂ ਬਣਾਈਆਂ ਗਈਆਂ ਹਨ, ਜਿਵੇਂ ਕਿ ਕੱਪੜੇ ਅਤੇ ਦਵਾਈਆਂ ਤੇ ਹੋਰ ਨਿੱਤ ਦੀਆਂ ਲੋੜਾਂ ਸਸਤੀਆਂ ਕੀਤੀਆਂ ਗਈਆਂ।ਵਿਨੈ ਚੌਧਰੀ ਨੇ ਕਿਹਾ ਕਿ ਇਹ ਬਜਟ ਵਿਕਾਸ ਕੇਂਦਰਿਤ ਹੈ ਅਤੇ ਖੇਤੀਬਾੜੀ, ਵਪਾਰ, ਸਿੱਖਿਆ ਅਤੇ ਸਿਹਤ ਸਮੇਤ ਸਮਾਜ ਦੇ ਹਰ ਵਰਗ ਲਈ ਲਾਹੇਵੰਦ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਬਜਟ ਵਿਚ ਆਈਟੀ ਅਤੇ ਛੋਟੇ ਤੇ ਦਰਮਿਆਨੇ ਪੱਧਰ ਤੇ ਉਦਯੋਗਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ ਜਿਸ ਨਾਲ ਨੌਜਵਾਨਾਂ ਲਈ ਰੋਜ਼ਗਾਰ ਦੇ ਹੋਰ ਮੌਕੇ ਪੈਦਾ ਹੋਣਗੇ।ਉਨ੍ਹਾਂ ਕਿਹਾ ਕਿ ਬਜਟ ਵਿਚ ਗਰੀਬ ਅਤੇ ਮੱਧ ਵਰਗ ਦੀ ਸਿਹਤ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ।ਦੇਸ਼ 'ਚ ਬੀਮਾਰੀਆਂ ਦਾ ਬੋਝ ਗੈਰ-ਸੰਚਾਰੀ ਬਿਮਾਰੀਆਂ ਵੱਲ ਵੱਧ ਰਿਹਾ ਹੈ, ਜਿਵੇਂ ਕਿ ਸ਼ੂਗਰ, ਕੈਂਸਰ, ਦਿਲ ਦੀ ਬੀਮਾਰੀ, ਗੁਰਦੇ ਅਤੇ ਜਿਗਰ ਦੀਆਂ ਬੀਮਾਰੀਆਂ ਆਦਿ 7 ਬੀਮਾਰੀਆਂ ਦੀਆਂ ਦਵਾਈਆਂ ਸਸਤੀਆਂ ਕੀਤੀਆਂ ਗਈਆਂ। ਇਸ ਨਾਲ ਗਰੀਬ ਅਤੇ ਦਰਮਿਆਨੇ, ਲੋੜਵੰਦ ਵਿਅਕਤੀਆਂ ਨੂੰ ਬਹੁਤ ਲਾਭ ਹੋਵੇਗਾ।



# ਅਮੀਤੋਜ ਕੌਰ ਨੇ ਨੈਸ਼ਨਲ ਪੱਧਰੀ ਫੈਂਸਿੰਗ ਮੁਕਾਬਲੇ 'ਚ ਸੋਨ ਤਮਗਾ ਜਿੱਤਿਆ

**ਗੁਰਦਾਸਪੁਰ, (ਜਨਕ ਮਹਾਜਨ)-** ਖਾਲਸਾ ਸਪੋਰਟਸ ਅਕੈਡਮੀ ਗੁਰਦਾਸਪੁਰ ਦੀ ਫੈਂਸਿੰਗ (ਤਲਵਾਰਬਾਜ਼ੀ) ਖਿਡਾਰਨ ਅਮੀਤੋਜ ਕੌਰ ਨੇ 69ਵੀਆਂ ਸਕੂਲ ਨੈਸ਼ਨਲ ਖੇਡਾਂ 2025-26 ਵਿੱਚ ਸ਼ਾਨਦਾਰ ਪ੍ਰਦਰਸਨ ਕਰਕੇ ਸੋਨ ਤਮਗਾ ਜਿੱਤ ਕੇ ਅਕੈਡਮੀ, ਕੋਚਾਂ ਅਤੇ ਮਾਤਾ ਪਿਤਾ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਸਬੰਧੀ ਖਾਲਸਾ ਸਪੋਰਟਸ ਅਕੈਡਮੀ ਗੁਰਦਾਸਪੁਰ ਦੇ ਪ੍ਰਧਾਨ ਪ੍ਰਿੰਸੀਪਲ ਹਰਜਿੰਦਰ ਸਿੰਘ ਅਤੇ ਫੈਂਸਿੰਗ ਕੋਚ ਮਨਦੀਪ ਸਿੰਘ ਵਿੱਕੀ ਤੇ ਕੋਚ ਹਰਦੀਪ ਸਿੰਘ ਨੇ ਖੁਸ਼ੀ ਪ੍ਰਗਟ ਕਰਦਿਆਂ ਸਾਂਝੇ ਤੌਰ 'ਤੇ ਦੱਸਿਆ ਕਿ ਉਨ੍ਹਾਂ ਦੀ ਅਕੈਡਮੀ ਦੀ ਫੈਂਸਿੰਗ ਖਿਡਾਰਨ ਅਮੀਤੋਜ ਕੌਰ ਨੇ ਇੰਮਫਾਲ (ਮਨੀਪੁਰ) ਵਿਖੇ ਹੋਈਆਂ 69ਵੀਆਂ ਸਕੂਲ ਨੈਸ਼ਨਲ ਖੇਡਾਂ 2025-26 ਦੇ ਫੈਂਸਿੰਗ ਮੁਕਾਬਲਿਆਂ ਵਿੱਚ ਅੰਡਰ-19 (ਲੜਕੀਆਂ) ਈਵੈਂਟ ਇੱਪੀ ਟੀਮ ਵਿੱਚ ਪੰਜਾਬ ਵੱਲੋਂ ਖੇਡ ਕੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੋਨ ਤਮਗਾ ਜਿੱਤਿਆ ਹੈ। ਅਮੀਤੋਜ ਕੌਰ ਦਾ ਖਾਲਸਾ ਸਪੋਰਟਸ ਅਕੈਡਮੀ ਗੁਰਦਾਸਪੁਰ ਵਿਖੇ ਪਹੁੰਚਣ 'ਤੇ ਅਕੈਡਮੀ ਦੇ ਪ੍ਰਧਾਨ ਪ੍ਰਿੰਸੀਪਲ ਹਰਜਿੰਦਰ ਸਿੰਘ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਇਸ ਸ਼ਾਨਦਾਰ ਪ੍ਰਾਪਤੀ 'ਤੇ ਖਿਡਾਰਨ, ਉਸਦੇ ਕੋਚਾਂ ਅਤੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਪ੍ਰਿੰ. ਹਰਜਿੰਦਰ ਸਿੰਘ ਨੇ ਦੱਸਿਆ ਕਿ ਅਕੈਡਮੀ ਦੇ ਫੈਂਸਿੰਗ ਕੋਚ ਮਨਦੀਪ ਸਿੰਘ ਵਿੱਕੀ ਤੇ ਕੋਚ ਹਰਦੀਪ ਸਿੰਘ ਵੱਲੋਂ ਕਰਵਾਈ ਸਖਤ ਮਿਹਨਤ ਸਦਕਾ ਅਕੈਡਮੀ ਦੇ ਖਿਡਾਰੀਆਂ ਨੇ ਰਾਜ ਅਤੇ ਨੈਸ਼ਨਲ ਵੱਡੀਆਂ ਮੱਲਾਂ ਮਾਰ ਕੇ ਆਪਣੀ ਅਕੈਡਮੀ, ਮਾਪਿਆਂ, ਜ਼ਿਲ੍ਹਾ ਗੁਰਦਾਸਪੁਰ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਲੰਘੇ ਵਰ੍ਹੇ ਅਕੈਡਮੀ ਦੀਆਂ ਲੜਕੀਆਂ ਅਤੇ ਲੜਕਿਆਂ ਨੇ ਵੱਡੇ ਪੱਧਰ 'ਤੇ ਤਮਗੇ ਜਿੱਤ ਕੇ ਅਕੈਡਮੀ ਦਾ ਮਾਣ ਪੂਰੇ ਦੇਸ਼ ਅੰਦਰ ਵਧਾਇਆ ਹੈ।



# ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੇ ਸੋਨੇ ਦੇ ਟਾਪਸ ਝਪਟੇ

**ਗੁਰਦਾਸਪੁਰ, (ਜਨਕ ਮਹਾਜਨ)-** ਥਾਣਾ ਸਿਟੀ ਗੁਰਦਾਸਪੁਰ ਪੁਲਿਸ ਨੇ ਔਰਤ ਦੇ ਕੰਨਾਂ 'ਚ ਪਾਏ ਸੋਨੇ ਦੇ ਟਾਪਸ ਝਪਟਣ ਵਾਲੇ ਦੋ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸੁਮਨ ਪਤਨੀ ਪਵਨ ਕੁਮਾਰ ਵਾਸੀ ਪ੍ਰਬੋਧ ਚੰਦਰ ਨਗਰ ਸਿਟੀ ਗੁਰਦਾਸਪੁਰ ਨੇ ਦੱਸਿਆ ਕਿ ਮਿਤੀ 31 ਜਨਵਰੀ ਨੂੰ ਦੁਪਹਿਰ 2 ਵਜੇ ਦੇ ਕਰੀਬ ਉਹ ਆਪਣੇ ਘਰ ਦੇ ਬਾਹਰ ਗਲੀ ਵਿੱਚ ਖੜੀ ਸੀ ਕਿ ਇਕ ਮੋਟਰਸਾਈਕਲ 'ਤੇ ਦੋ ਨਾ-ਮਾਲੂਮ ਨੌਜਵਾਨ ਸਵਾਰ ਹੋ ਕੇ ਆਏ। ਮੋਟਰਸਾਇਕਲ ਦੇ ਪਿੱਛੇ ਬੈਠੇ ਵਿਅਕਤੀ ਨੇ ਮੇਰੇ ਕੋਲੋਂ ਪਾਣੀ ਦੀ ਮੰਗ ਕੀਤੀ। ਜਦ ਮੈਂ ਪਾਣੀ ਲੈਣ ਲਈ ਪਿੱਛੇ ਨੂੰ ਮੁੜੀ ਤਾਂ ਨਾ-ਮਾਲੂਮ ਵਿਅਕਤੀ ਨੇ ਮੇਰੇ ਦੋਵੇਂ ਕੰਨਾਂ ਵਿੱਚ ਪਾਏ ਸੋਨੇ ਦੇ ਟਾਪਸ ਵਜ਼ਨੀ 3 ਗ੍ਰਾਮ ਝਪਟ ਮਾਰ ਕੇ ਖਿੱਚ ਲਏ ਅਤੇ ਮੋਟਰਸਾਈਕਲ 'ਤੇ ਬੈਠ ਕੇ ਦੌੜ ਗਏ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਦੋ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਵਿਸ਼ਵ ਪੰਜਾਬੀ ਭਵਨ ਦਾ ਉਦਘਾਟਨੀ ਸਮਾਰੋਹ ਕੌਮੀ ਸਾਹਿਤਕ ਮੇਲਿਆਂ ਦਾ ਹੋ ਨਿੱਬੜਿਆ

**ਅਜਨਾਲਾ/ਅੰਮ੍ਰਿਤਸਰ, (ਸੁੱਖਤਿੰਦਰ ਸਿੰਘ ਰਾਜ)-** ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਪੰਜਾਬ ਤੋਂ ਮਾਝਾ ਜ਼ੋਨ ਇਕਾਈ ਦੇ ਚੇਅਰਮੈਨ, ਲੇਖਕ, ਪੰਜਾਬੀ ਸਾਹਿਤ ਸੱਭਿਆਚਾਰ ਤੇ ਸਮਾਜ ਸੇਵਾਵਾਂ ਦੇ ਪ੍ਰਮੋਟਰ ਸਿਫਰ ਸਤਿਬੀਰ ਸਿੰਘ ਵੱਲੋਂ ਸਭਾ ਦੇ ਕੌਮਾਂਤਰੀ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਦੀ ਪ੍ਰਧਾਨਗੀ ਤੋਂ ਇਲਾਵਾ ਮੁੱਖ ਮਹਿਮਾਨ ਪੰਜਾਬੀ ਫ਼ਿਲਮੀ ਅਦਾਕਾਰ, ਉੱਘੇ ਕਮੇਡੀਅਨ ਗੁਰਪ੍ਰੀਤ ਘੁੱਗੀ, ਵਿਸ਼ੇਸ਼ ਮਹਿਮਾਨ ਕਾਮੇਡੀ ਕਲਾਕਾਰ ਘੁੱਲੇਸ਼ਾਹ, ਸੂਫ਼ੀ ਉਸਤਾਦ ਗਾਇਕ ਪੂਰਨ ਸ਼ਾਹ ਵਡਾਲੀ ਦੀ ਅਗਵਾਈ 'ਚ ਮੀਰਾ ਕੋਟ ਰੋਡ 'ਤੇ ਰਚਾਇਆ ਗਿਆ ਵਿਸ਼ਵ ਪੰਜਾਬੀ ਭਵਨ ਦਾ ਉਦਘਾਟਨ ਤੇ ਸਨਮਾਨ ਸਮਾਰੋਹ, ਸਮਾਰੋਹ ਨਹੀਂ ਸਗੋਂ ਸ਼ਬਦ ਗਾਇਨ, ਕਵੀਸ਼ਰੀ, ਗਟਾਰ ਗਾਇਨ, ਧਾਰਮਿਕ, ਸਮਾਜਿਕ ਤੇ ਪੰਜਾਬੀ ਸੱਭਿਆਚਾਰਕ ਵਿਰਾਸਤੀ ਤੇ ਰਵਾਇਤੀ ਰੰਗ ਪੰਜਾਬੀ ਤੇ ਕਵੀਆਂ, ਸ਼ਾਇਰਾ ਵੱਲੋਂ ਕਵਿਤਾਵਾਂ, ਸ਼ੇਅਰਾਂ ਦੇ ਬਾਖੂਬੀ ਪੇਸ਼ਕਾਰੀਆਂ ਤੋਂ ਇਲਾਵਾ ਸਾਹਿਤਕਾਰਾਂ, ਰੰਗ ਕਰਮੀਆਂ, ਗਾਇਕਾਂ ਫਿਲਮ ਲੇਖਕਾਂ, ਸੰਪਾਦਕਾਂ ਨਵ ਪ੍ਰਕਾਸ਼ਤ ਮੈਗਜ਼ੀਨ ਰਿਲੀਜ਼, ਪੱਤਰਕਾਰਾਂ ਦੀ ਭਰਵੀਂ ਸ਼ਮੂਲੀਅਤ ਦੇ ਨਤੀਜੇ ਵਜੋਂ ਕੌਮੀ ਪੱਧਰ ਦੇ ਸਾਹਿਤਕ ਮੇਲਿਆਂ ਦੇ ਮੇਚੇ ਹੋ ਬਰਾਬਰ ਹੋ ਨਿੱਬੜਿਆ।ਸਮਾਰੋਹ ਨੂੰ ਯਾਦਗਾਰੀ ਬਣਾਉਂਦਿਆਂ ਮਾਝਾ ਜ਼ੋਨ ਚੇਅਰਮੈਨ ਤੇ ਲੇਖਕ ਸਿਫ਼ਰ ਸਤਿਬੀਰ ਸਿੰਘ ਨੇ ਅੰਮ੍ਰਿਤਸਰ ਵਿਖੇ ਹੀ ਮੀਰਾਂ ਕੋਟ ਰੋਡ ਤੇ ਆਪਣੀ ਬਹੁ ਕੀਮਤੀ ਥਾਂ 'ਚ ਵਿਸ਼ਵ ਪੰਜਾਬੀ ਭਵਨ ਬਣਾਉਣ ਦਾ ਐਲਾਨ ਕੀਤਾ।ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਫਿਲਮੀ ਅਦਾਕਾਰ ਤੇ ਉੱਘੇ ਕਮੇਡੀਅਨ ਗੁਰਪ੍ਰੀਤ ਘੁੱਗੀ ਨੇ ਆਪਣੇ ਸੰਬੋਧਨ 'ਚ ਸੱਦਾ ਦਿੱਤਾ ਕਿ ਪੰਜਾਬੀ ਮਾਂ ਬੋਲੀ ਮਾਖਿਓਂ ਮਿੱਠੀ ਹੈ ਅਤੇ ਬੋਲੀ ਦੀ ਸ਼ੁੱਧਤਾ 'ਚ ਲੇਖਣ ਤੇ ਉਚਾਰਨ ਵੱਲ ਉਚੇਚੇ ਧਿਆਨ ਦਿੱਤਾ ਜਾਵੇ ਅਤੇ ਮਾਂ ਬੋਲੀ ਦੇ ਉਸਰਈਏ ਬਣਨ ਦੀ ਭੂਮਿਕਾ 'ਚ ਅਕ੍ਰਿਤਘਣ ਬਣਨ ਤੋਂ ਲੱਖਾਂ ਕੋਹਾਂ ਸੰਕੋਚ ਕੀਤਾ ਜਾਵੇ।ਉਨ੍ਹਾਂ ਪੰਜਾਬੀ ਮਾਂ ਬੋਲੀ ਸਾਡੇ ਵੱਡ ਵਡੇਰਿਆਂ ਤੋਂ ਲੈ ਕੇ ਅੱਜ ਤੱਕ ਪੰਜਾਬ ਪੰਜਾਬੀ ਪੰਜਾਬੀਅਤ ਦੀਆਂ ਰੂਹਾਂ 'ਚ ਉਤਰ ਕੇ ਰੋਮ ਰੋਮ 'ਚ ਉਕਰ ਚੁੱਕੀ ਹੈ ।ਉਨ੍ਹਾਂ ਨੇ ਆਪਣੇ ਸੰਬੋਧਨ ਦੇ ਅੰਤਿਮ ਭਾਗ 'ਚ ਮੁੜ ਪੰਜਾਬੀ ਪਿਆਰਿਆਂ ਨੂੰ ਪੰਜਾਬੀ ਜ਼ੁਬਾਨ ਦੇ ਵਫਾਦਾਰ ਪਹਿਰੇਦਾਰ ਬਣਨ ਸੱਦਾ ਦਿੱਤਾ।ਮੇਜ਼ਬਾਨ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਕੈਨੇਡਾ ਨੇ ਸਮਾਰੋਹ ਨੂੰ ਸੰਬੋਧਨ ਕਰਦਿਆਂ ਕੌਮਾਂਤਰੀ ਪੱਧਰ 'ਤੇ ਗਤੀਵਿਧੀਆਂ ਦੀ ਵਿਸਥਾਰ ਨਾਲ ਜਾਣਕਾਰੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਸਭਾ ਦਾ ਪਹਿਲਾ ਵਿਸ਼ਵ ਪੰਜਾਬੀ ਭਵਨ ਬਰੈਂਪਟਨ ਕਨੇਡਾ ਵਿਖੇ ਅਤੇ ਦੂਜਾ ਭਵਨ ਲਾਹੌਰ ਵਿਖੇ ਸਥਾਪਿਤ ਕੀਤਾ ਹੋਇਆ ਹੈ ਜਦੋਂ ਕਿ ਅੱਜ ਸ਼ੁਭ ਦਿਹਾੜੇ ਤੇ ਗੁਰੂ ਨਗਰੀ ਅੰਮ੍ਰਿਤਸਰ ਵਿਖੇ ਤੀਜੇ ਵਿਸ਼ਵ ਪੰਜਾਬੀ ਭਵਨ ਦੀ ਸਥਾਪਨਾ ਕੀਤੀ ਗਈ ਹੈ।ਸਮਾਗਮ 'ਚ ਵਿਸ਼ੇਸ਼ ਮਹਿਮਾਨ ਵਜੋਂ ਉਚੇਚੇ ਤੌਰ 'ਤੇ ਮੌਜੂਦ ਅਫਗਾਨਿਸਤਾਨ ਤੋਂ ਸੰਗੀਤ ਸਾਜ਼ ਰਬਾਬ ਦੇ ਕੌਮਾਂਤਰੀ ਪ੍ਰਸਿੱਧ ਵਾਦਕ ਉਸਤਾਦ ਹਮਾਯੂੰ ਸ਼ਖ਼ੀ ਨੇ ਕਿਹਾ ਕਿ ਸੰਗੀਤ 'ਚੋਂ ਰੱਬ ਦੇ ਦਰਸ਼ਨ ਕੀਤੇ ਜਾ ਸਕਦੇ ਹਨ ਅਤੇ ਅੱਜ ਇੱਥੇ ਸਮਾਗਮ 'ਚ ਸਮੁੱਚਾ ਪ੍ਰੋਗਰਾਮ ਵੇਖ ਕੇ ਉਹ ਬਹੁਤ ਖੁਸ਼ ਹੋਏ ਹਨ।ਉਸਤਾਦ ਹਮਾਯੂੰ ਸਖੀ ਨੂੰ ਇਸ ਮੌਕੇ ਉਘੀ ਸਾਹਿਤਕਾਰ ਤੇ ਗੁਰੂ ਕੀ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੀ ਡੀਨ ਡਾ. ਗੁਰਪ੍ਰੀਤ ਕੌਰ ਨੇ ਰਬਾਬ ਦੀਆਂ ਸੁਰਾਂ ਤੇ ਤਰੰਗਾਂ ਸਿੱਖਣ ਲਈ ਗੁਰੂ ਧਾਰਿਆ।ਪਦਮਸ਼੍ਰੀ ਤੇ ਨਾਮਵਰ ਸੂਫ਼ੀ ਗਾਇਕ ਉਸਤਾਦ ਪੂਰਨ ਸ਼ਾਹ ਵਡਾਲੀ ਨੇ ਵੀ ਪੰਜਾਬੀ ਬੋਲੀ ਨੂੰ ਪ੍ਰਫੁੱਲਤ ਕਾਰਨ ਦਾ ਪ੍ਰਗਟਾਵਾ ਕੀਤਾ।ਸਮਾਰੋਹ ਦਾ ਆਗਾਜ਼ ਮੁੱਖ ਮਹਿਮਾਨ ਗੁਰਪ੍ਰੀਤ ਘੁੱਗੀ ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਦਲਬੀਰ ਸਿੰਘ ਕਥੂਰੀਆ, ਸ਼੍ਰੀ ਘੁੱਲੇ ਸ਼ਾਹ, ਮੇਜਬਾਨ ਸਿਫਰ ਸਤਬੀਰ ਸਿੰਘ ਤੇ ਹੋਰ ਦਰਜਨ ਦੇ ਕਰੀਬ ਮਹਿਮਾਨਾਂ ਵੱਲੋਂ ਸ਼ਮ੍ਹਾ ਰੌਸ਼ਨ ਕਰਕੇ ਕੀਤਾ ਗਿਆ।ਲੇਖਕ ਸਫਰ ਸਤਬੀਰ ਦੇ ਕਾਵ ਸੰਗ੍ਰਹਿ ਸਿਫਰ ਦਾ ਸਫਰ ਅਤੇ ਕਵਿਤਰੀ ਡਾਕਟਰ ਜਗਦੀਪ ਕੌਰ ਅਹੂਜਾ ਦੇ ਨਵ ਪ੍ਰਕਾਸ਼ਿਤ ਕਾਵਿ ਸੰਗ੍ਰਹਿ ਦੇ ਰਿਸ਼ਤਿਆਂ ਦੇ ਇਰਦ ਗਿਰਦ ਨੂੰ ਵੀ ਰਿਲੀਜ਼ ਕਰਨ ਦੀ ਰਸਮ ਅਦਾਇਗੀ ਹੋਈ।ਸਮਾਰੋਹ 'ਚ ਸ਼ਾਮਿਲ ਮੁੱਖ ਮਹਿਮਾਨ ਗੁਰਪ੍ਰੀਤ ਘੁੱਗੀ ਤੇ ਪ੍ਰਬੰਧਕਾਂ ਵੱਲੋਂ ਨਾਮਵਰ ਪੱਤਰਕਾਰ ਤੇ ਸ਼ਾਇਰ ਐਸ.ਪ੍ਰਸ਼ੋਤਮ, ਫਿਲਮ ਅਭਿਨੇਤਰੀ, ਸ਼ਾਸਤਰੀ ਨਰਤਕੀ, ਗ਼ਜ਼ਲਗੋ ਤੇ ਚਿੱਤਰਕਾਰ ਡਾ.ਆਂਚਲ ਅਰੋੜਾ ਨੂੰ ਧੀ ਪੰਜਾਬ ਦੀ ਸਮੇਤ ਦਰਜਨਾਂ ਪ੍ਰਮੁੱਖ ਸਖਸ਼ੀਅਤਾਂ ਨੂੰ ਵੱਖ-ਵੱਖ ਯਾਦਗਾਰੀ ਅਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ।ਮੰਚ ਸੰਚਾਲਨ ਦਲਬੀਰ ਰਿਆੜ ਨੇ ਕੀਤਾ।ਸਮਾਰੋਹ 'ਚ ਡਾਕਟਰ ਲੀਨਾ ਬੇਦੀ ਯੂਐੱਸਏ, ਜਸਵੀਰ ਸਿੰਘ ਵਿਰਕ, ਬਲਬੀਰ ਕੌਰ ਰਾਏ ਕੋਟੀ ਕੌਮੀ ਪ੍ਰਧਾਨ ਵਿਸ਼ਵ ਪੰਜਾਬੀ ਸਭਾ ਕੈਨੇਡਾ, ਡਾਕਟਰ ਅਮਰ ਜੋਤੀ, ਅਮਰਜੀਤ ਸਿੰਘ ਪੱਪੂ ਭਾ ਜੀ, ਰਾਜਬੀਰ ਭਲੂਰੀਆ, ਡਾਕਟਰ ਜਸਵਿੰਦਰ ਕੌਰ ਜੱਸੀ, ਡਾਕਟਰ ਨਿਧੀ ਪਾਠਕ, ਅਰਤਿੰਦਰ ਸੰਧੂ, ਪਰਮਿੰਦਰ ਸੋਢੀ, ਰਜਿੰਦਰ ਮਾਝੀ, ਐੱਸ ਪਰਸ਼ੋਤਮ, ਸੋਹਣ ਸਿੰਘ ਗੇਦੂ, ਰੇਖਾ ਮਹਾਜਨ, ਰਾਜਬੀਰ ਜੰਨਤ, ਸਤੀਸ਼ ਵਿਦਰੋਹੀ, ਅਰਵਿੰਦਰ ਭੱਟੀ, ਦਲਜੀਤ ਸਿੰਘ ਟਰੈਫਿਕ ਇੰਚਾਰਜ, ਡਾਕਟਰ ਵਿਕਰਮਜੀਤ ਅੱਖਰ ਸਾਹਿਤ ਅਕਾਦਮੀ, ਸਰਬਜੀਤ ਸੰਧੂ, ਹਰਜੀਤ ਸਿੰਘ ਸੰਧੂ, ਮਲਵਿੰਦਰ, ਹਰਮੀਤ ਆਰਟਿਸਟ, ਜਸਵਿੰਦਰ ਬਿੱਟਾ ਅਤੇ ਬਿਕਰਮਜੀਤ ਬਾਜਵਾ ਆਦਿ ਮੌਜੂਦ ਸਨ ।



# ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਖ਼ਾਲਸਾ ਕਾਲਜ ਦੇ ਕਿਸਾਨ ਸਿਖਲਾਈ ਕੇਂਦਰ ਦਾ ਦੌਰਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਖਾਲਸਾ ਕਾਲਜ ਦੇ ਕਿਸਾਨ ਸਿਖਲਾਈ ਕੇਂਦਰ ਵਿਖੇ ਵਿਜਟ ਅਤੇ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ ਗਿਆ।ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ—ਨਿਰਦੇਸ਼ਾਂ 'ਤੇ ਕਰਵਾਏ ਗਏ ਪ੍ਰੋਗਰਾਮ ਦੌਰਾਨ ਸ਼ਹੀਦ ਅਜਮੇਰ ਸਿੰਘ ਸ ਸ ਸ ਸਕੂਲ, ਮੱਲ੍ਹੀਆਂ ਦੇ ਲਗਭਗ 40 ਤੋਂ ਵਧੇਰੇ ਵਿਦਿਆਰਥੀਆਂ ਨੇ ਅਧਿਆਪਕਾਂ ਸਮੇਤ ਭਾਗ ਲਿਆ।ਇਸ ਟ੍ਰੇਨਿੰਗ ਪ੍ਰੋਗਰਾਮ ਸਬੰਧੀ ਪ੍ਰਿੰ: ਡਾ: ਆਤਮ ਸਿੰਘ ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਸਿਖਲਾਈ ਕੇਂਦਰ ਦੇ ਖੇਤੀਬਾੜੀ ਸੂਚਨਾ ਅਫ਼ਸਰ ਸ: ਜਸਵਿੰਦਰ ਸਿੰਘ ਵੱਲੋਂ ਖੁੰਭਾਂ ਦੀ ਕਾਸ਼ਤ, ਖੁੰਬਾਂ 'ਚ ਮੌਜੂਦ ਖੁਰਾਕੀ ਤੱਤਾਂ, ਖੁੰਬਾਂ ਦੀ ਕਿਸਮਾਂ ਸਬੰਧੀ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਗਈ।ਉਨ੍ਹਾਂ ਕਿਹਾ ਕਿ ਇਸ ਮੌਕੇ ਵਿਦਿਆਰਥੀਆ ਨੂੰ ਤੂੜੀ ਅਤੇ ਪਰਾਲੀ ਸਾੜਣ ਨਾਲੋਂ ਕਿਸਾਨਾਂ ਨੂੰ ਖੁੰਬਾਂ ਦੀ ਖੇਤੀ 'ਚ ਵਰਤਣ ਦੀ ਸਲਾਹ ਦਿੱਤੀ ਅਤੇ ਇਸ ਦੌਰਾਨ ਬਟਨ ਖੁੰਬ ਦੀ ਕਾਸ਼ਤ ਸਬੰਧੀ ਕੰਪੋਸਟ ਦੀ ਤਿਆਰੀ, ਬਿਜਾਈ, ਕੇਸਿੰਗ ਸਾਇਲ, ਢੀਂਗਰੀ ਦੀ ਕਾਸ਼ਤ ਅਤੇ ਪਰਾਲੀ ਵਾਲੀਆਂ ਖੁੰਬਾਂ ਦੀ ਪੈਦਾਵਾਰ ਵਧਾਉਣ ਲਈ ਵਿਸਥਾਰ 'ਚ ਜਾਣਕਾਰੀ ਦਿੱਤੀ ਗਈ।ਇਸ ਮੌਕੇ ਸ: ਜਸਵਿੰਦਰ ਸਿੰਘ ਨੇ ਪ੍ਰਿੰ: ਡਾ. ਰੰਧਾਵਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪ੍ਰੋਗਰਾਮ 'ਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਅੰਮ੍ਰਿਤਸਰ ਦੇ ਸ਼ਾਮਿਲ ਹੋਏ ਖੇਤੀਬਾੜੀ ਵਿਕਾਸ ਅਫ਼ਸਰ (ਮ) ਡਾ. ਸ਼ਿਵਾਨੀ ਪਲਿਆਲ, ਹਰਮੀਤ ਕੌਰ ਨੇ ਖੇਤੀਬਾੜੀ ਉਤਪਾਦਾਂ ਦੀ ਮਾਰਕੀਟਿੰਗ ਅਤੇ ਖੇਤੀਬਾੜੀ ਵਿਕਾਸ ਅਫ਼ਸਰ (ਐਗਮਾਰਕ) ਨਵਨੂਰ ਕੌਰ ਨੇ ਖੇਤੀ ਉਤਪਾਦਾਂ ਨੂੰ ਐਗਮਾਰਕ ਕਰਵਾਉਣ ਸਬੰਧੀ ਮੁੱਢਲੀ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਪ੍ਰੋਗਰਾਮ ਮੌਕੇ ਖੁੰਬਾਂ ਦੀ ਕਾਸ਼ਤ ਦੀ ਪ੍ਰੈਕਟੀਕਲ ਅਤੇ ਖੁੰਬਾਂ ਦੇ ਸ਼ੈਡ 'ਚ ਦੌਰਾ ਕਰਵਾਇਆ ਗਿਆ।ਉਨ੍ਹਾਂ ਕਿਹਾ ਕਿ ਖੇਤੀਬਾੜੀ ਅਧਿਆਪਕ ਰਣਜੀਤ ਸਿੰਘ ਅਤੇ ਲੈਬ ਅਸਿਸਟੈਂਟ ਨੇ ਭਰਪੂਰ ਸਹਿਯੋਗ ਦਿੱਤਾ।



ਨਵਾਂ ਜ਼ਮਾਨਾ
ਬੁੱਧਵਾਰ, 4 ਫਰਵਰੀ 2026

# ਮੁਹੰਮਦ ਦੀਪਕ

ਉੱਤਰਾਖੰਡ ਪੁਲਸ ਨੇ ਜ਼ਿਲ੍ਹਾ ਪੌੜੀ ਗੜ੍ਹਵਾਲ ਦੇ ਕਸਬਾ ਕੋਟਦਵਾਰ ਦੇ ਹਿੰਦੂ ਜਿੰਮ ਮਾਲਕ ਵਿਰੁੱਧ ਹੀ ਕੇਸ ਦਰਜ ਕਰ ਲਿਆ ਹੈ, ਜਿਸ ਨੇ ਇੱਕ ਮੁਸਲਿਮ ਦੁਕਾਨਦਾਰ ਨੂੰ ਬਜਰੰਗ ਦਲ ਦੀ ਗੁੰਡਾਗਰਦੀ ਤੋਂ ਬਚਾਇਆ। ਲੰਘੇ ਸਨਿੱਚਰਵਾਰ ਬਜਰੰਗ ਦਲ ਵਾਲਿਆਂ ਨੇ 60 ਸਾਲਾ ਮੁਹੰਮਦ ਸ਼ੋਇਬ ਨੂੰ ਇਹ ਦਾਅਵਾ ਕਰਦਿਆਂ ਆਪਣੇ ਗਾਰਮੈਂਟ ਸਟੋਰ 'ਬਾਬਾ ਸਕੂਲ ਡਰੈਸਿਜ਼ ਐਂਡ ਮੈਚਿੰਗ ਸੈਂਟਰ' ਤੋਂ 'ਬਾਬਾ' ਸ਼ਬਦ ਹਟਾਉਣ ਲਈ ਦਬਾਅ ਪਾਇਆ ਕਿ ਉਹ ਸਿਰਫ ਸਥਾਨਕ ਸਿੱਧਬਲੀ ਮੰਦਰ ਦੇ ਦੇਵਤਾ ਭਗਵਾਨ ਹਨੂੰਮਾਨ ਨੂੰ ਹੀ 'ਬਾਬਾ' ਮੰਨਦੇ ਹਨ। ਦੀਪਕ ਨੇ ਉਨ੍ਹਾਂ ਨੂੰ ਚੈਲੰਜ ਕੀਤਾ ਕਿ ਉਹ ਨਾਂਅ ਬਦਲਵਾਉਣ ਵਾਲੇ ਕੌਣ ਹੁੰਦੇ ਹਨ। ਬਜਰੰਗਦਲੀਆਂ ਨੇ ਉਸ ਨੂੰ ਕਿਹਾ ਕਿ ਉਹ ਰੋਕਣ ਵਾਲਾ ਕੌਣ ਹੁੰਦਾ ਹੈ, ਤਾਂ ਦੀਪਕ ਨੇ ਕਿਹਾ, 'ਮੇਰਾ ਨਾਂਅ ਮੁਹੰਮਦ ਦੀਪਕ ਹੈ।' ਦੀਪਕ ਵੱਲੋਂ ਫਿਰਕੂ ਸਦਭਾਵਨਾ ਲਈ ਦਿਖਾਈ ਗਈ ਇਸ ਦਲੇਰੀ ਤੋਂ ਬਾਅਦ ਸੋਸ਼ਲ ਮੀਡੀਆ ਨੇ ਉਸ ਨੂੰ ਰੱਜ ਕੇ ਸਲਾਹਿਆ ਤੇ ਰਾਹੁਲ ਗਾਂਧੀ ਨੇ ਉਸ ਨੂੰ 'ਭਾਰਤ ਦਾ ਹੀਰੋ' ਕਰਾਰ ਦਿੱਤਾ। ਦੀਪਕ ਨੇ ਖੁਦ ਇੱਕ ਵੀਡੀਓ ਅਪਲੋਡ ਕਰਕੇ ਕਿਹਾ, 'ਨਾ ਮੈਂ ਹਿੰਦੂ ਹਾਂ, ਨਾ ਮੁਸਲਮਾਨ, ਨਾ ਸਿੱਖ ਤੇ ਨਾ ਹੀ ਈਸਾਈ। ਸਭ ਤੋਂ ਪਹਿਲਾਂ ਮੈਂ ਇਨਸਾਨ ਹਾਂ, ਕਿਉਂਕਿ ਜਦੋਂ ਮੈਂ ਮਰਿਆ ਤਾਂ ਮੈਨੂੰ ਰੱਬ ਤੇ ਇਨਸਾਨੀਅਤ ਨੂੰ ਜਵਾਬ ਦੇਣਾ ਪੈਣਾ, ਨਾ ਕਿ ਕਿਸੇ ਧਰਮ ਨੂੰ।'

ਜਿਸ ਸਮਾਜ ਵਿੱਚ ਬਹਾਦਰੀ ਜਦ ਮਾਤਰ ਇੱਕ ਵਿਅਕਤੀ ਦਾ ਗੁਣ ਬਣ ਕੇ ਰਹਿ ਜਾਵੇ ਅਤੇ ਹਿੰਸਾ ਤੇ ਬੁਜ਼ਦਿਲੀ ਸਮੂਹਕ ਸੁਭਾਅ ਬਣ ਜਾਵੇ, ਉਸ ਸਮਾਜ ਬਾਰੇ ਚਿੰਤਾ ਹੋਣੀ ਚਾਹੀਦੀ ਹੈ। ਘੱਟ-ਗਿਣਤੀ ਮੁਸਲਮਾਨਾਂ ਦੇ ਪਿੱਛੇ ਪਿਆ ਇਹ ਬਜਰੰਗ ਦਲ ਉਹੀ ਹੈ, ਜਿਸ 'ਤੇ ਕਰਨਾਟਕ ਕਾਂਗਰਸ ਨੇ ਪਾਬੰਦੀ ਲਾਉਣ ਦੀ ਮੰਗ ਕੀਤੀ ਸੀ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਸ ਤੋਂ ਬਾਅਦ ਬਜਰੰਗ ਬਲੀ ਦੀ ਜੈ ਦਾ ਨਾਅਰਾ ਲਾਇਆ ਸੀ, ਯਾਨੀ ਕਿ ਇਹ ਸੱਤਾ ਦੀ ਸਰਪ੍ਰਸਤੀ ਵਾਲਾ ਹਿੰਸਕ ਸਮੂਹ ਹੈ, ਜਿਹੜਾ ਕੰਮ ਭਾਜਪਾ ਜਾਂ ਆਰ ਐੱਸ ਐੱਸ ਦੇ ਵਲੰਟੀਅਰ ਕਰਦੇ ਨਹੀਂ ਦਿਸਣਾ ਚਾਹੁੰਦੇ, ਉਹ ਬਜਰੰਗ ਦਲ ਕਰਦਾ ਹੈ। ਬਜਰੰਗ ਦਲ ਦਾ ਦਾਅਵਾ ਹੈ ਕਿ ਉਹ ਹਿੰਦੂ ਧਰਮ ਤੇ ਸਮਾਜ ਵੱਲੋਂ ਕੰਮ ਕਰਦਾ ਹੈ। ਕੰਮ ਕੀ ਹੈ : ਮੁਸਲਮਾਨਾਂ ਨੂੰ ਡਰਾਉਣਾ, ਧਮਕਾਉਣਾ, ਕੁੱਟਣਾ-ਮਾਰਨਾ, ਈਸਾਈਆਂ 'ਤੇ ਹਮਲੇ ਕਰਨਾ। ਉਸ ਦੇ ਅਜਿਹੇ 'ਪੁੰਨ' ਦੇ ਸਮਾਜੀ ਕੰਮ 'ਤੇ ਸ਼ਾਇਦ ਹੀ ਕਦੇ ਕੋਈ ਹਿੰਦੂ ਸਵਾਲ ਉਠਾਉਂਦਾ ਹੈ, ਉਸ ਨੂੰ ਰੋਕਣਾ ਤਾਂ ਦੂਰ ਦੀ ਗੱਲ ਹੈ। ਪੁਲਸ ਸ਼ਾਇਦ ਸੋਚਦੀ ਹੈ ਕਿ ਜੋ ਉਹ ਕਾਨੂੰਨੀ ਤਰੀਕੇ ਨਾਲ ਨਹੀਂ ਕਰ ਸਕਦੀ, ਬਜਰੰਗ ਦਲ ਉਹ ਕਰ ਰਿਹਾ ਹੈ। ਅਜਿਹੀਆਂ ਮਿਸਾਲਾਂ ਵਿਰਲੀਆਂ ਹਨ, ਜਦੋਂ ਪੁਲਸ ਨੇ ਬਜਰੰਗ ਦਲ ਨੂੰ ਹਿੰਸਾ ਕਰਨ ਤੋਂ ਸਖਤੀ ਨਾਲ ਰੋਕਿਆ ਹੋਵੇ। ਦੀਪਕ ਨੇ ਉਹ ਕੀਤਾ, ਜਿਹੜਾ ਪੁਲਸ ਨੂੰ ਕਰਨਾ ਚਾਹੀਦਾ ਸੀ।

## ਇੱਕੋ ਥੈਲੀ ਦੇ ਚੱਟੇ ਵੱਟੇ

ਵੱਖੋ ਵੱਖ ਹੀ 'ਨਾਮ' ਹਨ ਆਗੂਆਂ ਦੇ
ਚੱਟੇ ਵੱਟੇ ਹਨ ਇੱਕੋ ਜਿਹੇ ਥੈਲੀਆਂ ਦੇ।
'ਬੈਕ ਗਿਅਰ' ਲਾ ਲੈਂਦੇ ਐ ਪਲਾਂ ਅੰਦਰ
ਯੂ-ਟਰਨ ਨਾ ਰੱਖੇ ਅਣਗਹਿਲੀਆਂ ਦੇ।
ਵਧ ਗਈ ਤੇਜ਼ ਰਫਤਾਰ ਨਿਘਾਰ ਦੀ ਐ
ਨਹੀਂ ਲੱਭਦੇ ਗੁਣ ਹੁਣ ਪਹਿਲੀਆਂ ਦੇ।
ਕਈ-ਕਈ ਵਾਰ ਨਕਾਰੇ ਦੁਰਕਾਰਿਓ ਵੀ
ਹੀਰੋ ਬਣ-ਬਣ ਕੇ ਦੱਸਦੇ ਰੈਲੀਆਂ ਦੇ।
ਸ਼ਰਧਾਵਾਨ ਬਣ ਜਾਣ ਸਭ ਡੇਰਿਆਂ ਦੇ
ਵਾਅਦੇ ਕਿੱਕਰ ਦੇ ਵੋਟਾਂ ਦੀ ਦਾਖ ਲੈਂਦੇ।
ਮੱਥਾ ਟੇਕਣਾ ਹਰ ਜਗ੍ਹਾ 'ਤੇ ਗੱਲ ਕੀ ਏ
ਇਹ ਤਾਂ ਗਧੇ ਨੂੰ ਬਾਪ ਵੀ ਆਖ ਲੈਂਦੇ !

-ਤਰਲੋਚਨ ਸਿੰਘ ਦੁਪਾਲਪੁਰ, 001-408-905-5517

# ਬਜਟ ਵਿੱਚ ਪ੍ਰਦੂਸ਼ਣ ਮਸਲਾ ਹੀ ਨਹੀਂ ?



ਗੁਰਪ੍ਰੀਤ

ਜਿਸ ਤਰੀਕੇ ਦੇ ਨਾਲ ਮਨੁੱਖ ਤਰੱਕੀ ਕਰ ਰਿਹਾ ਹੈ, ਉਸੇ ਤਰੀਕੇ ਦੇ ਨਾਲ ਹੀ ਬਿਮਾਰੀਆਂ ਵੀ ਵਧ ਰਹੀਆਂ ਨੇ। ਲਗਾਤਾਰ ਸਾਡੇ ਮੁਲਕ ਦੇ ਅੰਦਰ ਵੰਨ-ਸੁਵੰਨੀਆਂ ਬਿਮਾਰੀਆਂ ਨੇ ਇਸ ਕਦਰ ਜਨਮ ਲਿਆ ਹੈ, ਜਿਵੇਂ ਉਨ੍ਹਾਂ ਨੂੰ ਹੋਰ ਮੁਲਕ ਚੇਤੇ ਹੀ ਨਾ ਹੋਣ । ਪੰਜਾਬ ਸਮੇਤ ਦੇਸ਼ ਦਾ ਪਾਣੀ ਇਸ ਵੇਲੇ ਪ੍ਰਦੂਸ਼ਤ ਹੁੰਦਾ ਜਾ ਰਿਹਾ ਹੈ, ਭਾਵੇਂ ਕਿ ਸਰਕਾਰਾਂ ਵੱਲੋਂ ਇਹਨਾਂ ਨੂੰ ਸ਼ੁੱਧ ਕਰਨ ਵਾਸਤੇ ਕਈ ਤੌਰ-ਤਰੀਕੇ ਵਰਤੇ ਜਾ ਰਹੇ ਨੇ, ਪਰ ਅਸਲ ਗੱਲ ਇਹ ਹੈ ਕਿ ਇਹ ਸਰਕਾਰਾਂ ਸਿਰਫ਼ ਤੇ ਸਿਰਫ਼ ਇਸ਼ਤਿਹਾਰਬਾਜ਼ੀ 'ਤੇ ਜ਼ੋਰ ਦੇ ਰਹੀਆਂ ਨੇ, ਇਸ ਤੋਂ ਇਲਾਵਾ ਕੁਝ ਨਹੀਂ। ਹਵਾ ਪ੍ਰਦੂਸ਼ਣ, ਪਾਣੀ ਪ੍ਰਦੂਸ਼ਣ ਅਤੇ ਸ਼ੋਰ ਪ੍ਰਦੂਸ਼ਣ ਦਿਨ ਪ੍ਰਤੀ ਦਿਨ ਦੇਸ਼ ਦੇ ਅੰਦਰ ਵਧਦਾ ਜਾ ਰਿਹਾ ਹੈ।

ਪ੍ਰਦੂਸ਼ਣ ਕੰਟਰੋਲ ਕਰਨ ਵਾਸਤੇ ਜਿਹੜੀਆਂ ਸੰਸਥਾਵਾਂ ਬਣਾਈਆਂ ਗਈਆਂ ਹਨ, ਉਹ ਸੰਸਥਾਵਾਂ ਸਿਰਫ਼ ਤੇ ਸਿਰਫ਼ ਖਾਨਾ-ਪੂਰਤੀ ਕਰਕੇ ਹੀ ਡੰਗ ਸਾਰ ਰਹੀਆਂ ਨੇ। ਜੇਕਰ ਇਹ ਸੰਸਥਾਵਾਂ ਚੰਗੇ ਤਰੀਕੇ ਦੇ ਨਾਲ ਆਪਣਾ ਕੰਮ ਕਰਦੀਆਂ ਹੁੰਦੀਆਂ ਤਾਂ ਅੱਜ ਸਾਡੇ ਦੇਸ਼ ਨੂੰ ਇਹ ਦਿਨ ਨਾ ਦੇਖਣੇ ਪੈਂਦੇ। ਵੱਡੇ ਪੱਧਰ 'ਤੇ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੇ ਅੰਦਰ ਪਾਣੀ ਦੂਸ਼ਿਤ ਹੁੰਦਾ ਜਾ ਰਿਹਾ ਹੈ, ਜਿਸ ਦੇ ਕਾਰਨ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਮਨੁੱਖ ਨੂੰ ਖਾ ਰਹੀਆਂ ਨੇ । ਪੰਜਾਬ ਵਿੱਚ ਰੋਜ਼ਾਨਾ ਹੀ ਦਰਜਨਾਂ ਲੋਕ ਅਜਿਹੀਆਂ ਭਿਆਨਕ ਬਿਮਾਰੀਆਂ ਦੇ ਨਾਲ ਮਰਦੇ ਨੇ, ਜਿਨ੍ਹਾਂ ਦਾ ਇਲਾਜ ਇੱਥੇ ਹੈ, ਪਰ ਇਲਾਜ ਕਰਾਉਣ ਦੇ ਲਈ ਲੋਕਾਂ ਕੋਲ ਪੈਸਾ ਹੀ ਨਹੀਂ।

ਖ਼ੈਰ, ਪ੍ਰਦੂਸ਼ਣ ਦਾ ਮਸਲਾ ਬਹੁਤ ਵੱਡਾ ਹੈ ।ਪਿਛਲੇ ਦਿਨੀਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਬਜਟ ਪੇਸ਼ ਕੀਤਾ ਗਿਆ, ਭਾਵੇਂ ਕਿ ਬਜਟ ਵਿੱਚ ਕੋਈ ਬਹੁਤਾ ਵੱਡਾ ਐਲਾਨ ਨਹੀਂ ਹੋਇਆ, ਪਿਛਲੇ ਸਾਲ ਦਾ ਬਜਟ ਹੀ ਦੁਹਰਾਇਆ ਗਿਆ ਅਤੇ ਕਈ ਚੀਜ਼ਾਂ ਤਾਂ ਪਿਛਲੇ ਸਾਲ ਦੇ ਨਾਲੋਂ ਵੀ ਘਟਾ ਦਿੱਤੀਆਂ ਗਈਆਂ ਜਾਂ ਮੰਨ ਕੇ ਚੱਲੋ ਕਿ ਕਟੌਤੀ ਕਰ ਦਿੱਤੀ ਗਈ । ਸਿੱਖਿਆ, ਸਿਹਤ ਬਜਟ ਵਿੱਚ ਕੋਈ ਬਹੁਤਾ ਵਾਧਾ ਨਹੀਂ ਹੋਇਆ । ਅੱਜ ਅਸੀਂ ਸਿੱਖਿਆ-ਸਿਹਤ ਦੀ ਬਜਟ ਬਾਰੇ ਇੱਥੇ ਟਿੱਪਣੀ ਨਹੀਂ ਕਰਾਂਗੇ, ਅੱਜ ਮਸਲਾ ਪ੍ਰਦੂਸ਼ਣ ਦਾ ਛੇੜਾਂਗੇ।

ਪ੍ਰਦੂਸ਼ਣ ਦੇਸ਼ ਦੇ ਅੰਦਰ ਫੈਲਿਆ ਹੋਇਆ ਹੈ । ਭਾਵੇਂ ਕਿ ਵਿਰੋਧੀ ਧਿਰਾਂ ਸਰਕਾਰ ਨੂੰ ਪ੍ਰਦੂਸ਼ਣ ਦੇ ਮਸਲੇ 'ਤੇ ਲੋਕ ਸਭਾ ਅਤੇ ਰਾਜ ਸਭਾ ਦੇ ਅੰਦਰ ਅਤੇ ਬਾਹਰ ਦੋਵਾਂ ਜਗ੍ਹਾਵਾਂ 'ਤੇ ਘੇਰ ਰਹੀਆਂ ਨੇ, ਪਰ ਅਸਲ ਗੱਲ ਇਹ ਹੈ ਕਿ ਇਹਨਾਂ ਵਿਰੋਧੀ ਧਿਰਾਂ ਵੱਲੋਂ ਪ੍ਰਦੂਸ਼ਣ ਕੰਟਰੋਲ ਲਈ ਪੇਸ਼ ਕੀਤੇ ਬਜਟ 'ਤੇ ਇੱਕ ਸ਼ਬਦ ਤੱਕ ਨਹੀਂ ਬੋਲਿਆ ਗਿਆ । ਸੱਤਾ ਧਿਰ ਨੇ ਤਾਂ ਬੋਲਣਾ ਹੀ ਕੀ ਸੀ, ਸਗੋਂ ਵਿਰੋਧੀ ਧਿਰ ਵੀ ਪ੍ਰਦੂਸ਼ਣ ਕੰਟਰੋਲ ਲਈ ਬਜਟ ਬਾਰੇ ਕੁਝ ਨਹੀਂ ਬੋਲ ਸਕੇ । ਜਾਣਕਾਰੀ ਦੇ ਮੁਤਾਬਕ ਇਸ ਸਾਲ-2026 ਪ੍ਰਦੂਸ਼ਣ ਕੰਟਰੋਲ ਕਰਨ ਵਾਸਤੇ 1091 ਕਰੋੜ ਰੁਪਏ ਪੇਸ਼ ਕੀਤਾ ਗਿਆ ਹੈ, ਜੋ ਕਿ ਪਿਛਲੇ ਸਾਲ ਨਾਲੋਂ ਕਾਫ਼ੀ ਘੱਟ ਹੈ। ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਲੰਘੇ ਸਾਲ ਇਹ ਬਜਟ 1300 ਕਰੋੜ ਰੁਪਏ ਦਾ ਸੀ, ਪਰ ਇਸ ਸਾਲ ਪ੍ਰਦੂਸ਼ਣ ਕੰਟਰੋਲ ਵਾਸਤੇ ਬਜਟ ਨੂੰ ਘਟਾ ਕੇ 1091 ਕਰੋੜ ਰੁਪਏ ਕਰ ਦਿੱਤਾ ਗਿਆ।

ਇਸ ਤੋਂ ਸਾਫ਼ ਸ਼ਬਦਾਂ ਵਿੱਚ ਸਮਝਿਆ ਜਾ ਸਕਦਾ ਹੈ ਕਿ ਸਰਕਾਰ ਪ੍ਰਦੂਸ਼ਣ ਕੰਟਰੋਲ ਕਰਨ ਵਾਸਤੇ ਕਿੰਨੀ ਕੁ ਸੁਹਿਰਦ ਹੈ। ਬੇਸ਼ੱਕ ਲੋਕ ਵੀ ਪ੍ਰਦੂਸ਼ਣ ਫੈਲਾਉਣ ਵਿੱਚ ਵੱਡੇ ਪੱਧਰ 'ਤੇ ਜ਼ਿੰਮੇਵਾਰ ਨੇ, ਪਰ ਲੋਕਾਂ ਨੂੰ ਸਮਝਾਉਣਾ ਅਤੇ ਜੁਰਮਾਨੇ ਕਰਨਾ ਤਾਂ ਸਰਕਾਰ ਦਾ ਹੀ ਕੰਮ ਹੈ, ਪਰ ਜੇਕਰ ਸਰਕਾਰ ਹੀ ਹੱਥ ਪਿੱਛੇ ਖਿੱਚ ਲਵੇਗੀ ਤਾਂ ਕਿਵੇਂ ਅਸੀਂ ਦੇਸ਼ ਨੂੰ ਸੋਹਣਾ ਬਣਾ ਸਕਦੇ ਹਾਂ ?

ਮਾਹਰਾਂ ਦੇ ਅਨੁਸਾਰ, ਇਹ ਬਜਟ ਕਟੌਤੀ ਅਜਿਹੇ ਸਮੇਂ ਵਿੱਚ ਆਈ ਹੈ, ਜਦੋਂ ਪ੍ਰਦੂਸ਼ਣ ਨਾਲ ਸੰਬੰਧਤ ਬਿਮਾਰੀਆਂ ਅਤੇ ਮੌਤਾਂ ਦੀਆਂ ਘਟਨਾਵਾਂ ਤੇਜ਼ੀ ਨਾਲ ਵੱਧ ਰਹੀਆਂ ਹਨ । ਵੈਸੇ ਹਵਾ ਪ੍ਰਦੂਸ਼ਣ ਭਾਰਤ ਦੀ ਆਰਥਿਕਤਾ ਲਈ ਅਮਰੀਕਾ ਦੁਆਰਾ ਲਗਾਏ ਗਏ ਟੈਰਿਫ਼ ਨਾਲੋਂ ਕਿਤੇ ਵੱਡਾ ਖ਼ਤਰਾ ਹੈ, ਕਿਉਂਕਿ ਇਹ ਪ੍ਰਦੂਸ਼ਣ ਜਿੱਥੇ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਤੋਰ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਵਿਕਾਸ ਦੀ ਗੱਡੀ ਨੂੰ ਵੀ ਜਾਮ ਕਰੀ ਬੈਠਾ ਹੈ।

ਹਵਾ ਪ੍ਰਦੂਸ਼ਣ ਦੇ ਕਾਰਨ ਭਾਰਤ ਵਿੱਚ ਲਗਾਤਾਰ ਬਿਮਾਰੀਆਂ ਦਾ ਫੈਲਣਾ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਆਉਣ ਵਾਲਾ ਸਮਾਂ ਕੋਈ ਚੰਗਾ ਨਹੀਂ ਹੋਣ ਵਾਲਾ।

ਵੈਸੇ ਮੌਜੂਦਾ ਸਮੇਂ ਅੰਦਰ ਹਵਾ ਵਿੱਚ ਮੌਜੂਦ ਜ਼ਹਿਰੀਲੇ ਪਦਾਰਥ ਹੌਲੀ-ਹੌਲੀ ਨਾ ਸਿਰਫ਼ ਫੇਫੜਿਆਂ ਅਤੇ ਦਿਲ ਨੂੰ ਸਗੋਂ ਦਿਮਾਗ ਨੂੰ ਵੀ ਨੁਕਸਾਨ ਪਹੁੰਚਾ ਰਹੇ ਹਨ । ਇਸ ਦਾ ਮਤਲਬ ਹੈ ਕਿ ਹਵਾ ਪ੍ਰਦੂਸ਼ਣ ਦੇ ਪ੍ਰਭਾਵ ਸਰੀਰ ਦੇ ਅੰਦਰ ਡੂੰਘਾਈ ਤੱਕ ਪਹੁੰਚ ਰਹੇ ਹਨ । ਸਵੀਡਨ ਦੇ ਕੈਰੋਲਿੰਸਕਾ ਇੰਸਟੀਚਿਊਟ ਦੇ ਵਿਗਿਆਨੀਆਂ ਦੁਆਰਾ ਕੀਤੇ ਗਏ ਇੱਕ ਨਵੇਂ ਅਧਿਐਨ ਵਿੱਚ ਇਹ ਖੁਲਾਸਾ ਹੋਇਆ ਹੈ ਕਿ ਪ੍ਰਦੂਸ਼ਤ ਹਵਾ ਦੇ ਲੰਮੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਦਿਮਾਗ ਅਤੇ ਨਸਾਂ ਨਾਲ ਸੰਬੰਧਤ ਗੰਭੀਰ ਬਿਮਾਰੀਆਂ ਦਾ ਖ਼ਤਰਾ ਵਧ ਸਕਦਾ ਹੈ। ਇਸ ਅਧਿਐਨ ਦੇ ਨਤੀਜੇ ਵੱਕਾਰੀ ਮੈਡੀਕਲ ਜਰਨਲ 'ਜਾਮਾ ਨਿਊਰੋਲੋਜੀ' ਵਿੱਚ ਪ੍ਰਕਾਸ਼ਤ ਕੀਤੇ ਗਏ ਹਨ। ਆਪਣੇ ਅਧਿਐਨ ਵਿੱਚ ਖੋਜਕਰਤਾਵਾਂ ਨੇ ਹਵਾ ਪ੍ਰਦੂਸ਼ਣ ਅਤੇ ਐਮੀਓਟ੍ਰੋਫਿਕ ਲੈਟਰਲ ਸਕਲੇਰੋਸਿਸ ਵਰਗੀਆਂ ਬਿਮਾਰੀਆਂ ਵਿਚਕਾਰ ਇੱਕ ਖ਼ਤਰਨਾਕ ਸੰਬੰਧ ਦਾ ਪਤਾ ਲਗਾਇਆ ਹੈ।

ਜ਼ਿਕਰਯੋਗ ਹੈ ਕਿ ਐਮੀਓਟ੍ਰੋਫਿਕ ਲੈਟਰਲ ਸਕਲੇਰੋਸਿਸ ਮੋਟਰ ਨਿਊਰੋਨ ਬਿਮਾਰੀ ਦਾ ਸਭ ਤੋਂ ਭਿਆਨਕ ਰੂਪ ਹੈ, ਜੋ ਕਿ ਲਗਭਗ 85 ਤੋਂ 90 ਪ੍ਰਤੀਸ਼ਤ ਮਾਮਲਿਆਂ ਵਿੱਚ ਹੁੰਦਾ ਹੈ। ਹਵਾ ਪ੍ਰਦੂਸ਼ਣ ਦੇ ਨਾਲ ਫੈਲਣ ਵਾਲੀ ਇਸ ਬਿਮਾਰੀ ਦੇ ਕਾਰਨ ਮਾਸਪੇਸ਼ੀਆਂ ਸੁੰਗੜਨ ਲੱਗਦੀਆਂ ਹਨ, ਹੱਡੀਆਂ ਨੂੰ ਕਮਜ਼ੋਰ ਕਰ ਦਿੰਦੀਆਂ ਹਨ ਅਤੇ ਅਧਰੰਗ ਦਾ ਕਾਰਨ ਵੀ ਬਣ ਸਕਦੀਆਂ ਹਨ।

ਹਵਾ ਪ੍ਰਦੂਸ਼ਣ ਕਾਰਨ ਫੈਲਦੀਆਂ ਬਿਮਾਰੀਆਂ ਵੱਲ ਧਿਆਨ ਨਾ ਦੇ ਕੇ ਕੁਝ ਲੋਕ ਕਿਸਾਨਾਂ ਨੂੰ ਹੀ ਕੋਸਣ 'ਤੇ ਲੱਗੇ ਰਹਿੰਦੇ ਹਨ। ਆਏ ਦਿਨ ਪ੍ਰਦੂਸ਼ਣ ਦੇ ਮਸਲੇ 'ਤੇ ਸਿਆਸੀ ਪਾਰਟੀਆਂ ਵੱਲੋਂ ਕਿਸਾਨਾਂ ਨੂੰ ਬੁਰਾ-ਭਲਾ ਆਖਿਆ ਜਾਂਦਾ ਹੈ ਕਿ ਕਿਸਾਨਾਂ ਵੱਲੋਂ ਪਰਾਲੀ ਅਤੇ ਹੋਰ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦੇ ਕਾਰਨ ਪ੍ਰਦੂਸ਼ਣ ਫੈਲਦਾ ਹੈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਇਸ ਰਹਿੰਦ-ਖੂੰਹਦ ਨੂੰ ਖੇਤਾਂ ਦੇ ਵਿੱਚ ਹੀ ਦਫ਼ਨਾਉਣ, ਪਰ ਦੂਜੇ ਪਾਸੇ ਕਿਸਾਨਾਂ ਨੂੰ ਮੱਤਾ ਦੇਣ ਵਾਲੇ ਇਹ ਸਿਆਸੀ ਲੀਡਰ ਖ਼ੁਦ ਕਿਉਂ ਨਹੀਂ ਆਪਣੀ ਪੀੜ੍ਹੀ ਥੱਲੇ ਸੋਟਾ ਫੇਰਦੇ ।

ਇਸ ਸਾਰੇ ਰੌਲ਼ੇ-ਗੌਲ਼ੇ ਦੇ ਵਿੱਚ ਇਹੋ ਲੱਗ ਰਿਹਾ ਹੈ ਕਿ ਕੇਂਦਰੀ ਬਜਟ 2026-27 ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਪ੍ਰਦੂਸ਼ਣ ਦੇ ਮੁੱਖ ਸਰੋਤਾਂ ਨੂੰ ਕੰਟਰੋਲ ਕਰਨਾ ਇਸ ਸਮੇਂ ਸਰਕਾਰ ਲਈ ਤਰਜੀਹ ਨਹੀਂ ਹੈ।

*# ਸੰਪਰਕ : 95698-20314*

# ਭਾਰਤੀ ਮੀਡੀਆ ਦੀ ਲਾਜ ਬਚਾਅ ਰਹੇ ਨੇ ਅਖ਼ਬਾਰ

**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ**

ਅਖ਼ਬਾਰਾਂ ਜਾਂ ਨਿਊਜ਼ ਚੈਨਲਾਂ ਦਾ ਮੁੱਖ ਕੰਮ ਜਨਤਾ ਤੱਕ ਸਹੀ ਖ਼ਬਰਾ ਪਹੁੰਚਾਉਣਾ ਹੀ ਨਹੀਂ ਹੁੰਦਾ ਹੈ, ਸਗੋਂ ਸਮਾਜ ਅੰਦਰ ਫ਼ੈਲੀਆਂ ਵੱਖ-ਵੱਖ ਕੁਰੀਤੀਆਂ ਅਤੇ ਸਮੱਸਿਆਵਾਂ ਸਬੰਧੀ ਲੋਕ ਰਾਇ ਪੈਦਾ ਕਰਨਾ ਅਤੇ ਸਮਾਜ ਨੂੰ ਜਾਗਰੂਕ ਕਰਕੇ ਇਕ ਚੰਗੇ ਸਮਾਜ ਦੀ ਸਿਰਜਣਾ ਵਿਚ ਆਪਣੀ ਭੂਮਿਕਾ ਅਦਾ ਕਰਨਾ ਵੀ ਹੁੰਦਾ ਹੈ। ਇਨ੍ਹਾਂ ਸੰਚਾਰ ਮਾਧਿਅਮਾਂ ਨੂੰ ਤਾਂ ਲੋਕਤੰਤਰ ਦਾ ਚੌਥਾ ਥੰਮ੍ਹ ਹੋਣ ਦਾ ਸ਼ਰਫ਼ ਵੀ ਦਿੱਤਾ ਜਾਂਦਾ ਹੈ, ਪਰ ਅਫ਼ਸੋਸ ਹੈ ਕਿ ਅਜੋਕਾ ਭਾਰਤੀ ਮੀਡੀਆ ਪ੍ਰਸ਼ੰਸਾ ਦੀ ਥਾਂ ਭਾਰੀ ਆਲੋਚਨਾ ਦਾ ਸ਼ਿਕਾਰ ਹੈ।

ਕੌਮਾਂਤਰੀ ਪੱਧਰ 'ਤੇ ਹੁੰਦੀ ਦਰਜਾਬੰਦੀ ਵਿਚ ਅਜੋਕੇ ਭਾਰਤੀ ਮੀਡੀਆ ਦੀ ਸਾਖ਼ ਵਿਚ ਗਿਰਾਵਟ ਨਿਰੰਤਰ ਜੱਗ-ਜ਼ਾਹਰ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਸੰਗੀਨ ਇਲਜ਼ਾਮਾਂ ਦੀ ਵੱਡੀ ਉਂਗਲ ਬੇਸ਼ੱਕ ਬਿਜਲਈ ਮੀਡੀਆ ਵੱਲ ਉਠਾਈ ਜਾ ਰਹੀ, ਪਰ ਬਹੁਤ ਹੀ ਥੋੜ੍ਹੀ ਗਿਣਤੀ ਵਿਚ ਅਜਿਹੇ ਅਖ਼ਬਾਰ ਵੀ ਹਾਜ਼ਰ ਹਨ, ਜੋ ਆਪਣਾ ਸੱਚੀ ਅਤੇ ਸੁੱਚੀ ਪੱਤਰਕਾਰਤਾ ਦਾ ਧਰਮ ਤਿਆਗ ਕੇ ਸੱਤਾਧਾਰੀ ਧਿਰ ਦੀ ਚਾਟੂਕਾਰਿਤਾ ਕਰਨ ਅਤੇ ਆਮ ਜਨਤਾ ਨੂੰ ਸੱਚ ਦੇ ਰੂਬਰੂ ਕਰਨ ਦੀ ਥਾਂ ਗੁੰਮਰਾਹ ਕਰਨ ਵਾਲੀਆਂ ਖ਼ਬਰਾਂ ਪਰੋਸਣ ਵਿਚ ਰੁਝੇ ਹੋਏ ਹਨ। ਗ਼ਨੀਮਤ ਹੈ ਕਿ ਫ਼ਿਲਹਾਲ ਅਜਿਹੇ 'ਅਧਰਮੀ' ਅਖ਼ਬਾਰਾਂ ਦੀ ਗਿਣਤੀ ਕੇਵਲ 'ਆਟੇ ਵਿਚ ਲੂਣ' ਦੀ ਨਿਆਈਂ ਹੈ, ਜਦੋਂ ਕਿ ਬਿਜਲਈ ਮੀਡੀਆ ਦੇ ਇਕ ਵੱਡੇ ਵਰਗ ਦੇ ਦਾਮਨ ਉੱਤੇ ਤਾਂ 'ਗੋਦੀ ਮੀਡੀਆ' ਹੋਣ ਸਣੇ ਕਈ ਹੋਰ ਵੀ ਗੰਭੀਰ ਇਲਜ਼ਾਮਾਂ ਰੂਪੀ ਦਾਗ਼ ਪ੍ਰਤੱਖ ਨਜ਼ਰ ਆ ਰਹੇ ਹਨ।

ਭਾਰਤ ਵਿਚ 29 ਜਨਵਰੀ 1780 ਨੂੰ ਸਭ ਤੋਂ ਪਹਿਲੇ ਅਖ਼ਬਾਰ 'ਬੰਗਾਲ ਗਜ਼ਟ' (ਦਿ ਕਲਕੱਤਾ ਜਨਰਲ ਐਡਵਰਟਾਈਜ਼ਰ) ਦਾ ਅਰੰਭ ਹੋਇਆ ਸੀ। ਇਸ ਹਫ਼ਤਾਵਾਰੀ ਅਖ਼ਬਾਰ ਨੂੰ ਜੇਮਜ਼ ਅਗਸਤਸ ਹਿੱਕੀ ਨੇ ਕਲਕੱਤਾ ਵਿਖੇ ਸ਼ੁਰੂ ਕੀਤਾ ਸੀ। ਭਾਰਤ ਵਿਚ ਪੱਤਰਕਾਰਤਾ ਦੇ ਸੁਨੱਖੇ ਸਫ਼ਰ ਦਾ ਆਗ਼ਾਜ਼ ਕੀਤਾ ਸੀ। ਇਥੇ ਇਹ ਦੱਸਣਾ ਮਹੱਤਵਪੂਰਨ ਹੈ ਕਿ ਭਾਰਤੀ ਪੱਤਰਕਾਰੀ ਦਾ ਇਹ ਸਫ਼ਰ ਬ੍ਰਿਟਿਸ਼ ਸਰਕਾਰ ਦੇ ਜ਼ੁਲਮਾਂ ਖ਼ਿਲਾਫ਼ ਭਾਰਤੀਆਂ ਅੰਦਰ ਜਾਗਰੂਕਤਾ ਪੈਦਾ ਕਰਨ ਵਿਚ ਵੱਡੀ ਭੂਮਿਕਾ ਨਿਭਾਅ ਗਿਆ ਸੀ। ਬੇਸ਼ੱਕ ਉਕਤ ਅਖ਼ਬਾਰ ਦਾ ਸਫ਼ਰ ਕੋਈ ਬਹੁਤਾ ਲੰਮਾ ਨਹੀਂ ਸੀ ਰਿਹਾ, ਕਿਉਂਕਿ ਅੰਗਰੇਜ਼ ਹਾਕਮਾਂ ਨੇ 'ਸੁੱਤਿਆਂ ਨੂੰ ਜਗਾਉਣ ਲਈ ਸਰਗਰਮ' ਇਸ ਅਖ਼ਬਾਰ ਦੇ ਪ੍ਰਕਾਸ਼ਨ ਨੂੰ ਸੰਨ 1782 ਵਿਚ ਬੰਦ ਕਰਵਾ ਦਿੱਤਾ ਸੀ।

*ਭਾਰਤ ਵਿਚ 29 ਜਨਵਰੀ 1780 ਨੂੰ ਸਭ ਤੋਂ ਪਹਿਲੇ ਅਖ਼ਬਾਰ 'ਬੰਗਾਲ ਗਜ਼ਟ' (ਦਿ ਕਲਕੱਤਾ ਜਰਨਲ ਐਡਵਰਟਾਈਜ਼ਰ) ਦਾ ਅਰੰਭ ਹੋਇਆ ਸੀ। ਇਸ ਹਫ਼ਤਾਵਾਰੀ ਅਖ਼ਬਾਰ ਨੂੰ ਜੇਮਜ਼ ਅਗਸਤਸ ਹਿੱਕੀ ਨੇ ਕਲਕੱਤਾ ਵਿਖੇ ਸ਼ੁਰੂ ਕੀਤਾ ਸੀ। ਭਾਰਤ ਵਿਚ ਪੱਤਰਕਾਰਤਾ ਦੇ ਸੁਨੱਖੇ ਸਫ਼ਰ ਦਾ ਆਗ਼ਾਜ਼ ਕੀਤਾ ਸੀ। ਭਾਰਤੀ ਪੱਤਰਕਾਰੀ ਦਾ ਇਹ ਸਫ਼ਰ ਬ੍ਰਿਟਿਸ਼ ਸਰਕਾਰ ਦੇ ਜ਼ੁਲਮਾਂ ਖ਼ਿਲਾਫ਼ ਭਾਰਤੀਆਂ ਅੰਦਰ ਜਾਗਰੂਕਤਾ ਪੈਦਾ ਕਰਨ ਵਿਚ ਵੱਡੀ ਭੂਮਿਕਾ ਨਿਭਾਅ ਗਿਆ ਸੀ। ਬੇਸ਼ੱਕ ਉਕਤ ਅਖ਼ਬਾਰ ਦਾ ਸਫ਼ਰ ਕੋਈ ਬਹੁਤਾ ਲੰਮਾ ਨਹੀਂ ਸੀ ਰਿਹਾ, ਕਿਉਂਕਿ ਅੰਗਰੇਜ਼ ਹਾਕਮਾਂ ਨੇ 'ਸੁੱਤਿਆਂ ਨੂੰ ਜਗਾਉਣ ਲਈ ਸਰਗਰਮ' ਇਸ ਅਖ਼ਬਾਰ ਦੇ ਪ੍ਰਕਾਸ਼ਨ ਨੂੰ ਸੰਨ 1782 ਵਿਚ ਬੰਦ ਕਰਵਾ ਦਿੱਤਾ ਸੀ। ਭਾਰਤ ਦੇ ਸ਼ੁਰੂਆਤੀ ਅਖ਼ਬਾਰਾਂ ਦੀ ਜੇਕਰ ਗੱਲ ਕੀਤੀ ਜਾਵੇ ਤਾਂ 'ਦਿ ਬੰਗਾਲ ਜਰਨਲ', 'ਕਲਕੱਤਾ ਕ੍ਰੌਨੀਕਲ', 'ਮਦਰਾਸ ਕੋਰੀਅਰ' ਅਤੇ 'ਬੰਬਈ ਹੈਰਾਲਡ' ਆਦਿ ਦੇ ਨਾਂਅ ਬੜੇ ਹੀ ਫ਼ਖ਼ਰ ਨਾਲ ਲਏ ਜਾ ਸਕਦੇ ਹਨ।*

ਭਾਰਤ ਦੇ ਸ਼ੁਰੂਆਤੀ ਅਖ਼ਬਾਰਾਂ ਦੀ ਜੇਕਰ ਗੱਲ ਕੀਤੀ ਜਾਵੇ ਤਾਂ 'ਦਿ ਬੰਗਾਲ ਜਰਨਲ', 'ਕਲਕੱਤਾ ਕ੍ਰੌਨੀਕਲ', 'ਮਦਰਾਸ ਕੋਰੀਅਰ' ਅਤੇ 'ਬੰਬਈ ਹੈਰਾਲਡ' ਆਦਿ ਦੇ ਨਾਂਅ ਬੜੇ ਹੀ ਫ਼ਖ਼ਰ ਨਾਲ ਲਏ ਜਾ ਸਕਦੇ ਹਨ। ਇਨ੍ਹਾਂ ਸਮੂਹ ਅਖ਼ਬਾਰਾਂ ਨੂੰ ਬਰਤਾਨਵੀ ਰਾਜ ਦੌਰਾਨ 'ਸੈਂਸਰਸ਼ਿਪ' ਸਣੇ ਕਈ ਸਾਰੀਆਂ ਚੁਣੌਤੀਆਂ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ, ਕਿਉਂਕਿ ਬਸਤੀਵਾਦੀ ਪ੍ਰਸ਼ਾਸ਼ਨ ਤਾਂ ਸੂਚਨਾ ਅਤੇ ਜਾਣਕਾਰੀ ਦੇ ਪ੍ਰਵਾਹ ਨੂੰ ਰੋਕਣਾ ਅਤੇ ਪ੍ਰੈੱਸ ਦੀ ਆਜ਼ਾਦੀ ਨੂੰ ਖ਼ਤਮ ਕਰ ਦੇਣਾ ਚਾਹੁੰਦਾ ਸੀ। 'ਸੱਚ ਬੋਲਣ' ਦੇ ਜੁਰਮ ਵਿਚ ਇਹ ਅਖ਼ਬਾਰ ਬਰਤਾਨਵੀ ਹਾਕਮਾਂ ਨੇ ਅਖ਼ੀਰ ਬੰਦ ਕਰਵਾ ਹੀ ਦਿੱਤੇ ਸਨ। ਇਥੇ ਹੀ ਬਸ ਨਹੀਂ, ਸਗੋਂ ਲਾਰਡ ਲਿਟਨ ਨੇ ਤਾਂ 'ਵਰਨਾਕੁਲਰ ਪ੍ਰੈੱਸ ਐਕਟ-1878' ਨਾਮਕ ਕਾਨੂੰਨ ਬਣਾ ਕੇ ਪ੍ਰੈੱਸ ਦੀ ਆਜ਼ਾਦੀ ਨੂੰ ਕੁਚਲਣ ਲਈ ਸਰਕਾਰ ਨੂੰ ਇਹ ਅਖ਼ਤਿਆਰ ਦੇ ਦਿੱਤਾ ਸੀ ਕਿ ਸਰਕਾਰ ਸਥਾਨਕ ਭਾਸ਼ਾਵਾਂ ਦੀਆਂ ਅਖ਼ਬਾਰਾਂ ਦੀਆਂ ਖ਼ਬਰਾਂ ਅਤੇ ਸੰਪਾਦਕੀਆਂਨੂੰ ਸੈਂਸਰ ਕਰ ਸਕਦੀ ਸੀ। ਉਸ ਵਕਤ ਇਸ ਐਕਟ ਦੀ ਭਾਰੀ ਆਲੋਚਨਾ ਵੀ ਹੋਈ।

ਉਂਜ ਭਾਰਤ ਦੀ ਆਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਨੇ ਪ੍ਰੈੱਸ ਸੰਬੰਧੀ ਕਾਨੂੰਨਾਂ ਵਿਚ ਸੁਧਾਰ ਕਰਨ ਲਈ ਅਤੇ ਪ੍ਰੈੱਸ ਦੀ ਆਜ਼ਾਦੀ ਨੂੰ ਯਕੀਨੀ ਬਣਾਉਣ ਲਈ 'ਪ੍ਰੈੱਸ ਇਨਕੁਆਇਰੀ ਕਮੇਟੀ' ਦਾ ਗਠਨ ਕਰ ਦਿੱਤਾ ਸੀ। ਸੰਨ 1954 ਵਿਚ ਭਾਰਤ ਸਰਕਾਰ ਨੇ ਜਸਟਿਸ ਰਾਜਾਧਿਅਕਸ਼ ਦੀ ਅਗਵਾਈ ਵਿਚ ਇਕ ਹੋਰ ਕਮਿਸ਼ਨ ਦੀ ਸਥਾਪਨਾ ਕਰ ਦਿੱਤੀ ਸੀ, ਜਿਸ ਦਾ ਕੰਮ ਪੱਤਰਕਾਰਿਤਾ ਦੇ ਮਿਆਰ ਵਿਚ ਸੁਧਾਰ ਹਿਤ ਸੁਝਾਅ ਦੇਣਾ ਸੀ। ਜ਼ਿਕਰਯੋਗ ਹੈ ਕਿ ਇਸੇ ਕਮਿਸ਼ਨ ਦੀ ਸਿਫ਼ਾਰਿਸ਼ 'ਤੇ ਹੀ ਸੰਨ 1966 ਵਿਚ 'ਆਲ ਇੰਡੀਆ ਪ੍ਰੈੱਸ ਕੌਂਸਲ' ਦਾ ਗਠਨ ਹੋਇਆ ਸੀ। ਸੰਨ 1975 ਵਿਚ ਇੰਦਰਾ ਗਾਂਧੀ ਵੱਲੋਂ ਦੇਸ਼ ਵਿਚ 'ਐਮਰਜੈਂਸੀ' ਲਗਾਉਣ ਦੌਰਾਨ ਇਸ ਕੌਂਸਲ ਨੂੰ ਭੰਗ ਕਰ ਦਿੱਤਾ ਗਿਆ ਤੇ ਫਿਰ ਸੰਨ 1979 ਵਿਚ ਇਸ ਕੌਂਸਲ ਦਾ ਪੁਨਰਗਠਨ ਕਰ ਦਿੱਤਾ ਗਿਆ।

ਭਾਰਤ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਵੱਲੋਂ ਸਾਲ 2025 ਵਿਚ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ ਭਾਰਤ ਵਿਚ ਰਜਿਸਟਰਡ ਵੱਡੇ-ਛੋਟੇ ਅਖ਼ਬਾਰਾਂ ਤੇ ਰਸਾਲਿਆਂ ਦੀ ਕੁੱਲ ਗਿਣਤੀ 1.5 ਲੱਖ ਹੈ, ਜਿਨ੍ਹਾਂ ਵਿਚ ਕੌਮੀ ਪੱਧਰ ਦੇ ਅਖ਼ਬਾਰਾਂ ਤੋਂ ਇਲਾਵਾ ਵੱਖ-ਵੱਖ ਸੂਬਿਆਂ ਅੰਦਰ ਬੋਲੀਆਂ ਜਾਣ ਵਾਲੀਆਂ ਸਥਾਨਕ ਭਾਸ਼ਾਵਾਂ ਵਿਚ ਛਪਣ ਵਾਲੀਆਂ ਅਨੇਕਾਂ ਅਖ਼ਬਾਰਾਂ ਵੀ ਸ਼ਾਮਲ ਹਨ। ਭਾਰਤ ਕੋਲ ਇਸ ਵੇਲੇ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਖ਼ਬਾਰ ਮਾਰਕੀਟ ਹੈ। ਭਾਰਤ ਵਿਚ ਸਭ ਤੋਂ ਵੱਧ ਅਖ਼ਬਾਰ ਹਿੰਦੀ ਭਾਸ਼ਾ ਵਿਚ ਛਪਦੇ ਹਨ ਤੇ ਉਸ ਤੋਂ ਅਗਲਾ ਨੰਬਰ ਅੰਗਰੇਜ਼ੀ ਅਤੇ ਤੇਲਗੂ ਭਾਸ਼ਾਵਾਂ ਦੀਆ ਅਖ਼ਬਾਰਾਂ ਦਾ ਆਉਂਦਾ ਹੈ।

ਭਾਰਤ ਵਿਚ ਬੱਸ ਸਟੈਂਡ ਜਾਂ ਰੇਲਵੇ ਸਟੇਸ਼ਨ 'ਤੇ ਲੱਗੇ ਸਟਾਲ ਤੋਂ ਅਖ਼ਬਾਰ ਖ਼ਰੀਦਣ ਜਾਂ ਘਰਾਂ ਤੇ ਦਫ਼ਤਰਾਂ ਲਈ ਨਿਯਮਿਤ ਰੂਪ ਵਿਚ ਅਖ਼ਬਾਰ ਲੈਣ ਦੀ ਇਕ ਚੰਗੀ ਪ੍ਰੰਪਰਾ ਚੱਲਦੀ ਹੁੰਦੀ ਸੀ, ਪਰ ਕੋਰੋਨਾ ਕਾਲ ਦੌਰਾਨ ਬਹੁਤ ਸਾਰੇ ਲੋਕ ਅਖ਼ਬਾਰਾਂ ਜਾਂ ਰਸਾਲਿਆਂ ਦੀ 'ਹਾਰਡ ਕਾਪੀ' ਲੈਣ ਦੀ ਥਾਂ 'ਸਾਫ਼ਟ' ਜਾਂ 'ਡਿਜੀਟਲ' ਕਾਪੀ ਲੈਣ ਲੱਗ ਪਏ ਤੇ ਕਰੋਨਾ ਦਾ ਦੌਰ ਖ਼ਤਮ ਹੋਣ ਤੋਂ ਬਾਅਦ ਵੀ ਕਾਫੀ ਸਾਰੇ ਲੋਕਾਂ ਨੇ ਹਾਰਡ ਕਾਪੀ ਲੈਣੀ ਸ਼ੁਰੂ ਹੀ ਨਹੀਂ ਕੀਤੀ, ਜਦੋਂ ਕਿ ਡਿਜੀਟਲ ਪਲੇਟਫ਼ਾਰਮਾਂ 'ਤੇ ਅਖ਼ਬਾਰ ਪੜ੍ਹਨ ਦਾ ਰੁਝਾਨ ਅੱਜ ਵੀ ਜਾਰੀ ਹੈ, ਪਰ ਅਜੇ ਵੀ ਲੱਖਾਂ-ਕਰੋੜਾਂ ਪਾਠਕ ਅਜਿਹੇ ਹਨ, ਜਿਨ੍ਹਾ ਨੂੰ ਅਖ਼ਬਾਰ ਦੀ ਹਾਰਡ ਕਾਪੀ ਪੜ੍ਹ ਕੇ ਹੀ 'ਤਸੱਲੀ' ਮਿਲਦੀ ਹੈ ਤੇ ਅਜੇ ਵੀ ਉਹ ਅਖ਼ਬਾਰਾਂ ਵਿਚ ਪ੍ਰਕਾਸ਼ਤ ਮਹੱਤਵਪੂਰਨ ਖ਼ਬਰਾ, ਸੰਪਾਦਕੀ, ਲੇਖ, ਕਹਾਣੀਆਂ, ਕਵਿਤਾਵਾਂ ਜਾਂ ਤਸਵੀਰਾਂ ਨੂੰ ਕੱਟ ਕੇ ਆਪਣੇ ਕੋਲ ਸਾਂਭ ਕੇ ਰੱਖਦੇ ਹਨ। ਅਖ਼ਬਾਰਾਂ ਦੀ ਪ੍ਰਕਾਸ਼ਨਾ ਨਾਲ ਸੰਬੰਧਤ ਮਸ਼ੀਨਰੀ ਅਤੇ ਕੱਚਾ ਮਾਲ ਮਹਿੰਗਾ ਹੋਣ ਕਰਕੇ ਹੁਣ ਬਹੁਤ ਸਾਰੇ ਪ੍ਰਕਾਸ਼ਕਾਂ ਲਈ ਅਖ਼ਬਾਰ ਪ੍ਰਕਾਸ਼ਤ ਕਰਨਾ ਵਿੱਤੀ ਪੱਖੋਂ ਫ਼ਾਇਦੇਮੰਦ ਨਹੀਂ ਰਿਹਾ। ਜ਼ਮਾਨਾ ਹੌਲੀ-ਹੌਲੀ ਅਖ਼ਬਾਰਾਂ ਦੇ ਡਿਜੀਟਲ ਰੂਪ ਦੀ ਵਧੇਰੇ ਵਰਤੋਂ ਵੱਲ ਨੂੰ ਵਧ ਰਿਹਾ ਹੈ। ਨਵੀਂ ਪੀੜ੍ਹੀ 'ਵਕਤ ਦੀ ਘਾਟ' ਦਾ ਬਹਾਨਾ ਲਗਾਉਂਦਿਆਂ ਹੋਇਆਂ ਅਖ਼ਬਾਰਾਂ ਦੀ ਸਾਫ਼ਟ ਕਾਪੀ ਪੜ੍ਹਨ ਵਿਚ ਵਧੇਰੇ ਰੁਚੀ ਵਿਖਾਅ ਰਹੀ ਹੈ ।

**# ਸੰਪਰਕ : 97816-46008**

# ਨਵੀਂ ਚੋਣ ਪ੍ਰਚਾਰ ਵਿਧੀ 'ਤੇ ਕਾਨੂੰਨੀ ਬਿੱਲ ਲਿਆਉਣ ਦੀ ਲੋੜ

**ਬੇਅੰਤ ਸਿੰਘ ਬਾਜਵਾ**

ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਜਿੱਥੇ ਚੋਣਾਂ ਸਿਰਫ਼ ਸਰਕਾਰ ਬਣਾਉਣ ਦੀ ਪ੍ਰਕਿਰਿਆ ਨਹੀਂ, ਸਗੋਂ ਲੋਕਾਂ ਦੀ ਆਵਾਜ਼ ਅਤੇ ਭਾਗੀਦਾਰੀ ਦਾ ਪ੍ਰਤੀਕ ਹਨ, ਪਰ ਸਮੇਂ ਦੇ ਨਾਲ-ਨਾਲ ਚੋਣ ਪ੍ਰਚਾਰ ਦੀਆਂ ਵਿਧੀਆਂ ਵਿੱਚ ਆਈਆਂ ਤਬਦੀਲੀਆਂ ਨੇ ਕਈ ਗੰਭੀਰ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ ।ਮਹਿੰਗੀਆਂ ਰੈਲੀਆਂ, ਲਾਊਡ ਸਪੀਕਰਾਂ ਸ਼ੋਰ-ਸ਼ਰਾਬਾ, ਬੇਹਿਸਾਬ ਪੈਸੇ ਦੀ ਦੁਰਵਰਤੋਂ ਅਤੇ ਅਕਸਰ ਭਾਸ਼ਣਾਂ ਵਿੱਚ ਨਫ਼ਰਤੀ ਸ਼ਬਦੀ ਪ੍ਰਚਾਰ ਦਾ ਬੋਲਬਾਲਾ ਹੈ ।ਇਹ ਸਭ ਚੋਣ ਪ੍ਰਕਿਰਿਆ ਦੀ ਪਵਿੱਤਰਤਾ 'ਤੇ ਸਵਾਲ ਖੜੇ ਕਰਦੇ ਹਨ ।ਇਸ ਸੰਦਰਭ ਵਿੱਚ ਇਹ ਬਹੁਤ ਜ਼ਰੂਰੀ ਹੈ ਕਿ ਭਾਰਤ ਵਿੱਚ ਇੱਕ ਨਵੀਂ ਆਧੁਨਿਕ ਅਤੇ ਸਾਫ਼-ਸੁਥਰੀ ਚੋਣ ਪ੍ਰਚਾਰ ਵਿਧੀ ਲਈ ਕਾਨੂੰਨੀ ਬਿੱਲ ਲਿਆਂਦਾ ਜਾਵੇ।ਇਹ ਅਜੋਕੇ ਸਮੇਂ ਦੀ ਮੁੱਖ ਮੰਗ ਵੀ ਹੈ, ਜਿਵੇਂ ਕਿ ਕਈ ਵਿਕਸਤ ਦੇਸ਼ਾਂ ਵਿੱਚ ਸਿਰਫ਼ ਸੋਸ਼ਲ ਮੀਡੀਆ, ਰੇਡੀਓ ਮਾਧਿਅਮ, ਬੱਸ-ਮੈਟਰੋ ਸਟੇਸ਼ਨਾਂ ਅਤੇ ਅਖਬਾਰਾਂ ਰਾਹੀਂ ਪ੍ਰਚਾਰ ਕੀਤਾ ਜਾਂਦਾ ਹੈ, ਪਰ ਭਾਰਤ ਦੇਸ਼ ਵਿੱਚ ਅਜਿਹਾ ਘੱਟ ਹੁੰਦਾ ਹੈ, ਜ਼ਮੀਨੀ ਪੱਧਰ 'ਤੇ ਪ੍ਰਚਾਰ ਜ਼ਿਆਦਾ ਕੀਤਾ ਜ਼ਾਂਦਾ ਹੈ।



**ਮੌਜੂਦਾ ਚੋਣ ਪ੍ਰਚਾਰ ਪ੍ਰਣਾਲੀ ਦੀਆਂ ਸਮੱਸਿਆਵਾਂ**

ਅਜੋਕੇ ਭਾਰਤ ਵਿੱਚ ਚੋਣ ਪ੍ਰਚਾਰ ਦਾ ਅਰਥ ਅਕਸਰ ਵੱਡੀਆਂ ਰੈਲੀਆਂ, ਰੋਡ ਸ਼ੋਆਂ, ਪੋਸਟਰਾਂ ਨਾਲ ਖ਼ੂਬਸੂਰਤ ਸ਼ਹਿਰਾਂ ਦੀ ਦਿੱਖ ਨੂੰ ਵਿਗਾੜਨਾ ਅਤੇ ਉੱਚੀ ਆਵਾਜ਼ ਵਾਲੇ ਲਾਊਡ ਸਪੀਕਰ ਬਣ ਗਿਆ ਹੈ।ਇਹ ਸਾਰੀਆਂ ਗਤਿਵਿਧੀਆਂ ਸਿਰਫ਼ ਪੈਸੇ ਦੀ ਬਰਬਾਦੀ ਨਹੀਂ, ਸਗੋਂ ਵਾਤਾਵਰਣ ਪ੍ਰਦੂਸ਼ਣ, ਟ੍ਰੈਫਿਕ ਜਾਮ ਅਤੇ ਆਮ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਵਿਘਨ ਦਾ ਕਾਰਨ ਵੀ ਬਣਦੀਆਂ ਹਨ।ਇਸ ਤੋਂ ਇਲਾਵਾ ਛੋਟੀਆਂ ਪਾਰਟੀਆਂ ਲਈ ਮਹਿੰਗਾ ਪ੍ਰਚਾਰ ਕਰਨਾ ਅਸੰਭਵ ਜਿਹਾ ਹੋ ਜਾਂਦਾ ਹੈ, ਜਿਸ ਨਾਲ ਲੋਕਤੰਤਰ ਵਿੱਚ ਬਰਾਬਰੀ ਦਾ ਸਿਧਾਂਤ ਖਤਰੇ ਵਿੱਚ ਪੈਂਦਾ ਹੈ।

ਅੰਕੜੇ ਦੱਸਦੇ ਹਨ ਕਿ ਲੋਕ ਸਭਾ ਚੋਣਾਂ 2024 ਵਿੱਚ 1 ਲੱਖ ਕਰੋੜ ਦਾ ਖਰਚ ਆਇਆ।ਇਹ ਤਾਂ ਉਹ ਅੰਕੜੇ ਹਨ, ਜੋ ਸਾਡੇ ਸਾਹਮਣੇ ਦਸਤਾਵੇਜ਼ੀ ਰੂਪ ਵਿੱਚ ਆਏ।ਜੋ ਪੈਸਾ ਕਿਸੇ ਟੇਢੇ ਢੰਗ ਨਾਲ ਕਿਸੇ ਮਨੋਰਥ ਲਈ ਵਰਤਿਆ ਗਿਆ, ਉਹ ਵੱਖ ਹੈ। ਕਈ ਵਿਕਸਤ ਦੇਸ਼ਾਂ ਵਿੱਚ ਚੋਣ ਪ੍ਰਚਾਰ ਨੂੰ ਸਖ਼ਤ ਨਿਯਮਾਂ ਦੇ ਦਾਇਰੇ ਵਿੱਚ ਲਿਆਂਦਾ ਗਿਆ ਹੈ।ਉੱਥੇ ਵੱਡੀਆਂ ਰੈਲੀਆਂ ਜਾਂ ਸ਼ੋਰ-ਸ਼ਰਾਬੇ ਵਾਲਾ ਪ੍ਰਚਾਰ ਘੱਟ ਹੁੰਦਾ ਹੈ।ਉਮੀਦਵਾਰ ਅਤੇ ਪਾਰਟੀਆਂ ਆਪਣਾ ਸੰਦੇਸ਼ ਮੁੱਖ ਤੌਰ 'ਤੇ ਟੀ ਵੀ ਡਿਬੇਟਾਂ, ਰੇਡੀਓ, ਅਖਬਾਰਾਂ ਅਤੇ ਹੁਣ ਡਿਜੀਟਲ ਪਲੇਟਫਾਰਮਾਂ ਰਾਹੀਂ ਲੋਕਾਂ ਤੱਕ ਪਹੁੰਚਾਉਂਦੀਆਂ ਹਨ।ਜੇਕਰ ਇੱਕਾ-ਦੁੱਕਾ ਪ੍ਰਚਾਰ ਰੈਲੀ ਹੁੰਦੀ ਹੈ ਤਾਂ ਉਸ ਵਿੱਚ ਇੱਕੋ ਹੀ ਮੰਚ 'ਤੇ ਜੋ ਸਾਰੇ ਚੋਣ ਉਮੀਦਵਾਰ ਹੁੰਦੇ ਹਨ, ਉਹ ਆਪਣਿਆਂ ਮੁੱਦਾ ਨੂੰ ਲੋਕਾਂ ਸਾਹਮਣੇ ਰੱਖਦੇ ਹਨ।ਇਸ ਨਾਲ ਪੈਸੇ ਦੀ ਬਚਤ ਅਤੇ ਆਮ ਲੋਕਾਂ ਦਾ ਸਮਾਂ ਬਚਦਾ ਹੈ।ਇਸ ਲਈ ਇਹ ਦੇਸ਼ ਵਿਕਾਸਸ਼ੀਲ ਦੇਸ਼ ਅਖਵਾਉਂਦੇ ਹਨ।ਭਾਰਤ ਵੀ ਇਸ ਮਾਡਲ ਤੋਂ ਪ੍ਰੇਰਣਾ ਲੈ ਸਕਦਾ ਹੈ।

**ਨਵੀਂ ਚੋਣ ਪ੍ਰਚਾਰ ਪ੍ਰਣਾਲੀ ਦੀ ਲੋੜ**

ਭਾਰਤ ਦੀ ਆਬਾਦੀ ਵੱਡੀ ਅਤੇ ਵਿਭਿੰਨ ਹੈ, ਪਰ ਡਿਜੀਟਲ ਕ੍ਰਾਂਤੀ ਨੇ ਇੱਥੇ ਇੰਟਰਨੈੱਟ ਅਤੇ ਸਮਾਰਟਫੋਨ ਦੀ ਪਹੁੰਚ ਨੂੰ ਕਾਫ਼ੀ ਵਧਾ ਦਿੱਤਾ ਹੈ।ਅਜੋਕੇ ਸਮੇਂ ਵਿੱਚ ਪਿੰਡਾਂ ਤੱਕ ਵੀ ਸੋਸ਼ਲ ਮੀਡੀਆ ਅਤੇ ਡਿਜੀਟਲ ਮੀਡੀਆ ਪਹੁੰਚ ਹੋ ਗਈ ਹੈ।ਇਸ ਲਈ ਜੇ ਚੋਣ ਪ੍ਰਚਾਰ ਨੂੰ ਮੁੱਖ ਤੌਰ 'ਤੇ ਸੋਸ਼ਲ ਸਾਈਟਾਂ, ਰੇਡੀਓ ਅਤੇ ਅਖਬਾਰਾਂ ਤੱਕ ਸੀਮਤ ਕਰ ਦਿੱਤਾ ਜਾਵੇ, ਤਾਂ ਇਹ ਜ਼ਿਆਦਾ ਪ੍ਰਭਾਵਸ਼ਾਲੀ ਅਤੇ ਨਿਆਂਯੋਗ ਹੋ ਸਕਦਾ ਹੈ।ਨਵੇਂ ਬਿੱਲ ਦੇ ਮੁੱਖ ਬਿੰਦੂਆਂ ਵਿੱਚ ਡਿਜੀਟਲ ਅਤੇ ਮੀਡੀਆ ਕੇਂਦਰਤ ਪ੍ਰਚਾਰ ਹੋਣਾ ਚਾਹੀਦਾ ਹੈ।ਹਰ ਪਾਰਟੀ ਨੂੰ ਸ਼ਖਤ ਹਦਾਇਤ ਹੋਵੇ ਕਿ ਚੋਣ ਪ੍ਰਚਾਰ ਦਾ ਮੁੱਖ ਸਾਧਨ ਸੋਸ਼ਲ ਮੀਡੀਆ, ਰੇਡੀਓ, ਟੀ ਵੀ ਡਿਬੇਟ ਅਤੇ ਅਖਬਾਰ ਹੀ ਹੋਣ।ਭੌਤਿਕ ਰੈਲੀਆਂ, ਲਾਊਡ ਸਪੀਕਰਾਂ ਅਤੇ ਰੋਡ ਸ਼ੋਅ 'ਤੇ ਸਖ਼ਤ ਪਾਬੰਦੀ ਲਗਾਈ ਜਾਵੇ।ਚੋਣ ਪ੍ਰਚਾਰ ਦੌਰਾਨ ਹੋਣ ਵਾਲੇ ਹਰ ਪਾਰਟੀ ਅਤੇ ਉਮੀਦਵਾਰ ਦੇ ਡਿਜੀਟਲ ਇਸ਼ਤਿਹਾਰਾਂ ਦਾ ਖਰਚਾ ਪਾਰਦਰਸ਼ੀ ਤਰੀਕੇ ਨਾਲ ਦਰਜ ਕੀਤਾ ਜਾਵੇ।ਸਰਕਾਰੀ ਮੀਡੀਆ 'ਤੇ ਹਰ ਪਾਰਟੀ ਨੂੰ ਬਰਾਬਰ ਸਮਾਂ ਦਿੱਤਾ ਜਾਵੇ, ਤਾਂ ਜੋ ਛੋਟੀਆਂ ਪਾਰਟੀਆਂ ਦੀ ਆਵਾਜ਼ ਵੀ ਸੁਣੀ ਜਾ ਸਕੇ।ਫੇਕ ਨਿਊਜ਼ ਅਤੇ ਨਫ਼ਰਤੀ ਭਾਸ਼ਣ 'ਤੇ ਰੋਕ ਹੋਵੇ ਅਤੇ ਇਸ ਦੇ ਨਾਲ ਹੀ ਸੋਸ਼ਲ ਮੀਡੀਆ 'ਤੇ ਗਲਤ ਜਾਣਕਾਰੀ ਅਤੇ ਨਫ਼ਰਤੀ ਸਮੱਗਰੀ ਲਈ ਸਖ਼ਤ ਸਜ਼ਾਵਾਂ ਹੋਣ ਦਾ ਕਾਨੂੰਨ ਸ਼ਖਤੀ ਨਾਲ ਅਮਲ ਵਿੱਚ ਲਿਆਉਣ ਯੋਗ ਹੋਵੇ।ਇਹ ਬਿੱਲ ਲਿਆਉਣ ਤੋਂ ਪਹਿਲਾਂ ਸਰਕਾਰ ਨੂੰ ਸਾਰੇ ਰਾਜਨੀਤਕ ਦਲਾਂ, ਮੀਡੀਆ ਅਦਾਰਿਆਂ ਅਤੇ ਸਿਵਲ ਸੁਸਾਇਟੀ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।ਭਾਰਤੀ ਚੋਣ ਕਮਿਸ਼ਨਰ ਨੂੰ ਇਸ ਪ੍ਰਕਿਰਿਆ ਵਿੱਚ ਕੇਂਦਰੀ ਭੂਮਿਕਾ ਨਿਭਾਉਣੀ ਚਾਹੀਦੀ ਹੈ, ਤਾਂ ਜੋ ਨਵੇਂ ਨਿਯਮ ਸੰਵਿਧਾਨਕ ਅਤੇ ਵਿਹਾਰਕ ਦੋਵਾਂ ਪੱਖੋਂ ਢੁਕਵੇਂ ਹੋਣ।ਇਸ ਤੋਂ ਬਾਅਦ ਪਾਇਲਟ ਪ੍ਰਾਜੈਕਟ ਵਜੋਂ ਕਿਸੇ ਇੱਕ ਜਾਂ ਦੋ ਰਾਜਾਂ ਵਿੱਚ ਇਹ ਪ੍ਰਣਾਲੀ ਨੂੰ ਲਾਗੂ ਕਰਕੇ ਇਸ ਦੇ ਨਤੀਜੇ ਦੇਖਣੇ ਚਾਹੀਦੇ ਹਨ।

ਭਾਰਤ ਵਿੱਚ ਚੋਣ ਪ੍ਰਚਾਰ ਦੀ ਮੌਜੂਦਾ ਪ੍ਰਣਾਲੀ ਨੂੰ ਬਦਲਣ ਦਾ ਸਮਾਂ ਆ ਗਿਆ ਹੈ।ਨਵੀਂ ਚੋਣ ਪ੍ਰਚਾਰ ਵਿਧੀ ਅਤੇ ਕਾਨੂੰਨੀ ਬਿੱਲ ਸਿਰਫ਼ ਪੈਸੇ ਦੀ ਬਚਤ ਨਹੀਂ ਕਰੇਗਾ, ਸਗੋਂ ਲੋਕਤੰਤਰ ਨੂੰ ਹੋਰ ਮਜ਼ਬੂਤ ਅਤੇ ਪਾਰਦਰਸ਼ੀ ਬਣਾਏਗਾ।ਜੇ ਚੋਣਾਂ ਸ਼ਾਂਤਮਈ ਅਤੇ ਡਿਜੀਟਲ ਮਾਧਿਅਮਾਂ ਰਾਹੀਂ ਹੋਣ ਤਾਂ ਆਮ ਨਾਗਰਿਕ ਵੀ ਬਿਨਾਂ ਡਰ ਅਤੇ ਵਿਘਨ ਦੇ ਆਪਣਾ ਫੈਸਲਾ ਕਰ ਸਕੇਗਾ।ਇਸ ਤਰ੍ਹਾਂ ਭਾਰਤ ਇੱਕ ਆਧੁਨਿਕ, ਜ਼ਿੰਮੇਵਾਰ ਅਤੇ ਪ੍ਰਗਤੀਸ਼ੀਲ ਲੋਕਤੰਤਰ ਵੱਲ ਅੱਗੇ ਵਧ ਸਕਦਾ ਹੈ । ਕਈ ਬਾਹਰਲੇ ਵਿਕਸਤ ਦੇਸ਼ਾਂ ਵਿੱਚ ਚੋਣ ਪ੍ਰਕਿਰਿਆ ਦੌਰਾਨ ਚੋਣ ਲੜ ਰਹੇ ਪਾਰਟੀ ਉਮੀਦਵਾਰ ਆਪਣਾ ਪ੍ਰਚਾਰ ਜ਼ਿਆਦਾਤਰ ਇਕੱਲੇ ਹੀ ਕਰਦੇ ਹਨ।ਉਨ੍ਹਾਂ ਨੂੰ ਵੱਡੀਆਂ ਟੋਲੀਆਂ, ਕਾਰਾਂ ਦੇ ਕਾਫ਼ਲੇ, ਸੈਂਕੜਿਆਂ ਦੀ ਭੀੜ ਜਾਂ ਸ਼ਕਤੀ ਪ੍ਰਦਰਸ਼ਨ ਦੀ ਆਗਿਆ ਨਹੀਂ ਹੁੰਦੀ।ਉਮੀਦਵਾਰ ਸਿੱਧੇ ਤੌਰ 'ਤੇ ਲੋਕਾਂ ਨਾਲ ਗੱਲ ਕਰਦਾ ਹੈ, ਮੀਡੀਆ ਇੰਟਰਵਿਊ ਦਿੰਦਾ ਹੈ, ਰੇਡੀਓ ਜਾਂ ਅਖਬਾਰਾਂ ਰਾਹੀਂ ਆਪਣੇ ਏਜੰਡੇ ਪੇਸ਼ ਕਰਦਾ ਹੈ ਅਤੇ ਸੋਸ਼ਲ ਮੀਡੀਆ 'ਤੇ ਆਪਣੀ ਨੀਤੀਆਂ ਰੱਖਦਾ ਹੈ।ਇਸ ਤਰੀਕੇ ਨਾਲ ਚੋਣ ਪ੍ਰਚਾਰ ਵਿਅਕਤੀਗਤ, ਸ਼ਾਂਤਮਈ ਅਤੇ ਵਿਚਾਰ-ਕੇਂਦਰਤ ਬਣਦਾ ਹੈ।ਜੇਕਰ ਇਹੀ ਪ੍ਰਣਾਲੀ ਭਾਰਤ ਵਿੱਚ ਵੀ ਲਾਗੂ ਕੀਤੀ ਜਾਵੇ ਤਾਂ ਚੋਣ ਪ੍ਰਚਾਰ ਜ਼ਿਆਦਾ ਸੱਭਿਆਚਾਰਕ, ਸੁਰੱਖਿਅਤ ਅਤੇ ਲੋਕਤੰਤਰਿਕ ਬਣ ਸਕਦਾ ਹੈ।

ਅੱਜ ਸਮੇਂ ਦੀ ਲੋੜ ਵੀ ਹੈ ਕਿ ਭਾਰਤ ਵਿਕਾਸਸ਼ੀਲ ਦੇਸ਼ਾਂ ਦੀ ਮੂਹਰਲੀ ਕਤਾਰ ਵਿੱਚ ਖੜ੍ਹਾ ਹੋਵੇ।ਇਹ ਤਦ ਹੀ ਸੰਭਵ ਹੈ, ਜਦੋਂ ਅਸੀਂ ਚੋਣ ਪ੍ਰਚਾਰ ਦੌਰਾਨ ਹੁੰਦੀ ਫਜ਼ੂਲ ਖਰਚੀ ਅਤੇ ਸਮੇਂ ਦੀ ਬਰਬਾਦੀ ਨੂੰ ਰੋਕਾਂਗੇ।ਸਮੇਂ ਦੇ ਨਾਲ ਚੱਲਣਾ ਅਤੇ ਬਦਲਣਾ, ਇਹ ਹੀ ਵਿਕਾਸਸ਼ੀਲ ਦੇਸ਼ਾਂ ਦੀ ਨਿਸ਼ਾਨੀ ਅਤੇ ਖਾਸੀਅਤ ਹੈ।

*# ਸੰਪਰਕ : 80000-00584*

# ਸਪੀਕਰ ਸੰਧਵਾਂ, ਮੰਤਰੀ ਖੁੱਡੀਆਂ, ਸੌਂਦ ਤੇ ਹੋਰਨਾਂ ਵੱਲੋਂ ਹੀਰਾ ਮਹਿਲ ਵਿਖੇ ਦਸਤਾਰਬੰਦੀ ਸਮਰੋਹ 'ਚ ਸ਼ਿਰਕਤ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਹੀਰਾ ਮਹਿਲ ਵਿਖੇ ਰਿਆਸਤ-ਏ-ਨਾਭਾ ਦੇ ਮਹਾਰਾਜਾ ਹੀਰਾ ਸਿੰਘ ਤੇ ਮਹਾਰਾਜਾ ਰਿਪੁਦਮਨ ਸਿੰਘ ਦੇ ਵੰਸ਼ਜ ਭਾਨੂੰ ਪ੍ਰਤਾਪ ਸਿੰਘ ਤੇ ਰਾਣੀ ਪ੍ਰੀਤੀ ਸਿੰਘ ਨਾਭਾ ਦੇ ਪੁੱਤਰ ਕੰਵਰ ਅਭੀ ਉਦੇ ਪ੍ਰਤਾਪ ਸਿੰਘ ਦੀ ਦਸਤਾਰ ਬੰਦੀ ਦੀ ਰਸਮ ਦੇ ਸਮਾਰੋਹ ਮੌਕੇ ਸ਼ਿਰਕਤ ਕੀਤੀ।

ਇੱਥੇ ਗੁਰਦੁਆਰਾ ਦਰਬਾਰ ਸਿਰੋਪਾਓ ਸਾਹਿਬ ਵਿਖੇ ਭਾਈ ਰਾਜਾ ਸਿੰਘ ਕਾਲਝਰਾਨੀ ਨੇ 48 ਘੰਟਿਆਂ ਦੇ ਇੱਕ ਚੌਂਕੜੇ ਵਿੱਚ ਬੈਠਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕੀਤਾ, ਜਿਸ ਦੀ ਸਮਾਪਤੀ ਦੀ ਅਰਦਾਸ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਕੀਤੀ ਅਤੇ ਦਸਤਾਰਬੰਦੀ ਦੀ ਰਸਮ ਨਿਭਾਈ ਗਈ। ਸਮਾਰੋਹ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਵੱਲੋਂ ਪਰਿਵਾਰ ਨੂੰ ਮੁਬਾਰਕਬਾਦ ਦਿੰਦਿਆਂ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕੁੰਵਰ ਅਭੀ ਉਦੇ ਪ੍ਰਤਾਪ ਸਿੰਘ ਅਤੇ ਸਮੁੱਚੇ ਪਰਿਵਾਰ ਨੂੰ ਦਸਤਾਰ ਬੰਦੀ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਰੱਖਦਿਆਂ ਪੁਰਾਤਨ ਰਵਾਇਤਾਂ ਨੂੰ ਨਿਭਾਉਣਾ ਸਾਡੇ ਲਈ ਮਾਣ ਵਾਲੀ ਗੱਲ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਮੀਦ ਜਤਾਈ ਕਿ ਜਿਸ ਤਰ੍ਹਾਂ ਮਹਾਰਾਜਾ ਰਿਪੁਦਮਨ ਸਿੰਘ ਨੇ ਪੰਜਾਬ, ਸਿੱਖ ਪੰਥ ਤੇ ਦੇਸ਼ ਦੀ ਸੇਵਾ ਕੀਤੀ, ਉਨ੍ਹਾਂ ਦਾ ਮੌਜੂਦਾ ਪਰਿਵਾਰ ਤੇ ਖਾਸ ਕਰਕੇ ਕੁੰਵਰ ਅਭੀ ਉਦੇ ਪ੍ਰਤਾਪ ਸਿੰਘ ਵੀ ਉਸੇ ਤਰਜ 'ਤੇ ਪੰਜਾਬ ਦੀ ਸੇਵਾ ਕਰਨਗੇ।

ਇਸ ਦੌਰਾਨ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਇੰਪਰੂਵਮੈਂਟ ਟਰੱਸਟ ਚੇਅਰਮੈਨ ਜੱਸੀ ਸੋਹੀਆਂ ਵਾਲਾ, ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ, ਉਘੇ ਕਲਾਕਾਰ ਕਰਮਜੀਤ ਅਨਮੋਲ, ਬੀਰ ਸਿੰਘ, ਪੰਮੀ ਬਾਈ, ਪ੍ਰਧਾਨ ਟੋਡਰ ਮੱਲ ਵਿਰਾਸਤੀ ਫਾਉਂਡੇਸ਼ਨ ਲਖਵਿੰਦਰ ਸਿੰਘ ਕਾਹਨੇਕੇ, ਸੀਨੀਅਰ ਮੀਤ ਪ੍ਰਧਾਨ ਕ੍ਰਿਪਾਲ ਸਿੰਘ ਬਲਾਕੀਪੁਰ, ਮੰਚ ਸੰਚਾਲਨ ਜਨਰਲ ਸਕੱਤਰ ਗਿਆਨੀ ਜਸਵਿੰਦਰ ਸਿੰਘ, ਖ਼ਜ਼ਾਨਚੀ ਲਖਵਿੰਦਰ ਸਿੰਘ ਕੱਤਰੀ, ਵਿੱਤ ਸਕੱਤਰ ਦਲਵਾਰ ਸਿੰਘ ਧੌਲਾ, ਵਾਈਸ ਚਾਂਸਲਰ ਆਰ.ਪੀ. ਤਿਵਾੜੀ, ਸਾਬਕਾ ਐਮ.ਪੀ ਪ੍ਰਨੀਤ ਕੌਰ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਕਾ ਸਮੇਤ ਸ਼ਾਹੀ ਘਰਾਣੇ ਦੇ ਮੈਂਬਰ ਠਾਕੁਰ ਚੰਦਰ ਉਦੇ ਸਿੰਘ, ਹੇਮੰਤ ਸਿੰਘ ਧੌਲਪੁਰ, ਕਪੂਰਥਲਾ, ਬੜਰੁੱਖਾਂ, ਗੋਂਡਲ ਸਾਹੀ ਪਰਿਵਾਰ ਗੁਜਰਾਤ ਤੇ ਜੈਸਲਮੇਰ ਰਾਜ ਪਰਿਵਾਰ ਦੇ ਮੈਂਬਰ ਵੀ ਮੌਜੂਦ ਸਨ। ਇਸ ਦੌਰਾਨ ਧਾਰਮਿਕ ਸ਼ਖ਼ਸੀਅਤਾਂ ਵਿੱਚ ਸੰਤ ਸੇਵਾ ਸਿੰਘ ਰਾਮਪੁਰ ਖੇੜੇ ਵਾਲੇ, ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ, ਸੰਤ ਅਮਰ ਸਿੰਘ ਰਾੜਾ ਸਾਹਿਬ, ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ, ਬਾਬਾ ਨਰਿੰਦਰ ਸਿੰਘ ਅਲੌਹਰਾਂ, ਬਾਬਾ ਕਸ਼ਮੀਰ ਸਿੰਘ ਅਲਹੌਰਾ, ਬਾਬਾ ਹਰਬੰਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸ਼ਾਹੀ ਸਮਾਧਾਂ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਨਾਮਧਾਰੀ ਸੰਸਥਾ, ਪਦਮਸ੍ਰੀ ਜਗਜੀਤ ਸਿੰਘ ਦਰਦੀ, ਬਾਬਾ ਜਗਸੀਰ ਸਿੰਘ ਘੋੜਿਆ ਵਾਲੇ, ਹੈਡ ਗ੍ਰੰਥੀ ਹਰਜਿੰਦਰ ਸਿੰਘ, ਡਾ. ਮਨਿੰਦਰ ਸਿੰਘ, ਮਹੰਤ ਗਿਆਨਦੇਵ, ਬਾਬਾ ਬਲਬੀਰ ਸਿੰਘ ਸੁਰਾਜਪੁਰ, ਬਾਬਾ ਰੋਸ਼ਨ ਸਿੰਘ ਧਬਲਾਨ, ਬਾਬਾ ਜਸਵੀਰ ਸਿੰਘ ਮੂਡਖੇੜਾ, ਬਾਬਾ ਦਰਸ਼ਨ ਸਿੰਘ ਮਸਤੂਆਣਾ ਸਾਹਿਬ, ਬਾਭਾ ਜਸਦੇਵ ਸਿੰਘ ਲੋਹਟਬੱਦੀ, ਬਾਬਾ ਕੇਸ਼ੋ ਰਾਮ, ਬਾਬਾ ਬਲਕਾਰ ਸਿੰਘ ਰੱਖੜਾ, ਗਿਆਨੀ ਜਸਵੀਰ ਸਿੰਘ ਹੈਡਗ੍ਰੰਥੀ ਗੁਰਦੁਆਰਾ ਚਮਕੌਰ ਸਾਹਿਬ ਸਮੇਤ ਕਰਨੈਲ ਸਿੰਘ ਸੰਧੂ ਕੈਨੈਡਾ, ਸਤਨਾਮ ਸਿੰਘ ਸੰਧੂ ਅਮਰੀਕਾ, ਗਿਆਨ ਸਿੰਘ ਸੰਧੂ ਕੈਨੇਡਾ, ਜਥੇਦਾਰ ਮਹਿੰਦਰ ਸਿੰਘ ਮਹਿਸਮਪੁਰ ਕੈਨੈਡਾ, ਹਰਬੰਸ ਸਿੰਘ ਜੰਡਾਲੀ ਕੈਨੇਡਾ, ਹਰਬੰਸ ਸਿੰਘ ਤੱਖਰ ਅਮਰੀਕਾ, ਸੁਖਵਿੰਦਰ ਸਿੰਘ ਢਿੱਲੋਂ, ਬਾਬਾ ਲਾਲ ਸਿੰਘ ਧੂਰਕੋਟ, ਗੁਰਜਿੰਦਰ ਸਿੰਘ ਛੰਨਾ ਸਮੇਤ ਪੰਜਾਬ ਦੇ ਵੱਖ-ਵੱਖ ਹਿੱਸਿਆਂ ਚੋਂ ਪਤਵੰਤੇ ਪੁੱਜੇ ਹੋਏ ਸਨ।

## ਜੂਆ ਖੇਡ ਰਹੇ 10 ਵਿਅਕਤੀ ਗ੍ਰਿਫ਼ਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਤਲਵੰਡੀ ਭਾਈ ਦੀ ਪੁਲਿਸ ਨੇ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਗਸ਼ਤ ਅਤੇ ਚੈਕਿੰਗ ਦੌਰਾਨ ਮਿਲੀ ਸੂਚਨਾ ਦੇ ਆਧਾਰ 'ਤੇ ਨੈਸ਼ਨਲ ਹਾਈਵੇ 54 'ਤੇ ਖਾਲੀ ਪਈ ਪਾਰਕਿੰਗ ਤਲਵੰਡੀ ਭਾਈ ਵਿਚ ਤਾਸ਼ ਦੇ ਪੱਤਿਆਂ 'ਤੇ ਪੈਸੇ ਲਗਾ ਕੇ ਜੂਆ ਖੇਡ ਰਹੇ 10 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਜੂਆ ਰਾਸ਼ੀ ਅਤੇ ਤਾਸ਼ ਦੇ ਪੱਤੇ ਬਰਾਮਦ ਕੀਤੇ ਹਨ। ਉਕਤ ਮਾਮਲੇ ਵਿਚ ਪੁਲਿਸ ਨੇ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਖ਼ਿਲਾਫ਼ ਜੂਆ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਤਲਵੰਡੀ ਭਾਈ ਦੇ ਹਵਲਦਾਰ ਬਲਦੇਵ ਸਿੰਘ ਨੇ ਦੱਸਿਆ ਕਿ ਗ੍ਰਿਫ਼ਤਾਰ ਜੂਏਬਾਜ਼ਾਂ ਵਿੱਚ ਰਜਨੀਸ਼ ਕੁਮਾਰ ਪੁੱਤਰ ਮਦਨ ਲਾਲ ਵਾਸੀ ਪਿੰਡ ਮਨਸੂਰ ਦੇਵਾ ਰੋਡ ਜ਼ੀਰਾ, ਵਿਕਰਮ ਬਜਾਜ ਪੁੱਤਰ ਅਸ਼ੋਕ ਕੁਮਾਰ ਵਾਸੀ ਸ਼ਨੀ ਮੰਦਰ ਵਾਲੀ ਗਲੀ ਤਲਵੰਡੀ ਭਾਈ, ਗੁਰਦੇਵ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਵਾਰਡ ਨੰਬਰ 3 ਮੁਹੱਲਾ ਗੋਗੋਆਣੀ, ਤਰਸੇਮ ਲਾਲ ਪੁੱਤਰ ਕ੍ਰਿਸ਼ਨ ਲਾਲ ਵਾਸੀ ਜੌਹਲ ਨਗਰ ਜ਼ੀਰਾ, ਗੁਰਤੇਜ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਵਾਰਡ ਨੰਬਰ 13 ਅਜੀਤ ਨਗਰ ਤਲਵੰਡੀ ਭਾਈ, ਜੁਗਰਾਜ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਦਾਰਾਪੁਰ ਮੋਗਾ, ਜੋਗਿੰਦਰਪਾਲ ਪੁੱਤਰ ਹਰਜੀਤ ਲਾਲ ਵਾਸੀ ਵਾਰਡ ਨੰਬਰ 14 ਸੁਭਾਸ਼ ਕਲੋਨੀ ਜ਼ੀਰਾ, ਸਿਮਰਨਜੀਤ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਬੁੱਕਣ ਵਾਲਾ ਰੋਡ ਸਾਹਮਣੇ ਗੇਟ ਨੰਬਰ 2 ਰਜਿੰਦਰਾ ਸਟੇਟ ਮੋਗਾ, ਰਾਕੇਸ਼ ਕੁਮਾਰ ਪੁੱਤਰ ਵੈਦ ਪ੍ਰਕਾਸ਼ ਵਾਸੀ ਘੋੜ ਮੁਹੱਲਾ ਜ਼ੀਰਾ, ਰਮੇਸ਼ ਕੁਮਾਰ ਪੁੱਤਰ ਗੁਰਦਾਸ ਚੰਦ ਵਾਸੀ ਵਾਰਡ ਨੰਬਰ 5 ਜ਼ੀਰਾ ਸ਼ਾਮਿਲ ਹਨ। ਉਨ੍ਹਾਂ ਦੇ ਕਬਜ਼ੇ ਵਿੱਚੋਂ 28,450 ਰੁਪਏ ਦੀ ਜੂਆ ਰਾਸ਼ੀ ਅਤੇ 52 ਤਾਸ਼ ਦੇ ਪੱਤੇ ਬਰਾਮਦ ਕੀਤੇ ਹਨ।

# ਰੈਡੀਕਲ ਫੋਰਮ ਵੱਲੋਂ ਪ੍ਰੋ. ਹੰਸ ਦੀ ਪੁਸਤਕ 'ਪੰਜਾਬ ਦੇ ਇਨਕਲਾਬ-ਸਿੱਖੀ ਤੇ ਦਲਿਤ ਸਾਹਿਤਕਾਰੀ' ਬਾਰੇ ਗੋਸ਼ਟੀ



**ਮਾਨਸਾ (ਆਤਮਾ ਸਿੰਘ ਪਮਾਰ)**-ਸਾਡੇ ਸਮਾਜ ਅਤੇ ਸਾਹਿਤ ਦਾ ਇਤਿਹਾਸ ਲਿਖਣ ਵਾਲਿਆਂ ਤੋਂ ਅਸੀਂ ਪੂਰਨ ਨਿਰਪੱਖਤਾ ਨਾਲ ਖੋਜ ਅਤੇ ਲੇਖਣੀ ਦੀ ਤਵੱਕੋਂ ਰੱਖਦੇ ਹਾਂ, ਪ੍ਰੰਤੂ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪੰਜਾਬ ਅਤੇ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਵਾਲੇ ਅਨੇਕਾਂ ਵਿਦਵਾਨਾਂ ਨੇ ਦਲਿਤ ਵਰਗ 'ਚ ਜਨਮੇ ਬਹਾਦਰ ਯੋਧਿਆਂ ਅਤੇ ਉੱਚਪਾਏ ਦੇ ਚਿੰਤਕਾਂ ਤੇ ਲੇਖਕਾਂ ਨੂੰ ਵੀ ਅਪਣੀਆਂ ਲਿਖਤਾਂ ਚੋਂ ਬੁਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਹੋਇਆ ਹੈ। ਇਹ ਟਿੱਪਣੀ ਪ੍ਰੋਫ਼ੈਸਰ ਰਾਜ ਕੁਮਾਰ ਹੰਸ ਨੇ ਇੱਥੇ ਉਨ੍ਹਾਂ ਦੇ ਖੋਜ ਭਰਪੂਰ ਲੇਖਾਂ ਦੀ ਕਿਤਾਬ 'ਪੰਜਾਬ ਦੇ ਇਨਕਲਾਬ-ਸਿੱਖੀ ਅਤੇ ਦਲਿਤ ਸਾਹਿਤਕਾਰੀ' ਬਾਰੇ ਹੋਈ ਵਿਚਾਰ ਗੋਸ਼ਟੀ ਸਮੇਂ ਬੋਲਦਿਆਂ ਕੀਤੀ।ਮਹਾਨ ਕ੍ਰਾਂਤੀਕਾਰੀ ਸੰਤ ਗੁਰੂ ਰਵਿਦਾਸ ਦੇ 649ਵੇਂ ਜਨਮ ਦਿਵਸ ਮੌਕੇ ਰੈਡੀਕਲ ਪੀਪਲਜ਼ ਫੋਰਮ ਅਤੇ ਜੁਟਾਨ ਵਲੋਂ ਸਾਂਝੇ ਤੌਰ 'ਤੇ ਸਥਾਨਕ ਬਾਬਾ ਬੂਝਾ ਸਿੰਘ ਯਾਦਗਾਰ ਭਵਨ ਵਿਖੇ ਕਾਰਵਾਈ ਗਈ ਇਸ ਗੋਸ਼ਟੀ ਦੀ ਸ਼ੁਰੂਆਤ ਰੈਡੀਕਲ ਫੋਰਮ ਦੇ ਕਨਵੀਨਰ ਸੁਖਦਰਸ਼ਨ ਨੱਤ ਵਲੋਂ ਸਾਰੇ ਵਿਦਵਾਨਾਂ ਤੇ ਸਰੋਤਿਆਂ ਨੂੰ ਜੀ ਆਇਆਂ ਕਹਿਣ ਨਾਲ ਹੋਈ।ਚਰਚਾ ਅਧੀਨ ਪੁਸਤਕ ਦੇ ਹਵਾਲੇ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਗੱਲ ਸਹੀ ਹੈ ਕਿ ਜਿੱਥੇ ਸਿੱਖਾਂ ਵਿੱਚ ਬੀਤੇ ਸੌ ਸਾਲ ਤੋਂ ਦਲਿਤ ਭਾਈਚਾਰੇ ਦੇ ਯੋਗਦਾਨ ਨੂੰ ਅਣਗੌਲਿਆਂ ਕਰਨ ਦਾ ਮਾੜਾ ਰੁਝਾਨ ਸ਼ੁਰੂ ਹੋਇਆ ਜੋ ਕਿ ਖਤਮ ਹੋਣ ਦੀ ਬਜਾਏ ਵੱਧਦਾ ਹੀ ਜਾ ਰਿਹਾ ਹੈ, ਜਦੋਂ ਕਿ ਦੇਸ਼ ਦੇ ਕਮਿਊਨਿਸਟ ਮਜ਼ਦੂਰਾਂ ਲਈ ਲੜਾਈ ਲੜਦਿਆਂ ਵੀ ਅਪਣੀ ਗਲਤ ਸਮਝਦਾਰੀ ਕਾਰਨ ਆਰੰਭ 'ਚ ਜਾਤ ਪਾਤ ਦੇ ਸੁਆਲ ਦੀ ਗਹਿਰਾਈ ਤੇ ਦਰਦ ਨੂੰ ਸਮਝਣ ਤੋਂ ਅਸਮਰੱਥ ਰਹੇ, ਪਰ ਬੀਤੇ ਚਾਰ ਪੰਜ ਦਹਾਕਿਆਂ ਤੋਂ ਲਿਬਰੇਸ਼ਨ ਸਮੇਤ ਇਸ ਲਹਿਰ ਦਾ ਕਾਫ਼ੀ ਹਿੱਸਾ ਅਪਣੀ ਇਸ ਗਲਤੀ ਨੂੰ ਦਰੁੱਸਤ ਕਰਕੇ ਜਾਤੀ ਜ਼ਬਰ ਦੇ ਖ਼ਿਲਾਫ਼ ਅਤੇ ਦਲਿਤਾਂ ਔਰਤਾਂ ਦੇ ਮਾਨ ਸਨਮਾਨ ਦੀ ਬਹਾਲੀ ਲਈ ਸਮਝੌਤਾ ਹੀਣ ਲੜਾਈ ਲੜਦਾ ਆ ਰਿਹਾ ਹੈ।

ਵਿਚਾਰ ਅਧੀਨ ਪੁਸਤਕ ਬਾਰੇ ਸੈਂਟਰਲ ਯੂਨੀਵਰਸਿਟੀ ਬਠਿੰਡਾ ਦੀ ਪ੍ਰੋ. ਅਤੇ ਸ਼ਾਇਰਾ ਨੀਤੂ ਅਰੋੜਾ ਨੇ ਕਿਹਾ ਕਿ ਦੁਨੀਆਂ ਭਰ 'ਚ ਜਮਾਤੀ ਸੰਘਰਸ਼ ਅਤੇ ਪਛਾਣ ਦੀਆਂ ਲੜਾਈਆਂ ਇੱਕ ਦੂਜੇ ਦੇ ਸਾਹਮਣੇ ਖੜ੍ਹੀਆਂ ਹਨ। ਜ਼ਾਹਰ ਹੈ ਕਿ ਸਿਰਫ਼ ਜਮਾਤੀ ਸ਼ੋਸ਼ਣ ਹੀ ਸ਼ੋਸ਼ਣ ਦਾ ਇੱਕੋ ਰੂਪ ਨਹੀਂ ਹੈ, ਸਗੋਂ ਜਾਤ, ਧਰਮ ਅਤੇ ਲਿੰਗ ਦੇ ਅਧਾਰਿਤ 'ਤੇ ਵਿਤਕਰੇ ਤੇ ਦਮਨ ਵੀ ਉਨ੍ਹਾਂ ਹੀ ਅਸਹਿਣਯੋਗ ਹੈ।ਉਨ੍ਹਾਂ ਪ੍ਰੋਫ਼ੈਸਰ ਹੰਸ ਵਲੋਂ ਅਪਣੇ ਵਿਸ਼ੇ ਬਾਰੇ ਲਿਖਣ ਲਈ ਕੀਤੀ ਇਤਿਹਾਸ ਦੀ ਡੂੰਘੀ ਖੋਜ ਪੜਤਾਲ ਦੀ ਸ਼ਲਾਘਾ ਕਰਦਿਆਂ ਪੁਸਤਕ ਵਿਚਲੇ ਕੁੱਝ ਸੰਕਲਪਾਂ ਤੇ ਧਾਰਨਾਵਾਂ ਬਾਰੇ ਸੁਆਲ ਵੀ ਖੜ੍ਹੇ ਕੀਤੇ। ਖੂਬਸੂਰਤ ਢੰਗ ਨਾਲ ਗੋਸ਼ਟੀ ਦਾ ਪ੍ਰਬੰਧ ਅਮੋਲਕ ਡੇਲੂਆਣਾ ਨੇ ਅਤੇ ਸੰਚਾਲਨ ਡਾ. ਸੰਦੀਪ ਸਿੰਘ ਨੇ ਬਾਖੂਬੀ ਨਿਭਾਇਆ।

ਪੜ੍ਹੇ ਗਏ ਪੇਪਰ, ਪੁਸਤਕ ਅਤੇ ਇੰਨਾਂ ਚੋਂ ਉਠਦੇ ਸੁਆਲਾਂ ਬਾਰੇ ਪੰਜਾਬੀ ਦੇ ਲੇਖਕ ਤੇ ਆਲੋਚਕ ਨਿਰੰਜਨ ਬੋਹਾ, ਸ਼ਾਇਰ ਬਲਵੰਤ ਭਾਟੀਆ, ਮਾਸਟਰ ਪਰਮਿੰਦਰ ਸਿੰਘ, ਆਤਮਾ ਸਿੰਘ ਪਮਾਰ, ਕਾਮਰੇਡ ਕਸ਼ਮੀਰ ਸਿੰਘ, ਬਹਾਲ ਸਿੰਘ ਬੇਨੜਾ, ਸੁਖਜੀਤ ਚੀਮਾ, ਕੁਲਦੀਪ ਘਰਾਂਗਣਾ ਨੇ ਅਪਣੇ ਵਿਚਾਰ ਸਾਂਝੇ ਕੀਤੇ। ਪ੍ਰੋਗਰਾਮ ਦੇ ਅਖੀਰ 'ਚ ਸ਼ਾਇਰ ਰਾਜਵਿੰਦਰ ਮੀਰ ਨੇ ਅਨੁਵਾਦਕ ਦਾ ਨਾਂ ਕਿਤਾਬ ਦੇ ਸਵਰਕ ਉੱਤੇ ਨਾ ਛਾਪੇ ਜਾਣ ਸਮੇਤ ਅਪਣੇ ਕੁੱਝ ਹੋਰ ਨੁਕਤੇ ਵੀ ਉਠਾਏ। ਇਸ ਗੋਸ਼ਟੀ 'ਚ ਮੰਡੀ ਮੁੱਲਾਂਪੁਰ ਤੋਂ ਪੰਜਾਬੀ ਕਵੀ ਕੇ. ਸਾਧੂ ਸਿੰਘ, ਬਠਿੰਡਾ ਤੋਂ ਰਣਜੀਤ ਗੌਰਵ ਤੇ ਚਰਨਜੀਤ ਸ਼ਰਮਾ, ਸਿਰਸਾ ਤੋਂ ਬਿੱਟੂ ਮਲਿਕਪੁਰ, ਜਸਬੀਰ ਕੌਰ ਨੱਤ, ਸੁਖਜੀਤ ਰਾਮਾਨੰਦੀ, ਕਾਮਰੇਡ ਰਾਜਵਿੰਦਰ ਰਾਣਾ, ਕਹਾਣੀਕਾਰ ਦਰਸ਼ਨ ਜੋਗਾ, ਧੰਨਾ ਮੱਲ ਗੋਇਲ, ਹਰਭਗਵਾਨ ਭੀਖੀ, ਜਸਪਾਲ ਖੋਖਰ, ਜਸਵੀਰ ਸਿੰਘ ਭੰਮਾ, ਗੁਰਸੇਵਕ ਮਾਨ, ਬਿੱਟੂ ਖੋਖਰ, ਸੇਬੀ ਖੰਡੇਬਾਦ, ਹਰਗਿਆਨ ਢਿੱਲੋਂ, ਲੈਕਚਰਾਰ ਕੁਲਦੀਪ ਚੌਹਾਨ, ਮਜ਼ਦੂਰ ਮੁਕਤੀ ਮੋਰਚਾ ਦੇ ਪ੍ਰਧਾਨ ਗੋਬਿੰਦ ਸਿੰਘ ਛਾਜਲੀ, ਬਲਰਾਜ ਸਿੰਘ ਗਰੇਵਾਲ,ਜਗਰਾਜ ਸਿੰਘ ਸਾਬਕਾ ਪ੍ਰਧਾਨ ਡੀ ਟੀਮ ਐਫ਼ ਅਤੇ ਜਗਜੀਵਨ ਸਿੰਘ ਆਲੀਕੇ ਆਦਿ ਹਾਜ਼ਰ ਸਨ।

## ਕਾਤਰਾਂ

### ਪੰਜਾਬ ਨੰਬਰਦਾਰ ਯੂਨੀਅਨ ਜ਼ਿਲ੍ਹਾ ਫ਼ਿਰੋਜ਼ਪੁਰ ਨੇ ਮੰਗਾਂ ਸੰਬੰਧੀ ਕੀਤੀ ਅਹਿਮ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਨੰਬਰਦਾਰ ਯੂਨੀਅਨ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਅਹੁਦੇਦਾਰਾਂ ਦੀ ਆਪਣੀਆਂ ਮੰਗਾਂ ਨੂੰ ਲੈ ਕੇ ਇਕ ਅਹਿਮ ਮੀਟਿੰਗ ਤਹਿਸੀਲ ਫ਼ਿਰੋਜ਼ਪੁਰ ਦੇ ਪ੍ਰਧਾਨ ਸੁਖਰਾਜ ਸਿੰਘ ਨੰਬਰਦਾਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਨੰਬਰਦਾਰਾਂ ਦੀਆਂ ਮੰਗਾਂ 'ਤੇ ਡੂੰਘੀ ਚਰਚਾ ਕਰਨ ਤੋਂ ਬਾਅਦ ਸਰਕਾਰ ਤੋਂ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਦੀ ਮੰਗ ਕੀਤੀ ਗਈ। ਮੀਟਿੰਗ ਵਿੱਚ ਯੂਨੀਅਨ ਆਗੂਆਂ ਨੇ ਨੰਬਰਦਾਰਾਂ ਦੀਆਂ ਮੰਗਾਂ ਸੰਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਨੰਬਰਦਾਰ ਦੀ ਮੌਤ ਤੋਂ ਬਾਅਦ ਉਸ ਦੇ ਬੇਟੇ ਨੂੰ ਹੀ ਨੰਬਰਦਾਰ ਬਣਾਇਆ ਜਾਵੇ, ਨੰਬਰਦਾਰਾਂ ਨੂੰ ਦਿੱਤਾ ਜਾਣ ਵਾਲਾ ਮਾਣ ਭੱਤਾ 5 ਹਜ਼ਾਰ ਰੁਪਏ ਕੀਤਾ ਜਾਵੇ, ਕਿਸੇ ਵੀ ਤਰ੍ਹਾਂ ਦੀ ਤਸਦੀਕ ਪਿੰਡ ਦੇ ਨੰਬਰਦਾਰ ਤੋਂ ਹੀ ਕਰਵਾਈ ਜਾਵੇ, ਕਿਉਂਕਿ ਨੰਬਰਦਾਰ ਨੂੰ ਹੀ ਪਿੰਡ ਦੀ ਸਾਰੀ ਸਥਿਤੀ ਅਤੇ ਲੋਕਾਂ ਦੀ ਜਾਣਕਾਰੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਨਾ ਕੀਤਾ ਤਾਂ ਉਨ੍ਹਾਂ ਨੂੰ ਮਜਬੂਰ ਹੋ ਕੇ ਸੰਘਰਸ਼ ਦਾ ਰਸਤਾ ਅਪਣਾਉਣਾ ਪਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ ਸੀਨੀਅਰ ਯੂਨੀਅਨ ਆਗੂ ਰਾਜੇਸ਼ ਖੰਨਾ, ਪ੍ਰੈੱਸ ਸਕੱਤਰ ਪਰਮਜੀਤ ਸੋਢੀ, ਸੰਪੂਰਨ ਸਿੰਘ, ਹਰਭਜਨ ਸਿੰਘ ਚਾਵਲਾ, ਸੁਖਵਿੰਦਰ ਸਿੰਘ, ਵਿਜੇ ਕੁਮਾਰ, ਦਲਬੀਰ ਸਿੰਘ, ਬਲਰਾਜ ਸਿੰਘ ਅਤੇ ਯੂਨੀਅਨ ਦੇ ਹੋਰ ਆਗੂ ਮੌਜੂਦ ਸਨ।

### ਸ਼ਹੀਦ ਬਾਬਾ ਦੀਪ ਸਿੰਘ ਅਤੇ ਗੁਰੂ ਰਵਿਦਾਸ ਦਾ ਜਨਮ ਦਿਹਾੜਾ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਹੀਦ ਬਾਬਾ ਦੀਪ ਸਿੰਘ ਅਤੇ ਭਗਤ ਰਵੀਦਾਸ ਦਾ ਜਨਮ ਦਿਹਾੜਾ ਹਰ ਸਾਲ ਦੀ ਤਰ੍ਹਾਂ ਬੜੀ ਸ਼ਰਧਾ ਭਾਵਨਾ ਨਾਲ ਖੂਹ ਬਾਬਾ ਬੂੜ ਸਿੰਘ ਹਬੀਬ ਕੇ ਰੋਡ ਵਿਖੇ ਮਨਾਇਆ ਗਿਆ। ਜਿਸ ਵਿਚ ਇਲਾਕੇ ਦੀਆਂ ਸਮੂਹ ਸੰਗਤਾਂ ਨੇ ਤਨ, ਮਨ ਅਤੇ ਧਨ ਨਾਲ ਸੇਵਾ ਕੀਤੀ। ਇਸ ਮੌਕੇ ਕਥਾ ਵਾਚਕ ਭਾਈ ਹਰਪ੍ਰੀਤ ਸਿੰਘ ਖਾਲਸਾ ਗੁਰਦੁਆਰਾ ਫਿਰੋਜ਼ਪੁਰ ਕੈਂਟ ਵਾਲਿਆਂ ਨੇ ਸ਼ਹੀਦ ਬਾਬਾ ਦੀਪ ਸਿੰਘ ਅਤੇ ਭਗਤ ਰਵਿਦਾਸ ਜੀ ਦੇ ਜੀਵਨ ਬਾਰੇ ਕਥਾ ਰਾਹੀਂ ਸੰਗਤਾਂ ਨੂੰ ਉਨ੍ਹਾਂ ਦੀਆਂ ਦਿੱਤੀਆਂ ਸਿੱਖਿਆਵਾਂ ਉਪਰ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕੰਬੋਜ਼ ਨਗਰ ਬਸਤੀ, ਬਲੋਚਾ ਵਾਲੀ, ਖੂਹ ਰਾਂਝੇ ਵਾਲਾ, ਸਰਸਵਤੀ ਇਨਕਲੇਵ ਅਤੇ ਕ੍ਰਿਸ਼ਨਾ ਇਨਕਲੇਵ ਦੀਆਂ ਸਮੂਹ ਸੰਗਤਾਂ ਨੇ ਬੜੀ ਸ਼ਰਧਾ ਨਾਲ ਸੇਵਾ ਕੀਤੀ। ਗੁਰੂ ਜੀ ਦਾ ਅਤੁੱਟ ਲੰਗਰ ਵੀ ਵਰਤਾਇਆ ਗਿਆ।

### ਕਿਸਾਨ ਨਵਰਾਜ ਸਿੰਘ ਗਰੇਵਾਲ ਨਮਿੱਤ ਸ਼ਰਧਾਂਜਲੀ ਸਮਾਰੋਹ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਰੱਤੀਪੁਰ ਦੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਤੇ ਕਿਸਾਨ ਨਵਰਾਜ ਸਿੰਘ ਗਰੇਵਾਲ ਨਮਿੱਤ ਸ਼ਰਧਾਜਲੀ ਸਮਾਰੋਹ ਹੋਇਆ। ਪਿੰਡ ਦੇ ਗੁਰਦੁਆਰਾ ਸਾਹਿਬ 'ਚ ਨਵਰਾਜ ਸਿੰਘ ਗਰੇਵਾਲ ਨਮਿੱਤ ਰੱਖੇ ਅੰਤਿਮ ਅਰਦਾਸ ਸਮਾਗਮ ਦੌਰਾਨ ਰਾਗੀ ਸਿੰਘਾਂ ਵਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਆੜ੍ਹਤੀ ਐਸੋਸ਼ੀਏਸ਼ਨ ਦੇ ਸਰਪ੍ਰਸਤ ਆੜ੍ਹਤੀ ਗੁਰਨਾਮ ਸਿੰਘ ਨਾਗਰਾ ਨੇ ਸਵ. ਨਵਰਾਜ ਸਿੰਘ ਗਰੇਵਾਲ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਕਿਹਾ ਕਿ ਸਵ. ਨਵਰਾਜ ਸਿੰਘ ਉੱਦਮੀ ਕਿਸਾਨ ਦੇ ਨਾਲ-ਨਾਲ ਇੱਕ ਨੇਕ ਦਿਲ ਇਨਸਾਨ ਸਨ। ਇਸ ਮੌਕੇ ਜਗਤਾਰ ਸਿੰਘ ਨਾਗਰਾ, ਪੀ.ਏ. ਨਵਜੀਤ ਸਿੰਘ ਉਟਾਲਾਂ ਵੀ ਮੌਜੂਦ ਸਨ।

## ਪੁਲਸ ਨੇ 139 ਗ੍ਰਾਮ ਹੈਰੋਇਨ ਸਮੇਤ 7 ਵਿਅਕਤੀਆਂ ਨੂੰ ਕੀਤਾ ਗ੍ਰਿਫ਼ਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਪੁਲਿਸ ਨੇ ਐੱਸ ਐੱਸ ਪੀ ਭੁਪਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਗਸ਼ਤ ਅਤੇ ਚੈਕਿੰਗ ਦੌਰਾਨ ਬੀਤੇ ਦਿਨ ਵੱਖ-ਵੱਖ ਮਾਮਲਿਆਂ ਵਿਚ 7 ਲੋਕਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 139 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਿਸ ਨੇ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਖ਼ਿਲਾਫ਼ ਥਾਣਾ ਛਾਉਣੀ ਫ਼ਿਰੋਜ਼ਪੁਰ, ਥਾਣਾ ਆਰਿਫ ਕੇ, ਥਾਣਾ ਮਮਦੋਟ, ਥਾਣਾ ਕੁੱਲਗੜ੍ਹੀ, ਥਾਣਾ ਤਲਵੰਡੀ ਭਾਈ ਅਤੇ ਥਾਣਾ ਮੱਲਾਂਵਾਲਾ ਵਿਚ ਐੱਨ ਡੀ ਪੀ ਐੱਸ ਐਕਟ ਦੀਆਂ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਥਾਣਾ ਛਾਉਣੀ ਦੇ ਏ ਐੱਸ ਆਈ ਭੁਪਿੰਦਰ ਸਿੰਘ ਨੇ ਦੱਸਿਆ ਕਿ ਲਖਵੀਰ ਸਿੰਘ ਉਰਫ ਮਿੱਟੂ ਪੁੱਤਰ ਗੁਰਮੁਖ ਸਿੰਘ ਵਾਸੀ ਇੰਦਰਾ ਕਲੋਨੀ ਫ਼ਿਰੋਜ਼ਪੁਰ ਛਾਉਣੀ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ 5 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਥਾਣਾ ਆਰਿਫ਼ ਕੇ ਦੇ ਏ ਐੱਸ ਆਈ ਨਿਰਮਲ ਸਿੰਘ ਨੇ ਦੱਸਿਆ ਕਿ ਦਾਣਾ ਮੰਡੀ ਲੈਂਡ ਤੋਂ ਪ੍ਰਤਾਪ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਚੱਕ ਗਾਮਾ ਅਤੇ ਰਣਜੀਤ ਸਿੰਘ ਉਰਫ ਬੱਬੀ ਪੁੱਤਰ ਬੋਹੜ ਸਿੰਘ ਵਾਸੀ ਬਗੋਕੇ ਪਿੱਪਲ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 17 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਮਮਦੋਟ ਦੇ ਏ ਐੱਸ ਆਈ ਗਹਿਣਾ ਰਾਮ ਅਨੁਸਾਰ ਦਾਣਾ ਮੰਡੀ ਗੇਟ ਨੰਬਰ 1 ਤੋਂ ਜਸਵਿੰਦਰ ਸਿੰਘ ਪੁੱਤਰ ਭਜਨ ਸਿੰਘ ਵਾਸੀ ਪਿੰਡ ਜੱਲਾ ਹਾਲ ਆਬਾਦ ਚੱਕ ਖੁਸ਼ਹਾਲੀ ਉਰਫ਼ ਟਾਂਗਣ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ 5 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਕੁੱਲਗੜ੍ਹੀ ਦੇ ਏ ਐੱਸ ਆਈ ਜਸਵਿੰਦਰ ਸਿੰਘ ਅਨੁਸਾਰ ਰਾਜ ਉਰਫ਼ ਮੁੱਟੇ ਪੁੱਤਰੀ ਗੁਰਮੀਤ ਸਿੰਘ ਵਾਸੀ ਪਿੰਡ ਸ਼ੇਰਖਾਂ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ ਹੈਰੋਇਨ ਲੱਗੀ ਸਿਲਵਰ ਪੰਨੀ, ਲਾਈਟਰ ਅਤੇ 10 ਰੁਪਏ ਦਾ ਨੋਟ ਬਰਾਮਦ ਕੀਤਾ। ਥਾਣਾ ਤਲਵੰਡੀ ਭਾਈ ਦੇ ਇਸਪੈਕਟਰ ਜਸਵਿੰਦਰ ਸਿੰਘ ਨੇ ਪੁਲਿਸ ਪਾਰਟੀ ਸਮੇਤ ਤਲਵੰਡੀ ਭਾਈ ਦੀ ਬੰਦ ਪਈ ਪਾਈਪ ਫੈਕਟਰੀ ਲੱਲੇ ਤੋਂ ਹਰਜਿੰਦਰ ਉਰਫ਼ ਵਿੱਕੀ ਪੁੱਤਰ ਤਰਸੇਮ ਸਿੰਘ ਉਰਫ਼ ਕਾਲਾ ਵਾਸੀ ਸੈਬੀ ਵਾਲੀ ਗਲੀ ਤਲਵੰਡੀ ਭਾਈ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ 7 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਮੱਲਾਂਵਾਲਾ ਦੇ ਏ ਐੱਸ ਆਈ ਬੋਹੜ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਰਾਧਾ ਸੁਆਮੀ ਡੇਰਾ ਮੱਲਾਂਵਾਲਾ ਦੇ ਨੇੜਿਓਂ ਸ਼ੱਕ ਦੇ ਆਧਾਰ 'ਤੇ ਪ੍ਰਗਟ ਸਿੰਘ ਉਰਫ਼ ਰਾਜਨ ਪੁੱਤਰ ਸੁਖਦੇਵ ਸਿੰਘ ਵਾਸੀ ਚੱਪਾ ਅੜੀਕੀ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ 107 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।

# ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਬਜ਼ੁਰਗਾਂ ਦਾ ਸਨਮਾਨ



**ਮਲੋਟ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੀ ਸੇਵਾ, ਸਤਿਕਾਰ ਅਤੇ ਸਮਾਜਿਕ ਸੁਰੱਖਿਆ ਨੂੰ ਸਮਰਪਿਤ 'ਸਾਡੇ ਬਜ਼ੁਰਗ, ਸਾਡਾ ਮਾਣ' ਸਮਾਗਮ ਮਲੋਟ ਵਿਖੇ ਸ਼ਰਧਾ ਅਤੇ ਸਤਿਕਾਰ ਭਰੇ ਮਾਹੌਲ ਵਿੱਚ ਆਯੋਜਿਤ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਦੌਰਾਨ ਕੈਬਨਿਟ ਮੰਤਰੀ ਵੱਲੋਂ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੇ ਬੁਜ਼ੁਰਗ ਨਾਗਰਿਕਾਂ ਨੂੰ ਸਨਮਾਨਿਤ ਕਰਕੇ ਉਨ੍ਹਾਂ ਦੀ ਜੀਵਨ ਭਰ ਦੀ ਸੇਵਾ ਅਤੇ ਤਜਰਬੇ ਨੂੰ ਨਮਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬੁਜ਼ੁਰਗਾਂ ਨੂੰ ਸਨਮਾਨਯੋਗ, ਸੁਰੱਖਿਅਤ ਅਤੇ ਸੁਖਦਾਈ ਜੀਵਨ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਬਜ਼ੁਰਗ ਸਾਡੇ ਸਮਾਜ ਦੀ ਧਰੋਹਰ ਹਨ ਅਤੇ ਉਨ੍ਹਾਂ ਦੇ ਤਜਰਬੇ ਅਤੇ ਮਾਰਗਦਰਸ਼ਨ ਨਾਲ ਹੀ ਸਮਾਜ ਮਜ਼ਬੂਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਬਜ਼ੁਰਗ ਵਰਗ ਦੀ ਸਿਹਤ ਅਤੇ ਹੋਰ ਸੱਮਸਿਆਵਾਂ ਨੂੰ ਧਿਆਨ ਵਿਚ ਰੱਖਦੇ ਹੋਏ, ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵਲੋਂ ਕੈਂਪ ਲਗਾਏ ਜਾ ਰਹੇ ਹਨ। ਇਸੇ ਲੜੀ ਤਹਿਤ ਅੱਜ ਮਲੋਟ ਵਿਚ ਜ਼ਿਲ੍ਹਾ ਪੱਧਰੀ ਕੈਂਪ ਲਗਾਇਆ ਗਿਆ, ਜਿਸ ਵਿਚ ਇਕ ਹਜ਼ਾਰ ਤੋਂ ਵੱਧ ਰਜ਼ਿਸਟ੍ਰੇਸ਼ਨ ਹੋ ਚੁੱਕੀ ਹੈ। ਇਸ ਮੌਕੇ ਸੁਖਜਿੰਦਰ ਸਿੰਘ ਕਾਉਣੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਜਸ਼ਨ ਬਰਾੜ ਚੇਅਰਮੈਨ ਮਾਰਕਿਟ ਕਮੇਟੀ ਮਲੋਟ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਪ੍ਰੀਤ ਸਿੰਘ ਥਿੰਦ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ ਢਿੱਲੋਂ, ਰਤਨਦੀਪ ਕੌਰ ਸੰਧੂ, ਰਾਜਵੰਤ ਕੌਰ ਸੀ.ਡੀ.ਪੀ.ਓ, ਸਾਧੂ ਸਿੰਘ ਸਾਬਕਾ ਲੋਕ ਸਭਾ ਮੈਂਬਰ, ਐਡਵੋਕੇਟ ਰਾਜਪਾਲ ਸਿੰਘ, ਸਿਮਰਨਜੀਤ ਸਿੰਘ ਬਰਾੜ, ਰਮੇਸ਼ ਅਰਨੀਵਾਲਾ, ਪਰਮਜੀਤ ਸਿੰਘ ਗਿੱਲ, ਸੁਖਪਾਲ ਸਿੰਘ ਪ੍ਰਧਾਨ ਟਰੱਕ ਯੂਨੀਅਨ, ਜਸਮੀਤ ਸਿੰਘ ਬਰਾੜ ਸ਼ਹਿਰੀ ਪ੍ਰਧਾਨ, ਲਵ ਬੱਤਰਾ, ਵਿਕਰਮ ਖੁਰਾਣਾ ਦਫਤਰ ਇੰਚਾਰਜ, ਗਗਨਦੀਪ ਸਿੰਘ ਔਲਖ, ਸੰਦੀਪ ਕੁਮਾਰ ਜਿਓਰੀ, ਮਨਜਿੰਦਰ ਸਿੰਘ ਕਾਕਾ ਉੜਾਂਗ, ਅਰਸ਼ ਸਿੱਧੂ ਨਿੱਜੀ ਸਹਾਇਕ, ਸ਼ਿੰਦਰਪਾਲ ਸਿੰਘ ਨਿੱਜੀ ਸਹਾਇਕ, ਅਮਨਦੀਪ ਸ਼ਰਮਾ, ਜੋਨੀ ਗਰਗ ਅਤੇ ਪਤਵੰਤੇ ਹਾਜ਼ਰ ਸਨ

# ਜਥੇਬੰਦ ਤਾਕਤ ਹੀ ਮਜ਼ਦੂਰਾਂ ਦਾ ਇੱਕੋ ਇੱਕ ਹਥਿਆਰ : ਇਨਕਲਾਬੀ ਕੇਂਦਰ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਸੁਪਰੀਮ ਕੋਰਟ ਵੱਲੋਂ ਬੀਤੇ ਦਿਨ ਘਰੇਲੂ ਕਾਮਿਆਂ ਲਈ ਘੱਟੋ-ਘੱਟ ਉਜਰਤ ਕਾਨੂੰਨ ਦੀ ਮੰਗ ਕਰਨ ਵਾਲੀ ਪਟੀਸ਼ਨ ਦੀ ਸੁਣਵਾਈ ਦੌਰਾਨ ਟ੍ਰੇਡ ਯੂਨੀਅਨਾਂ ਬਾਰੇ ਕੀਤੀ ਗਈ ਗੰਭੀਰ ਟਿੱਪਣੀ ਉੱਪਰ ਲਹਿਰਾ ਮੁਹੱਬਤ ਇਨਕਲਾਬੀ ਕੇਂਦਰ ਪੰਜਾਬ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਪ੍ਰੈਸ ਬਿਆਨ ਜਾਰੀ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਜੱਜਾਂ ਵੱਲੋਂ ਘਰੇਲੂ ਕਾਮਿਆਂ ਲਈ ਘੱਟੋ ਘੱਟ ਉਜਰਤ ਕਾਨੂੰਨ ਦੀ ਮੰਗ ਖਾਰਜ ਕਰਨ ਦੇ ਨਾਲ-ਨਾਲ ਅਤਿ ਗੰਭੀਰ ਟਿੱਪਣੀ ਕੀਤੀ ਹੈ ਕਿ ਟ੍ਰੇਡ ਯੂਨੀਅਨਾਂ ਉਦਯੋਗਿਕ ਵਿਕਾਸ ਵਿੱਚ ਰੁਕਾਵਟ ਪਾਉਂਦੀਆਂ ਹਨ ਅਤੇ ਕਾਮਿਆਂ ਨੂੰ ਬੇਰੁਜ਼ਗਾਰ ਬਣਾਉਂਦੀਆਂ ਹਨ। ਯਾਦ ਰਹੇ ਕਿ ਸੁਪਰੀਮ ਕੋਰਟ ਘਰੇਲੂ ਕਾਮਿਆਂ ਲਈ ਇੱਕ ਵਿਆਪਕ ਕਾਨੂੰਨੀ ਢਾਂਚਾ ਅਤੇ ਘੱਟੋ-ਘੱਟ ਉਜਰਤ ਲਾਗੂ ਕਰਨ ਦੀ ਮੰਗ ਕਰਨ ਵਾਲੀ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਹ ਕਹਿੰਦੇ ਹੋਏ ਇਨਕਾਰ ਕਰ ਦਿੱਤਾ ਕਿ ਉਹ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਮੌਜੂਦਾ ਕਾਨੂੰਨਾਂ ਵਿੱਚ ਸੋਧ ਕਰਨ 'ਤੇ ਵਿਚਾਰ ਕਰਨ ਦਾ ਨਿਰਦੇਸ਼ ਦੇਣ ਵਾਲਾ ਆਦੇਸ਼ ਜਾਰੀ ਨਹੀਂ ਕਰ ਸਕਦਾ। ਟਰੇਡ ਯੂਨੀਅਨ ਆਗੂਆਂ ਨੂੰ ਦੇਸ਼ ਵਿੱਚ ਉਦਯੋਗਿਕ ਵਿਕਾਸ ਨੂੰ ਰੋਕਣ ਲਈ ਵੱਡੇ ਪੱਧਰ 'ਤੇ ਜ਼ਿੰਮੇਵਾਰ ਠਹਿਰਾਇਆ। ਹਾਲਾਂ ਕਿ ਘਰੇਲੂ ਕਾਮਿਆਂ ਦੀ ਅਸਲ ਹਾਲਾਤ ਨੂੰ ਮੁਖ਼ਾਤਿਬ ਹੁੰਦਿਆਂ ਚੀਫ਼ ਜਸਟਿਸ ਨੇ ਕਿਹਾ "ਬਿਨਾਂ ਸ਼ੱਕ ਸ਼ੋਸ਼ਣ ਹੁੰਦਾ ਹੈ, ਪਰ ਇਸ ਨਾਲ ਲੜਨ ਦੇ ਤਰੀਕੇ ਵੀ ਹਨ। ਲੋਕਾਂ ਨੂੰ ਉਨ੍ਹਾਂ ਦੇ ਨਿੱਜੀ ਅਧਿਕਾਰਾਂ ਪ੍ਰਤੀ ਵਧੇਰੇ ਜਾਗਰੂਕ ਕੀਤਾ ਜਾਣਾ ਚਾਹੀਦਾ ਸੀ, ਲੋਕਾਂ ਨੂੰ ਵਧੇਰੇ ਹੁਨਰਮੰਦ ਬਣਾਇਆ ਜਾਣਾ ਚਾਹੀਦਾ ਸੀ ਅਤੇ ਹੋਰ ਬਹੁਤ ਸਾਰੇ ਸੁਧਾਰ ਕੀਤੇ ਜਾਣੇ ਚਾਹੀਦੇ ਸਨ।"

ਸੂਬਾ ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਲਹਿਰਾ ਮੁਹੱਬਤ ਅਤੇ ਜਸਵੰਤ ਜੀਰਖ ਨੇ ਸਵਾਲ ਕੀਤਾ ਕਿ ਜਦੋਂ ਘਰੇਲੂ ਕਾਮਿਆਂ ਦੇ ਹਾਲਾਤ ਬਦ ਤੋਂ ਬਦਤਰ ਹਨ ਤਾਂ ਟਰੇਡ ਯੂਨੀਅਨਾਂ ਤੋਂ ਬਿਨ੍ਹਾਂ ਇਨ੍ਹਾਂ ਦੇ ਹਿੱਤਾਂ ਦੀ ਰਾਖ਼ੀ ਕੌਣ ਕਰੇਗਾ? ਟ੍ਰੇਡ ਯੂਨੀਅਨਾਂ 25 ਮਾਰਚ 1926 ਨੂੰ ਪਾਸ ਹੋਏ ਟ੍ਰੇਡ ਯੂਨੀਅਨ ਐਕਟ-1926 ਤਹਿਤ ਕਾਮਿਆਂ ਦੇ ਹਿੱਤਾਂ ਦੀ ਰਾਖੀ ਲਈ ਸੂਚੀਬੱਧ ਹੋ ਕੇ ਕੰਮ ਕਰਦੀਆਂ ਹਨ। ਆਗੂਆਂ ਨੇ ਕਿਹਾ ਕਿ ਮੌਜੂਦਾ ਹਾਲਾਤ ਵਿੱਚ ਜਥੇਬੰਦ ਤਾਕਤ ਹੀ ਮਜ਼ਦੂਰਾਂ ਦਾ ਇੱਕੋ ਇੱਕ ਹਥਿਆਰ ਹੈ। ਇਸ ਕਰਕੇ ਇਨਕਲਾਬੀ ਕੇਂਦਰ ਪੰਜਾਬ ਮਿਹਨਤਕਸ਼ ਲੋਕਾਈ ਨੂੰ ਸੰਘਰਸ਼ ਦਾ ਸੂਹਾ ਪਰਚਮ ਬੁਲੰਦ ਕਰਨ ਦਾ ਸੱਦਾ ਦਿੰਦਾ ਹੈ।

## ਸਹਿਜੜਾ ਤੋਂ ਰੁਜ਼ਗਾਰ ਦੀ ਭਾਲ 'ਚ ਦੁਬਈ ਗਏ ਨੌਜਵਾਨ ਦੀ ਮੌਤ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਸਹਿਜੜਾ (ਬਰਨਾਲਾ) ਦੇ ਇੱਕ ਮਜ਼ਦੂਰ ਪਰਿਵਾਰ ਨਾਲ ਸਬੰਧਤ ਰੋਟੀ-ਰੋਜ਼ੀ ਦੀ ਭਾਲ 'ਚ ਦੁਬਈ ਗਏ ਨੌਜਵਾਨ ਦੀ ਮੌਤ ਹੋ ਜਾਣ ਦੀ ਦੁਖਦਾਈ ਖ਼ਬਰ ਮਿਲੀ ਹੈ।ਮ੍ਰਿਤਕ ਨੌਜਵਾਨ ਦੇ ਪਿਤਾ ਹਰਬੰਸ ਸਿੰਘ ਵਾਸੀ ਸਹਿਜੜਾ ਨੇ ਭਰੇ ਮਨ ਨਾਲ ਦੱਸਿਆ ਕਿ ਉਨ੍ਹਾਂ ਆਪਣੇ 20 ਸਾਲਾ ਪੁੱਤਰ ਹਰਦੀਪ ਸਿੰਘ ਨੂੰ ਸੁਨਾਹਿਰੀ ਭਵਿੱਖ ਦੀ ਆਸ ਨਾਲ ਕਰਜ਼ਾ ਚੁੱਕ ਕੇ ਪੰਜ ਮਹੀਨੇ ਪਹਿਲਾਂ ਦੁਬਈ ਭੇਜਿਆ ਸੀ, ਪਰ ਲੰਘੀ 24 ਜਨਵਰੀ ਨੂੰ ਦੁਬਈ ਤੋਂ ਆਏ ਫੋਨ ਰਾਹੀਂ ਉਸ ਦੀ ਮੌਤ ਦੀ ਖਬਰ ਮਿਲਣ ਨਾਲ ਪਰਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਅਜੇ ਤੱਕ ਬੇਟੇ ਦੀ ਮੌਤ ਦੇ ਅਸਲ ਕਾਰਨਾਂ ਬਾਰੇ ਕੋਈ ਵੀ ਜਾਣਕਾਰੀ ਨਹੀਂ ਮਿਲੀ।ਉਨ੍ਹਾਂ ਦੱਸਿਆ ਕਿ ਉਹ ਮਜ਼ਦੂਰੀ ਕਰਕੇ ਆਪਣਾ ਪਰਵਾਰ ਪਾਲ ਰਹੇ ਹਨ, ਆਰਥਿਕ ਤੰਗੀ ਕਾਰਨ ਆਪਣੇ ਪੁੱਤਰ ਦੀ ਦੇਹ ਨੂੰ ਘਰ ਲਿਆਉਣ ਲਈ ਖਰਚਾ ਚੁੱਕਣ ਤੋਂ ਵੀ ਅਸਮਰੱਥ ਹਨ।ਪੀੜਤ ਪਰਿਵਾਰ ਨੇ ਮੁੱਖ ਮੰਤਰੀ ਭਗਵੰਤ ਮਾਨ, ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੂੰ ਅਪੀਲ ਕੀਤੀ ਕਿ ਨੌਜਵਾਨ ਪੁੱਤਰ ਦੀ ਲਾਸ਼ ਨੂੰ ਘਰ ਲਿਆਉਣ ਲਈ ਸਹਿਯੋਗ ਦਿੱਤਾ ਜਾਵੇ।ਇਸ ਸਬੰਧੀ ਭਾਕਿਯੂ ਕਾਦੀਆਂ ਦੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਧਿਆਨ ਸਿੰਘ ਸਹਿਜੜਾ, ਜ਼ਿਲ੍ਹਾ ਜਨਰਲ ਸਕੱਤਰ ਗਗਨਦੀਪ ਸਿੰਘ ਬਾਜਵਾ, ਅਮਰਜੀਤ ਸਿੰਘ ਭੋਲਾ ਨੇ ਕਿਹਾ ਕਿ ਪੀੜਤ ਪਰਿਵਾਰ ਨੂੰ ਨਾਲ ਲੈ ਕੇ ਡਿਪਟੀ ਕਮਿਸ਼ਨਰ ਬਰਨਾਲਾ ਨੂੰ ਨੌਜਵਾਨ ਪੁੱਤਰ ਦੀ ਲਾਸ਼ ਘਰ ਲਿਆਉਣ ਸਬੰਧੀ ਦਰਖਾਸਤ ਦਿੱਤੀ ਸੀ।10 ਦਿਨ ਬੀਤ ਜਾਣ ਦੇ ਬਾਵਜੂਦ ਨੌਜਵਾਨ ਹਰਦੀਪ ਦੀ ਦੇਹ ਘਰ ਨਹੀਂ ਪੁੱਜੀ।



# ਅਮਨ ਜੱਖਲਾਂ ਦੀ ਪੁਸਤਕ 'ਮੈਂ ਮਿੱਟੀ' ਲੇਖਕਾਂ ਦੇ ਵੱਡੇ ਇਕੱਠ ਵਿੱਚ ਹੋਈ ਲੋਕ ਅਰਪਣ



**ਸੰਗਰੂਰ (ਪ੍ਰਵੀਨ ਸਿੰਘ)**

ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਨਾਮਵਰ ਲੇਖਕ ਅਮਨ ਜੱਖਲਾਂ ਦੀ ਪੁਸਤਕ 'ਮੈਂ ਮਿੱਟੀ' ਲੋਕ ਅਰਪਣ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਉੱਘੇ ਲੇਖਕ ਅਤੇ ਆਲੋਚਕ ਡਾ. ਮੀਤ ਖਟੜਾ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਡਾ. ਰਾਹੁਲ ਸੈਣੀ ਜ਼ਿਲ੍ਹਾ ਯੁਵਾ ਅਫ਼ਸਰ ਸੰਗਰੂਰ ਸ਼ਾਮਲ ਹੋਏ। ਇਸ ਸਮਾਗਮ ਵਿੱਚ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਪੁਸਤਕ ਸਬੰਧੀ ਪੜ੍ਹੇ ਆਪਣੇ ਖੋਜਪੂਰਨ ਪਰਚੇ ਵਿੱਚ ਡਾ. ਮਨੀਸ਼ਾ ਰਾਣੀ ਨੇ ਕਿਹਾ ਕਿ ਅਮਨ ਜੱਖਲਾਂ ਦੀ ਪੁਸਤਕ ਵਿੱਚ ਵਰਤੀ ਗਈ ਸ਼ਬਦਾਵਲੀ ਬੇਹੱਦ ਸਰਲ ਹੈ, ਜਿਸ ਨੂੰ ਸਮਝਣਾ ਹਰ ਪਾਠਕ ਲਈ ਸੁਖਾਲਾ ਹੈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਮੀਤ ਖਟੜਾ ਨੇ ਕਿਹਾ ਕਿ ਅਮਨ ਜੱਖਲਾਂ ਨੇ ਸਮਾਜਿਕ ਵਲਗਣਾਂ ਤੋਂ ਉੱਪਰ ਉੱਠ ਕੇ ਮਾਨਵਤਾਵਾਦੀ ਸਿਧਾਂਤ ਦੀ ਗੱਲ ਕੀਤੀ ਹੈ। ਵਿਚਾਰ-ਚਰਚਾ ਨੂੰ ਅੱਗੇ ਤੋਰਦਿਆਂ ਸੁਖਵਿੰਦਰ ਸਿੰਘ ਲੋਟੇ ਨੇ ਕਿਹਾ ਕਿ ਅਮਨ ਜੱਖਲਾਂ ਨੂੰ ਵਿਸ਼ਵ ਭਰ ਵਿੱਚ ਰਚੇ ਜਾ ਰਹੇ ਸਾਹਿਤ ਦਾ ਗਿਆਨ ਹੈ। ਡਾ. ਰਾਹੁਲ ਸੈਣੀ ਨੇ ਕਿਹਾ ਕਿ ਉਹ ਅਮਨ ਜੱਖਲਾਂ ਦੀਆਂ ਸਾਹਿਤਕ ਪ੍ਰਾਪਤੀਆਂ ਉੱਪਰ ਬੜਾ ਮਾਣ ਕਰਦੇ ਹਨ। ਡਾ. ਰਾਕੇਸ਼ ਸ਼ਰਮਾ ਨੇ ਕਿਹਾ ਕਿ ਅਮਨ ਜੱਖਲਾਂ ਸਾਹਿਤ ਦੀ ਆਤਮਾ ਨੂੰ ਸਮਝਣ ਵਾਲੇ ਕਲਮਕਾਰ ਹਨ। ਆਪਣੀ ਲਿਖਣ ਪ੍ਰਕਿਰਿਆ ਬਾਰੇ ਗੱਲਬਾਤ ਕਰਦਿਆਂ ਅਮਨ ਜੱਖਲਾਂ ਨੇ ਕਿਹਾ ਕਿ ਮਾਲਵਾ ਲਿਖਾਰੀ ਸਭਾ ਸੰਗਰੂਰ ਨਵੇਂ ਕਲਮਕਾਰਾਂ ਨੂੰ ਉਭਾਰਨ ਲਈ ਜ਼ਿਕਰਯੋਗ ਕਾਰਜ ਕਰ ਰਹੀ ਹੈ। ਇਸ ਮੌਕੇ ਸਭਾ ਵੱਲੋਂ ਡਾ. ਰਾਹੁਲ ਸੈਣੀ ਅਤੇ ਅਮਨ ਜੱਖਲਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਧਿਰਾਂ ਦੇ ਨਾਂਅ :- 1) ਚਰਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਕਿਰਪਾਲ ਸਿੰਘ 2) ਜਸਵੀਰ ਕੌਰ ਵਿਧਵਾ ਅਵਤਾਰ ਸਿੰਘ ਪੁੱਤਰ ਜੋਗਿੰਦਰ ਸਿੰਘ 3) ਬਬਲਦੀਪ ਕੌਰ ਪੁੱਤਰੀ ਅਵਤਾਰ ਸਿੰਘ ਪੁੱਤਰ ਜੋਗਿੰਦਰ ਸਿੰਘ 4) ਮਨਪ੍ਰੀਤ ਸਿੰਘ ਪੁੱਤਰ ਅਵਤਾਰ ਸਿੰਘ 5) ਰਾਜ ਕੌਰ ਵਿਧਵਾ ਅਵਤਾਰ ਸਿੰਘ ਪੁੱਤਰ ਜੋਗਿੰਦਰ ਸਿੰਘ 6) ਸ਼ਿਵਜੀਤ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਜੋਗਿੰਦਰ ਸਿੰਘ 7) ਸ਼ਰਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਕਿਰਪਾਲ ਸਿੰਘ 8) ਅੰਗਦ ਪ੍ਰਤਾਪ ਸਿੰਘ ਪੁੱਤਰ ਸ੍ਰੀ ਸ਼ੇਰ ਪ੍ਰਤਾਪ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀਆਨ ਪਿੰਡ ਕਲਿਆਣਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।

## PUBLIC NOTICE

Pooja Malhotra W/o Pawan Kumar & Pawan Kumar S/o Jai Chand, Both R/o # H.No 166, B-Block, Ranjit Avenue, Amritsar, 143001, want to avail a LAP Loan from Cholamandlam Investment & Finance Co Ltd, SCO 102-103, Third Floor, D-Block, Ranjit Avenue, Amritsar. The owner of the property below is Smt. Pooja Malhotra W/o Pawan Kumar, vide Sale deed dated 22.12.2020, document no 2020-21/89/1/5546. Owner for plot, measuring 370 sq yards, Khasra no 3683/836 to 862/15, 3764/836 to 862/96, 3765/836 to 862/97, 3764/836 to 862/98, 3767/836 to 862/99, 3773/836 to 862/105, 3779/836 to 862/111, 3780/836 to 862/112, 3788/836 to 862/120, 3825/836 to 862/157, 3829/836 to 862/161, 3816/836 to 862/148, 3832/836 to 862/164, 3833/836, 862/165, 3834/836, 862/166, 3835/836 to 862/167, 3836/836 to 862/168, 3837/836 to 862/169, 3838/836 to 862/170, 3820/836 to 862/152, 3839/836, 862/171, 3840/836 to 862/172, 3841/836 to 862/173, 3849/836 to 862/181, 3850/836 to 862/182, 3851/836 to 862/183, 3852/836 to 862/184, 3854/836, 862/186, 3855/836 to 862/187, 3857/836 to 862/189, 3858/836 to 862/190, 3860/836 to 862/192, 3861/836 to 862/193, 3862/836 to 862/194, 3864/836 to 862/196, 3865/836 to 862/197, 3868/836 to 862/200, 3871/836 to 862/203, 3872/836 to 862/204, 3873/836 to 862/205, 3874/836 to 862/206, 4366/3848/836 to 862/180/1, 4368/3848/836 to 862/180/3 all min and 872 min, Bounded as East: Balwinder Singh, West: Ashok Kumar, North: Ownership of Others, South: Road, situated at Amritsar Urban Circle no 108, Abadi Gurbax Nagar, Tehsil & Distt, Amritsar. That Original SPA dated 01.06.2009 is lost/missing. If any person/Entity/DSA/Financial Institution/Bank/ Govt. The department may have obtained or have issued any loan/Stay Order/Court Case against the said Sale deed or have any objection of any kind with regard to said Sale deed. He/she can file an objection regarding the use of above said documents as well as property within 10 days from the date of the present Publication to below mentioned person on the address or contact numbers given and after 10 days no claim shall be admitted and it would be assumed that the property is free from encumbrances/Litigation as far as the above documents are concerned

*Truly Yours*

MR ASSOCIATES (Advocates)

M. : 8054660650

## PUBLIC NOTICE

I, Lakhwinder Kaur W/o Late Lal Chand Permanent resident of Vill. Pattar Kalan, PO. Bakhu Nangal, District Jalandhar, Punjab-144806 declare that my son Mr. Deepak is out of my control. So I disinherit him from all my moveable and Immoveable properties. I and my family members shall not be responsible for any of his acts deeds & things. If anyone deals with him shall do so at his/her own risk & responsibility. All concerned please note.

## ਆਮ ਜਨਤਾ ਨੂੰ ਨੋਟਿਸ

ਇਹ ਆਮ ਜਨ ਸਧਾਰਨ ਦੀ ਜਾਣਕਾਰੀ ਲਈ ਹੈ ਕਿ ਸ੍ਰੀ ਮਾਨ ਸਿੰਘ ਪੁੱਤਰ ਸ੍ਰੀ ਲਛਮਣ ਸਿੰਘ ਵਾਸੀ ਮਕਾਨ ਨੰਬਰ 302, ਟਾਵਰ ਈ-12, ਸੰਦੀਪ ਵਿਹਾਰ, ਜੀ ਐੱਚ-79, ਸੈਕਟਰ 20, ਜ਼ਿਲ੍ਹਾ ਪੰਚਕੂਲਾ, ਹਰਿਆਣਾ ਜਾਇਦਾਦ/ਪਲਾਟ ਮਿਣਤੀ 25 ਮਰਲੇ ਵਾਕਿਆ ਰਕਬਾ ਪਲਾਟ ਨੰਬਰ 338, ਮਾਡਲ ਟਾਊਨ, ਕਪੂਰਥਲਾ, ਜਮ੍ਹਾਂਬੰਦੀ ਸਾਲ 1985-86, ਖੇਵਟ ਖਾਤਾ ਨੰਬਰ 2561/3922, ਖਸਰਾ ਨੰਬਰ 4087/5-15, 4101/3-11, ਕੁੱਲ 9 ਕਨਾਲ 6 ਮਰਲੇ ਦਾ 25/186 ਹਿੱਸਾ ਬਕਦਰ 25 ਮਰਲੇ ਸ੍ਰੀ ਮਾਨ ਸਿੰਘ ਦੇ ਨਾਂਅ ਹੈ। ਇੱਕ ਟਾਈਟਲ ਡੀਡ ਨੰ. 2203 ਮਿਤੀ 14/12/1988 ਉੱਪਰ ਦਰਸਾਏ ਮਾਲਕ ਮਾਨ ਸਿੰਘ ਦੁਆਰਾ ਗੁਆਚ ਗਈ ਹੈ ਅਤੇ ਇਸ ਸੰਬੰਧੀ ਰਿਪੋਰਟ ਥਾਣਾ ਸੈਕਟਰ-20, ਪੰਚਕੂਲਾ, ਹਰਿਆਣਾ ਵਿਖੇ ਐਪਲੀਕੇਸ਼ਨ ਨੰਬਰ 132350662501426 ਰਾਹੀਂ ਦਰਜ ਕਰਵਾ ਦਿੱਤੀ ਗਈ ਹੈ। ਹੁਣ ਸ੍ਰੀ ਮਾਨ ਸਿੰਘ ਨੇ ਇਹ ਪਲਾਟ ਸ੍ਰੀਮਤੀ ਗੁਰਮੀਤ ਕੌਰ ਪਤਨੀ ਲਖਵਿੰਦਰ ਸਿੰਘ ਵਾਸੀ ਪਿੰਡ ਅਦਾਲਤ ਚੱਕ ਪੀ ਓ ਸਰਾਏ ਜੱਟਾ, ਜ਼ਿਲ੍ਹਾ ਕਪੂਰਥਲਾ, ਪੰਜਾਬ ਨੂੰ ਵੇਚਣ ਦਾ ਇਕਰਾਰਨਾਮਾ ਕੀਤਾ ਹੈ। ਹੁਣ ਉਕਤ ਖਰੀਦਦਾਰ ਸ੍ਰੀਮਤੀ ਗੁਰਮੀਤ ਕੌਰ ਨੇ ਪੀ ਐੱਨ ਬੀ ਬ੍ਰਾਂਚ ਦੀਪਾਵਾਲੀ ਤੋਂ ਕਰਜ਼ਾ ਲੈਣ ਲਈ ਬੇਨਤੀ ਕੀਤੀ ਹੈ ਅਤੇ ਪੀ ਐੱਨ ਬੀ ਬਰਾਂਚ ਦੀਪਾਵਾਲੀ ਉਪਰੋਕਤ ਜਾਇਦਾਦ ਦਾ ਬਰਾਬਰੀ ਮੋਟਗੇਜ ਕਰਨਾ ਚਾਹੁੰਦੀ ਹੈ। ਜੇਕਰ ਕਿਸੇ ਵਿਅਕਤੀ ਨੂੰ ਦੱਸੀ ਟਾਈਟਲ ਡੀਡ ਪ੍ਰਾਪਤ ਹੁੰਦੀ ਹੈ ਤਾਂ ਉਹ ਸ੍ਰੀ ਮਾਨ ਸਿੰਘ ਨੂੰ ਵਾਪਸ ਕਰ ਸਕਦਾ ਹੈ। ਜੇਕਰ ਕਿਸੇ ਵਿਅਕਤੀ ਦਾ ਉਪਰੋਕਤ ਜਾਇਦਾਦ ਦੇ ਦਿਲਚਸਪੀ ਜਾਂ ਟਾਈਟਲ ਸੰਬੰਧੀ ਕੋਈ ਦਾਅਵਾ ਹੈ ਜਾਂ ਕੋਈ ਇਤਰਾਜ਼ ਹੈ, ਤਾਂ ਉਹ ਲਿਖਤੀ ਤੌਰ 'ਤੇ ਦੱਸੇ ਬੈਂਕ ਨੂੰ ਇਸ ਨੋਟਿਸ ਦੇ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਆਪਣਾ ਇਤਰਾਜ਼ ਭੇਜ ਸਕਦਾ ਹੈ। ਮੋਬਾਈਲ ਨੰ: 8284817916

ਪੰਜਾਬ ਨੈਸ਼ਨਲ ਬੈਂਕ, ਬ੍ਰਾਂਚ ਦੀਪਾਵਾਲੀ ਕਪੂਰਥਲਾ 144601

## Public Notice

Notice is hereby given that the original sale deed and other related property documents in respect of the below-mentioned property have been lost/misplaced Pargat singh S/o Mangal singh s/o Bachan singh is Availing loan from utkarsh small finance bank. Details of the Property: **Property Owner:** Pargat singh S/o Mangal singh s/o Bachan singh, (XXXX XXXX 8421) Mob no.7837162900Property Address: Jyotisar colony, Gali no.2, Gah mandi, jandiala guru, Amritsar-1. **Sale deed Executed by Gyan Singh s/o Beant Singh s/o Hira Singh in favoring of Ravinder Kaur w/o Mukhtar Singh s/o Jarnail Singh Date of Sale deed:** 30-05-2011 **Doc no.**1882 **Property Description:** Khasra no. 89//2, Khata Khatoni no. 564/757 Property that is a plot of land having dimensions from East: 25 feet 6 inch, West: 27 feet 5 inch, North and South: 69 feet 6 inch, measuring 6.77 marle (With the scale of measurement 5.5 feet) Situated within revenue estate of area of Jandiala-1, Sub Tehsil Jandiala Guru, Tehsil Amritsar-1 and District Amritsar The undersigned intends to apply for certified copies of the said documents. if any person has any objection or claim regarding the said property or documents, they are requested to notify the undersigned within 15 days from the date of publication of this notice, failing which, it will be presumed that no objection exists and the necessary steps will be taken to obtain certified copies and execute an indemnity bond.

Contact Details:

**Name: Dinesh Arora (Advocate)**

**Adress: H.no 490, D-Block, Ranjit Avenue, Amritsar. Phone: 9779304041**

**Email: advocatedinesh84@gmail.com**

## COURT NOTICE

(U/o 5 Rule 20 CPC)

In The Court of Ms. Parvinder Kaur Civil Judge (Senior Division), SBS Nagar

CNR No. PBSB02-001180-2023

Next Date:- 08-04-2026

Canara Bank

Vs.

Sourav Choudhary

Suit under order 34 C.P.C. for recovery

Notice to:

1. Sourav Choudhary Son of Harmesh Kumar Son of Ram Kishan, resident of H. No. 325, 1/2 Vishal Nagar, Bathinda, District Bathinda.
2. Sohan Lal Son of Ram Kishan, resident of village Aima Chahal, Kathgarh, Tehsil Balachaur, District SBS Nagar.

In above titled case, the defendants could not be served. It is ordered that defendants should appear in person or through counsel on 08-04-2026 at 10:00 a.m.

For details logon to https://highcourtchd.gov.in/?mod=district_notice&district=sbsnagar

Given under my hand and the seal of the Court, this 02.02.2026

Civil Judge (Senior Division), SBS Nagar

## COURT NOTICE

(U/o 5 Rule 20 CPC)

In The Court of Sh. Prateek Gupta Civil Judge (Junior Division)-9, Jalandhar

CNR No. PBJL02-004473-2024

Next Date :- 16-03-2026

The Hind Samachar Limited

Vs. Mohan Lal Saini

Execution application to execute the order dated 19.10.2019 Passed by the Court of Sh. Rattan Deep Singh, CJJD, Jal.

Publication Issued To :

Mohan Lal Saini

R/o 172/6A, Prem Nagar, Near Railway Line, Ambala City.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 16-03-2026 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-9, Jalandhar

## SANT PREM SINGH KARAMSAR KHALSA COLLEGE, BEGOWAL (KAPURTHALA)

Contact No: 01822-249330

Invites online applications for the post of Principal on regular basis under grant-in-aid (https://spskkhcollege.org/jobs-and-career/). Qualification and Grade as per UGC/NCTE/Punjab Govt/GNDU norms. Reservation Policy will be as per Punjab Govt, rules. Candidates must submit online application within 21 days from the date of publication of advertisement. A copy of the application along with a demand draft of Rs. 1180/- (non-refundable) in favour of Registrar, Guru Nanak Dev University, Amritsar may also be sent to Dean, CDC, Guru Nanak Dev University, Amritsar within stipulated time through Registered Post. Candidate must send the required documents along with the application as per the list available for Aided College in the CDC Portal on University website (www.gndu.ac.in). Incomplete application (without the required documents) 'or' the application received after due date will not be entertained.

President

## ਸੇਲਜ਼ਮੈਨ ਦੀ ਭਰਤੀ

ਦੀ ਰੰਘੜਿਆਲ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਿ. ਰੰਘੜਿਆਲ ਵਿੱਚ ਰੈਗੂਲਰ ਤੌਰ ਤੇ ਡੀ.ਸੀ. ਰੇਟਾਂ ਤੇ ਸੇਲਜ਼ਮੈਨ ਭਰਤੀ ਕਰਨ ਸਬੰਧੀ ਬੇਨਤੀ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।

ਸਭਾ ਵਿੱਚ ਸੇਲਜ਼ਮੈਨ ਭਰਤੀ ਕਰਨ ਲਈ ਸ਼ਰਤਾਂ ਸਹਿਕਾਰਤਾ ਵਿਭਾਗ ਦੇ ਰੂਲਜ 1997 ਅਨੁਸਾਰ ਹੇਠ ਲਿਖੇ ਅਨੁਸਾਰ ਹਨ।

1. ਵਿਦਿਅਕ ਯੋਗਤਾ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗ੍ਰੈਜੂਏਸ਼ਨ ਦੀ ਡਿਗਰੀ, 2. ਦਸਵੀਂ ਪੱਧਰ ਦੀ ਪੰਜਾਬੀ ਦੀ ਵਿਦਿਅਕ ਯੋਗਤਾ, 3. ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟਰੋਨਿਕਸ ਵਿਭਾਗ ਦੇ O ਲੈਵਲ ਦੀ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ ਜਾਂ ਉਮੀਦਵਾਰ ਨੇ ਸਰਕਾਰ ਵੱਲੋਂ ਪ੍ਰਵਾਨਿਤ ਕਿਸੇ ਸੰਸਥਾ ਜਾਂ ਕਿਸੇ ਮਨਜੂਰ ਸ਼ੁਦਾ ਸੰਸਥਾ ਜੋ ਕਿ ਆਈ. ਐਸ.ਓ. 9001 ਦੇ ਅਨੁਸਾਰ ਤਸਦੀਕ ਸ਼ੁਦਾ ਹੋਵੇ ਤੇ ਘੱਟੋ ਘੱਟ 120 ਘੰਟੇ ਦਾ ਪਰਸਨਲ ਦਾ ਕੋਰਸ ਇਨਫੋਰਮੇਸ਼ਨ ਟੈਕਨੋਲਜੀ ਵਿੱਚ ਆਫਿਸ ਪ੍ਰੋਡਕਟਵਿਟੀ ਦਾ ਕੋਰਸ ਕੀਤਾ ਹੋਵੇ, 4. ਉਮੀਦਵਾਰ ਸਭਾ ਦੇ ਦਾਇਰਾ (area of operation) ਦਾ ਨਿਵਾਸੀ ਹੋਵੇ, 5. ਉਮੀਦਵਾਰ ਦੇ ਸਭਾ ਵਿੱਚ ਸੇਲਜ਼ਮੈਨ ਭਰਤੀ ਹੋਣ ਉਪਰੰਤ ਇਕ ਮਹੀਨੇ ਦੇ ਅੰਦਰ ਅੰਦਰ ਹੀ ਕਰਮਚਾਰੀ ਨੂੰ ਇੱਕ ਏਕੜ ਜਮੀਨ ਜਮਾਨਤ ਵਜੋਂ ਸਭਾ ਦੇ ਨਾਮ ਕਰਵਾਉਣੀ ਪਵੇਗੀ, 6. ਉਮੀਦਵਾਰ ਦੀ ਨਿਯੁਕਤੀ ਲਈ ਉਮਰ ਸੀਮਾ 18-37 ਸਾਲ ਹੋਵੇਗੀ, 7. ਫਾਈਨਲ ਮੈਰਿਟ ਲਿਸਟ ਗਰੇਜੁਏਸ਼ਨ ਵਿੱਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤ ਦੇ ਆਧਾਰ ਤੇ ਬਣਾਈ ਜਾਵੇਗੀ, 8. ਉਮੀਦਵਾਰ ਇੰਟਰਵਿਊ ਸਮੇਂ ਅਸਲ ਦਸਤਾਵੇਜ ਨਾਲ ਲੈ ਕੇ ਆਉਣ, ਅਧੂਰੇ ਦਸਤਾਵੇਜਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ, 9. ਚੋਣ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ।

ਨੋਟ-ਚਾਹਵਾਨ ਉਮੀਦਵਾਰ ਆਪਣੀਆਂ ਅਰਜੀਆਂ 14-02-2026 ਤੱਕ ਪਿੰਡ ਰੰਘੜਿਆਲ ਦੀ ਸਹਿਕਾਰੀ ਸਭਾ ਵਿੱਚ ਸ਼ਾਮ 4 ਵਜੇ ਤੱਕ ਜਮਾਂ ਕਰਵਾ ਸਕਦੇ ਹਨ। ਸੇਲਜ਼ਮੈਨ ਦੀ ਪੋਸਟ ਲਈ ਇੰਟਰਵਿਊ ਮਿਤੀ 18-02-2026 ਨੂੰ ਪਿੰਡ ਰੰਘੜਿਆਲ (ਬੁਢਲਾਡਾ) ਸਭਾ ਦੇ ਦਫਤਰ ਵਿਖੇ ਹੋਵੇਗੀ।

ਮਨਪ੍ਰੀਤ ਸਿੰਘ, ਪ੍ਰਧਾਨ 9878471450 — ਗੁਰਦੀਪ ਸਿੰਘ ਸਕੱਤਰ ਵਾਧੂ ਚਾਰਜ, 9915971461

## COURT NOTICE

(U/o 5 Rule 20 CPC)

In The Court of Sh. Deepak Kumar Choudhary Principal Judge (FC), Barnala

CNR No. PBBR01-001481-2024

Next Date :- 17-03-2026

Amandeep Singh

Vs.

Jaspreet Kaur

Publication Issued To :

Jaspreet Kaur

Spouse :- Amandeep Singh

Sant Uttar Dev Nagar Ward No. 17 Raikot Road Barnala, Distt. Barnala Presently Residing at the House of her previous Husband Namely Late Jagdeep Singh S/O Late Karam Singh R/O Village Thullewal, Teh. and Distt. Barnala.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 17-03-2026 at 10:00 a.m.

For details logon to https://highcourtchd.gov.in/?mod=district_notice&district=barnala

Principal Judge (FC) Barna

Dated, this day of 03-02-2026

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ ਗੜ੍ਹਦੀਵਾਲਾ

ਵਿਸ਼ਾ :- ਮਾਲ ਰਿਕਾਰਡ ਵਿੱਚ ਨਾਂਅ ਦਰੁਸਤ ਕਰਾਉਣ ਸੰਬੰਧੀ ਦਰਖਾਸਤ ਵੱਲੋਂ ਰਣਜੀਤ ਸਿੰਘ ਪੁੱਤਰ ਰਾਜ ਪਾਲ ਵਾਸੀ ਸਰਾਈ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।

ਆਮ ਜਨਤਕ ਪਬਲਿਕ ਨੋਟਿਸ

ਇਸ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਵਿੱਚ ਰਣਜੀਤ ਸਿੰਘ ਪੁੱਤਰ ਰਾਜ ਪਾਲ ਵਾਸੀ ਸਰਾਈ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਆਪਣੇ ਪਿਤਾ ਅਤੇ ਆਪਣੇ ਦਾਦਾ ਦਾ ਨਾਂਅ ਦਰੁਸਤ ਕਰਾਉਣ ਲਈ ਦਰਖਾਸਤ ਦਿੱਤੀ ਗਈ ਹੈ।ਮਾਲ ਰਿਕਾਰਡ ਪਿੰਡ ਸਰਾਈ/55 ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਦਰਖਾਸਤ ਕਰਤਾ ਦੇ ਪਿਤਾ ਦਾ ਨਾਂਅ ਰਾਜਪਾਲ ਸਿੰਘ ਅਤੇ ਦਾਦੇ ਦਾ ਨਾਂਅ ਦਰਸ਼ਨ ਸਿੰਘ ਚੱਲ ਰਿਹਾ ਹੈ। ਜਦਕਿ ਦਰਖਾਸਤ ਕਰਤਾ ਦੇ ਪਿਤਾ ਦਾ ਦਰੁਸਤ ਨਾਂਅ ਰਾਜਪਾਲ ਹੈ ਅਤੇ ਦਾਦਾ ਦਾ ਨਾਂਅ ਦਰਸ਼ਨ ਲਾਲ ਹੈ ਜਿਸ ਸਬੰਧੀ ਦਰਖਾਸਤ ਕਰਤਾ ਵੱਲੋਂ ਇਸ ਅਦਾਲਤ ਵਿੱਚ ਦੋ ਅਖਬਾਰਾਂ ਪੇਸ਼ ਕੀਤੀਆਂ ਗਈਆਂ ਹਨ। ਦਰਖਾਸਤ ਕਰਤਾ ਵੱਲੋਂ ਆਪਣੇ ਪਿਤਾ ਦਾ ਵੋਟਰ ਕਾਰਡ, ਆਈ.ਡੀ. ਕਾਰਡ, ਆਧਾਰ ਕਾਰਡ ਦੀਆਂ ਕਾਪੀਆਂ ਪੇਸ਼ ਕੀਤੀਆਂ ਹਨ।ਦਰਖਾਸਤ ਕਰਤਾ ਦੇ ਪਿਤਾ ਅਤੇ ਦਾਦਾ ਦਾ ਨਾਂਅ ਮਾਲ ਰਿਕਾਰਡ ਪਿੰਡ ਸਰਾਈ, ਤਹਿਸੀਲ ਦਸੂਹਾ ਵਿੱਚ ਰਾਜਪਾਲ ਸਿੰਘ ਤੋਂ ਰਾਜਪਾਲ ਅਤੇ ਦਰਸ਼ਨ ਸਿੰਘ ਤੋਂ ਦਰਸ਼ਨ ਲਾਲ ਦਰੁਸਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਖੁਦ ਜਾਂ ਆਪਣੇ ਵਕੀਲ ਰਾਹੀਂ ਇਸ ਅਦਾਲਤ ਵਿੱਚ ਆਪਣਾ ਇਤਰਾਜ਼ ਮਿਤੀ 14.02.26 ਤੱਕ ਪੇਸ਼ ਕਰ ਸਕਦਾ ਹੈ। ਮਿੱਥੀ ਮਿਆਦ ਤੋਂ ਬਾਅਦ ਕੋਈ ਵੀ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਇਹ ਨੋਟਿਸ ਅੱਜ ਮਿਤੀ 30.01.26 ਨੂੰ ਮੇਰੀ ਮੋਹਰ ਹਸਤਾਖਰ ਹਿੱਤ ਜਾਰੀ ਕੀਤਾ ਗਿਆ ਹੈ।

ਨੰਬਰ : 126/ਰੀਡਰ ਮਿਤੀ : 2/2/26 — ਸਹੀ/-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਗੜ੍ਹਦੀਵਾਲਾ।

## PUBLIC NOTICE

Applicant's Advocate: K.B.Patel

BEFORE THE MOTOR ACCIDENT TRIBUNAL (AUXL).

MR.M.J. BRAHMBHATT, 4th ADDITIONAL DISTRICT JUDGE SAHEB, KHEDA @ NADIAD, STATE: GUJARAT

MACP No.695/2021

EX.25

APPLICANT: Heirs of the Deceased Haben Sureshbhai Chauhan (1) Sureshbhai Vajesinh Chauhan & 1 Res. Jaliya, Ta.Mahendavad Distt. Kheda

Verses

OPPONENT: (1) VIRENDRA SINGH SUKHVINDAR SINGH RES. DERA MALLIYA DA SHUTRANA, TEH. PATRAN, DISTT. PATIYALA (PUNJAB) 147105

Fixed On: 20.02.2026

Whereas the applicant has filed claim petition MACP No. 695/2021 in this Tribunal for compensation of Rs. 20,00,000/- respectively on 19.02.2021 U/s.166 of M.V. Act for accident caused by vehicle No.PB.11.CB.6098. Noticea of this Tribunal against above Opponents have been returned unserved.

This notice is issued by the Tribunal for above Opp. No.1. Take notice of this claim that it will be heard by the Tribunal on Dt. 20.02.2026 at 10-30 A.M. If you does not appear and file your defense, the claim will be decided Ex-party against you.

Given under my hand and seal of the Tribunal, This 2nd Day of January 2026.

| Drawn By | Checked By | By Order |
|---|---|---|
| (D.S. Parmar) | (K.B. Vaghela) | (H.G. RAJWANI) |
| Suptd. | Branch clerk grade-II | Dy. Registrar, M.A.C.T. Branch Kheda @ Nadiad |

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਟੈਂਡਰ ਸੂਚਨਾ ਨੰ: 433-ਸਿਗ-ਟੀ-66-25-26 — ਬੰਦ ਹੋਣ ਦੀ ਮਿਤੀ/ਸਮਾਂ: ਨੂੰ 25.02.2026, 15:00 ਵਜੇ

ਮਿਤੀ : 02.02.2026

ਸੀਨੀਅਰ ਡਵੀਜਨ ਸਾਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫ਼ਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਟੈਂਡਰ ਨੰ: **433-ਸਿਗ-ਟੀ-66-25-26** ਈ-ਟੈਂਡਰਿੰਗ ਦੁਆਰਾ ਤੋਂ ਮਿਤੀ **25.02.2026 15.00** ਵਜੇ ਤਕ https://www.ireps.gov.in ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ। ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਵਾਰਾ ਟੈਂਡਰ ਡਾਕਯੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਂਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਐਨ। ਆਈ। ਟੀ

| | | | |
|---|---|---|---|
| ਕੰਮ ਦਾ ਨਾਮ | ADEN / ਲੁਧਿਆਨਾ ਦੇ ਤਹਿਤ ਪੁਸ਼ਿੰਗ ਮੇਥਡ ਤੋਂ ਸਾਹਨੇਵਾਲ - ਜਲੰਧਰ ਕੈਂਟ ਸੈਕਸ਼ਨ ਉਤੇ KM 398/970 ਉਤੇ LC ਨੰਬਰ S-84 ਦੀ ਜਗ੍ਹਾਂ B-ਰੂਟ ਵੰਦੇ ਭਾਰਤ ਉਤੇ ਲਿਮਿਟੇਡ ਹਾਇਟ ਸਬਵੇ (5.0x5.0 M) ਇੰਟਰਨਲ ਸਾਇਜ ਦੇ ਨਿਰਮਾਣ ਦੇ ਸਬੰਧ ਵਿਚ ਸਿਗਨਲਿੰਗ ਅਤੇ ਟੇਲੀਕਾਮ ਦਾ ਕੰਮ, ਜਿਸਦਾ TVUS 78912 ਹੈ। | | |
| ਟੈਂਡਰ ਬੰਦ ਕਰਨ ਦੀ ਮਿਤੀ ਸਮਾਂ | 25.02.2026 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 02.02.2026, 18:18 |
| ਅਨੁਮਾਨਿਤ ਕੀਮਤ (ਰੁ:) | 35,48,796.61 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 11.02.2026 |
| ਬਿਆਨਾ ਰਾਸ਼ੀ (ਰੁ:) | 71,000.00 | ਕੰਮ ਪੂਰਾ ਕਰਨ ਦਾ ਸਮਾਂ | 6 ਮਹੀਨੇ |

ਨੋਟ : ਟੈਂਡਰਕਰਤਾ ਨਿਯਮਿਤ ਰੂਪ ਤੋਂ ਵੈੱਬਸਾਈਟ ਦੇ ਸੰਪਰਕ ਵਿਚ ਰਹਿਕੇ ਟੈਂਡਰ ਸੰਸ਼ੋਧਨਾਂ, ਸ਼ੁੱਧੀਪੱਤਰ ਆਦਿ ਬਾਰੇ ਵਿਚ ਖੁਦ ਨੂੰ ਅਪਡੇਟ ਰੱਖੋ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ — 372/2026

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਮਾਲਭਾੜਾ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR26-10 | 18/02/26 ਨੂੰ 11:00 Hrs. | ਗੱਡੀਆਂ ਦੇ ਪਾਰਸਲ ਸਪੇਸ ਨੂੰ ਲੀਸ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 14650/R1, 15532/R1, 14674/R1, 12204/R1 & 14604/R1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। — 371/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਨੰਬਰ:- 227, 228 & 229-2025-26-ADEN-I-ASR — ਤਾਰੀਕ : 02.02.2026

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 23.02.2026 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 30.01.2026 ਅਤੇ 31.01.2026 | 09.02.2026 | 23.02.2026 15:00 ਵਜੇ |

| ਲ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | |
|---|---|---|---|---|
| 1 | 227-2025-26-ADEN-I-ASR | ਅੰਮ੍ਰਿਤਸਰ ਵਰਕਸ਼ਾਪ ਵਿਚ ਟੁਟੀ ਸੜਕ ਦੀ ਮੁਰੰਮਤ, ਨਾਲੀ ਦੇ ਢੱਕਣ ਦੀ ਮੁਰੰਮਤ, ਲੀਕ ਹੋ ਰਹੀ/ਟੁਟੀ ਹੋਈ ਛੱਤ ਦੀ ਚਾਦਰ ਅਤੇ ਨਾਲੀਆਂ ਦੀ ਮੁਰੰਮਤ ਦਾ ਕੰਮ ਕਾਰਨ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 1,09,28,626.00 | 2,04,700.00 | 60 ਦਿਨ | 12 ਮਹੀਨੇ |
| | ਸਮਾਨ ਨੇਚਰ ਦਾ ਕੰਮ: "ਟ੍ਰੈਕ ਉਸਾਰੀ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ" | | | |
| 2 | 228-2025-26-ADEN-I-ASR | ਨਾਰਦਰਨ ਰੇਲਵੇ ਮੈਕੇਨਿਕਲ ਵਰਕਸ਼ਾਪ ਅੰਮ੍ਰਿਤਸਰ ਵਿਚ ਸਰਵਿਸ ਬਿਲਡਿੰਗ ਦੀ ਇਟ ਦਾ ਕੰਮ, ਪਲਾਸਟਰਿੰਗ, ਪ੍ਰਆਈਟਿੰਗ, ਫਾਲਸ ਸੀਲਿੰਗ, ਅਲਯੂਮਿਨਿਯਮ ਦੇ ਦਰਵਾਜੇ, ਵਾਟਰਪਰੂਫਿੰਗ, ਲਕੜੀ ਦਾ ਕੰਮ, ਪਾਣੀ ਦੀ ਸਪਲਾਈ ਅਤੇ ਸੈਨਿਟਰੀ ਇੰਸਟਾਲੇਸ਼ਨ, ਪੇਂਟਿੰਗ ਦੀ ਮੁਰੰਮਤ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 1,92,20,588.62 | 2,46,100.00 | 60 ਦਿਨ | 12 ਮਹੀਨੇ |
| | ਸਮਾਨ ਨੇਚਰ ਦਾ ਕੰਮ: "ਟ੍ਰੈਕ ਉਸਾਰੀ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ" | | | |
| 3 | 229-2025-26-ADEN-I-ASR | ਸਹਾਇਕ ਮੰਡਲ ਇੰਜੀਨੀਅਰ -ਫਸਟ ਅੰਮ੍ਰਿਤਸਰ ਦੇ ਸੈਕਸ਼ਨ ਵਿਚ ਅਟਾਰੀ ਵਿਚ 15 ਬੇਡ ਵਾਲੇ ਪੁਰਸ਼ ਬੈਰਕ ਦਾ ਪ੍ਰਾਵਧਾਨ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 84,50,589.30 | 1,69,000.00 | 60 ਦਿਨ | 12 ਮਹੀਨੇ |
| | ਸਮਾਨ ਨੇਚਰ ਦਾ ਕੰਮ: "ਟ੍ਰੈਕ ਉਸਾਰੀ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ" | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। — 366/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## OFFICE OF THE DISTRICT & SESSIONS JUDGE, JALANDHAR

# TENDER NOTICE

Separate tenders are invited from reputed, competent and responsible outsource companies/organizations/agencies having sufficient experience in the maintenance and cleanliness of complexes for allotment of work contract for maintenance and cleanliness of respective Judicial Courts Complexes at Jalandhar, Nakodar and Phillaur for period from 01.03.2026 to 28.02.2027. The covered area and the open area for the purpose of maintenance and cleanliness of above said Judicial Complexes is given below:-

| Sr. | Name of the Judicial Court Complex | Covered Area of Complex (including entrance lounges, Staircases/ramps, basement, corridors, rooms, toilets etc. which is required to be cleaned by Sweepers) | Open Area (Required to be cleaned by Sweepers including internal Roads of the Complex etc.) |
|---|---|---|---|
| 1 | Judicial Courts Complex, Jalandhar | 176000 Sq Ft + Newly under construction Court rooms, Covered Area of Judicial & Sessions Record Rooms, Newly constructed building of Judicial Record Room situated in District Administrative Complex, Jalandhar and Newly constructed building of Vulnerable Witness Deposition Centre at Judicial Court Complex, Complex, Jalandhar | 127400 Sq Ft including Judicial Officer Parking, lawn space, Staff Parking, Police parking, litigants parking, etc + Open area of Record Room Complex situated in District Administrative Complex, Jalandhar |
| 2 | Judicial Courts Complex, Nakodar | 79933.19 Sq Ft | 197730.35 Sq Ft |
| 3. | Judicial Courts Complex, Phillaur | 42291.27 Sq Ft + Newly under construction Court rooms | 97414.62 Sq Ft |

Proper and efficient cleaning of the premises have to be done thrice a day and on all days of the week except Sundays, on all the floors of the Complexes including entrance lounges, Staircases/ramps, basement, corridors, rooms, toilets etc. and all sanitary fittings therein, cleaning of windows, dusting of Court Rooms, Doors, Windows, Panes, Grills, Terraces, Protections, removal of webs, sweeping of approaching passages, car garages and parks. Tenderer will be responsible for employment of adequate number of sweepers at Jalandhar, Nakodar and Phillaur. The detailed terms and conditions along with application form can be obtained free of cost from office of undersigned on any working day by hand/by post by sending self addressed adequately stamped envelope. Last date for receipt of tenders is 13.02.2026. Tenders will be opened in the presence of contractors or their authorized representatives on 16.02.2026 at 02:00 PM. This office will not take any responsibility for any postal delay and tenders received after due date will not be accepted. Any other information be obtained from this Office during working hours.

Sd/-

(Nirbhow Singh Gill)

District & Sessions Judge, Jalandhar

4 Feb Page 8.qxd 2/3/2026 10:53 PM Page 1



# ਫਿਰਕੂ ਤਾਕਤਾਂ ਵਿਰੁੱਧ ਸਾਂਝਾ ਮੰਚ ਉਸਾਰਨ ਲਈ ਗੰਭੀਰ ਵਿਚਾਰ-ਚਰਚਾ

**ਸ਼ਾਹਕੋਟ (ਗਿਆਨ ਸੈਦਪੁਰੀ)**- ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸ਼ਾਹਕੋਟ ਵੱਲੋਂ 15 ਫਰਵਰੀ ਨੂੰ ਪੁਰਾਣੀ ਤਹਿਸੀਲ ਦੇ ਮੈਦਾਨ ਵਿੱਚ ਤਰਕਸ਼ੀਲ ਮੇਲਾ ਕਰਵਾਇਆ ਜਾਵੇਗਾ। ਮੇਲੇ ਵਿੱਚ ਉੱਘੇ ਨਾਟਕਕਾਰ ਡਾ. ਸਾਹਿਬ ਸਿੰਘ ਵੱਲੋਂ ਨਾਟਕ ਲੱਛੂ ਕਬਾੜੀਆ ਖੇਡਿਆ ਜਾਵੇਗਾ। ਮੇਲੇ ਦੀ ਸਫਲਤਾ ਲਈ ਤਰਕਸ਼ੀਲ ਸੁਸਾਇਟੀ ਵੱਲੋਂ ਵੱਖ-ਵੱਖ ਜਥੇਬੰਦੀਆਂ ਵੱਲੋਂ ਸਹਿਯੋਗ ਲੈਣ ਲਈ ਅੱਪੂ ਆਰਟ ਪ੍ਰੈਸ ਵਿਖੇ ਇੱਕ ਵਿਸ਼ੇਸ਼ ਇਕੱਤਰਤਾ ਕੀਤੀ ਗਈ। ਇਸ ਇਕੱਤਰਤਾ ਦੇ ਸਬੱਬ ਦੇਸ਼ ਤੇ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਸਿਆਸੀ, ਸਮਾਜੀ ਅਤੇ ਸੱਭਿਆਚਾਰਕ ਖੇਤਰ ਦੀਆਂ ਪਰਿਸਥਿਤੀਆਂ ਬਾਰੇ ਖੁੱਲ੍ਹ ਕੇ ਗੱਲਾਂ ਹੋ ਗਈਆਂ। ਤਰਕਸ਼ੀਲ ਸੁਸਾਇਟੀ ਇਕਾਈ ਸ਼ਾਹਕੋਟ ਦੇ ਪ੍ਰਧਾਨ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ ਦੀ ਪ੍ਰਧਾਨਗੀ ਵਿੱਚ ਹੋਈ ਇਕੱਤਰਤਾ ਵਿੱਚ ਬਾਬਾ ਬੁੱਲੇ ਸ਼ਾਹ ਦੀ ਮਜ਼ਾਰ ਤੋੜਨ ਤੇ ਹੋਰ ਫਿਰਕੂ ਤਾਕਤਾਂ ਦੇ ਜ਼ਹਿਰੀਲੇ ਕਾਰਿਆਂ ਦਾ ਮੂੰਹ ਤੋੜ ਜਵਾਬ ਦੇਣ ਲਈ ਸ਼ਾਹਕੋਟ ਵਿੱਚ ਸਾਂਝਾ ਮੰਚ ਉਸਾਰਨ ਦੀ ਲੋੜ ਬਾਰੇ ਵੀ ਸ਼ਿੱਦਤ ਨਾਲ ਵਿਚਾਰ ਚਰਚਾ ਹੋਈ। ਫੈਸਲਾ ਹੋਇਆ ਕਿ ਲੋਕ ਹਿੱਤਾਂ ਨਾਲ ਜੁੜੀ ਹਰੇਕ ਜਥੇਬੰਦੀ ਨੂੰ ਸਾਂਝੇ ਮੰਚ ਦਾ ਹਿੱਸਾ ਬਣਾਇਆ ਜਾਵੇਗਾ। ਇਕੱਤਰਤਾ ਵਿੱਚ ਤਰਕਸ਼ੀਲ ਮੇਲੇ ਬਾਰੇ



ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ ਨੇ ਦੱਸਿਆ ਕਿ ਡਾ. ਸਾਹਿਬ ਸਿੰਘ ਦੇ ਨਾਟਕ ਤੋਂ ਇਲਾਵਾ ਫੁਲਵਾੜੀ ਸੀਨੀਅਰ ਸੈਕੰਡਰੀ ਸਕੂਲ ਲੋਹੀਆਂ ਖਾਸ ਦੀਆਂ ਵਿਦਿਆਰਥਣਾਂ ਵੱਲੋਂ ਸਾਫ ਸੁਥਰੀਆਂ ਬੋਲੀਆਂ ਦੇ ਆਧਾਰਿਤ ਮਲਵਈ ਗਿੱਧੇ ਦੀ ਪੇਸ਼ਕਾਰੀ ਹੋਵੇਗੀ। ਅਵਤਾਰ ਚੜਿੱਕ ਅਤੇ ਸਾਥੀਆਂ ਵੱਲੋਂ ਭੰਡਾਂ ਦੀ ਪੇਸ਼ਕਾਰੀ ਰਾਹੀਂ ਸਿਆਸੀ ਤੌਰ ਤਰੀਕਿਆਂ 'ਤੇ ਭਰਪੂਰ ਵਿਅੰਗ ਕੱਸੇ ਜਾਣਗੇ। 'ਤਰਕਸ਼ੀਲ' ਦੇ ਸੰਪਾਦਕੀ ਬੋਰਡ ਦੇ ਮੈਂਬਰ ਪਾਲ ਬਾਗਪੁਰ ਨੇ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਬਾਰੇ ਗੱਲਬਾਤ ਕੀਤੀ। ਇਕੱਤਰਤਾ ਵਿੱਚ 'ਤਰਕਸ਼ੀਲ' ਦੇ ਮੁੱਖ ਪ੍ਰਬੰਧਕ ਸੁਖਵਿੰਦਰ ਬਾਗਪੁਰ, ਬਿੱਟੂ ਰੂਪੇਵਾਲੀ, ਜਿੰਦਰ ਬਾਗਪੁਰ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਨਿਰਮਲ ਸਿੰਘ ਮਲਸੀਆਂ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਕਾਮਰੇਡ ਵਰਿੰਦਰ ਪਾਲ ਸਿੰਘ ਕਾਲਾ, ਜਮਹੂਰੀ ਅਧਿਕਾਰ ਸਭਾ ਦੇ ਸੂਬਾ ਕਮੇਟੀ ਮੈਂਬਰ ਗੁਰਮੀਤ ਕੋਟਲੀ, ਡੀਟੀਐਫ ਜ਼ਿਲ੍ਹਾਂ ਜਲੰਧਰ ਦੇ ਆਗੂ ਸੁਖਵਿੰਦਰ ਪ੍ਰੀਤ ਸਿੰਘ, ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰ ਯੂਨੀਅਨ ਦੇ ਆਗੂ ਜਸਬੀਰ ਸਿੰਘ ਸ਼ੀਰਾ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਗੁਰਮੀਤ ਸਿੰਘ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਤਾਰਾ ਸਿੰਘ ਥੰਮੂਵਾਲ, ਕਿਸਾਨ ਆਗੂ ਗੁਰਦੇਵ ਸਿੰਘ ਨਵਾਂ ਕਿਲ੍ਹਾ, ਦੇਸ ਰਾਜ ਜਾਫਰਵਾਲ, ਮਾਸਟਰ ਨਰਿੰਦਰ ਪਾਲ, ਡਾ. ਰੇਸ਼ਮ ਲਾਲ, ਤਰਕਸ਼ੀਲ ਆਗੂ ਅਮਨ ਬਾਗਪੁਰ ਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਨੁਮਾਇੰਦੇ ਸ਼ਾਮਿਲ ਸਨ।



## ਅਕਾਲ ਗਲੈਕਸੀ ਕਾਨਵੈਂਟ ਸਕੂਲ 'ਚ 'ਯੁੱਧ ਨਸ਼ਿਆਂ ਵਿਰੁੱਧ' ਸੈਮੀਨਾਰ ਕਰਵਾਇਆ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਵਾਹਿਗੁਰੂ ਅਕੈਡਮੀ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਸੈਮੀਨਾਰ ਆਯੋਜਿਤ ਕੀਤਾ ਗਿਆ।ਐਂਟੀ ਡਰੱਗ ਦੁਆਬਾ ਕਲੱਬ ਸੰਸਥਾ ਦੇ ਚੇਅਰਮੈਨ ਗਗਨਦੀਪ ਸਿੰਘ ਦੇ ਟੀਮ ਮੈਂਬਰਜ਼ ਅਤੇ ਵਾਹਿਗੁਰੂ ਅਕੈਡਮੀ ਦੇ ਟੀਮ ਮੈਂਬਰਜ਼ ਜਨਰਲ ਮੈਨੇਜਰ ਮੈਡਮ ਅਨੀਤਾ, ਮੈਨੇਜਰ ਮੈਡਮ ਨੀਲਮ ਅਤੇ ਅਸਿਸਟੈਂਟ ਮੈਨੇਜਰ ਮੈਡਮ ਅਨੁਰਾਧਾ ਤੇ ਸਮੂਹ ਟੀਮ ਮੈਂਬਰਜ਼ ਵੱਲੋਂ ਇਹ ਸੈਮੀਨਾਰ ਲਗਾਇਆ ਗਿਆ।ਇਸ ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਇਸ ਤੋਂ ਹੋਣ ਵਾਲੇ ਨੁਕਸਾਨ ਸੰਬੰਧੀ ਜਾਣੂ ਕਰਵਾਇਆ ਗਿਆ ਅਤੇ ਤੰਦਰੁਸਤ ਸਿਹਤ ਲਈ ਚੰਗੀ ਖੁਰਾਕ, ਕਸਰਤ ਆਦਿ ਨੂੰ ਆਪਣੇ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਸ਼ਾਮਲ ਕਰਨ ਲਈ ਪ੍ਰੇਰਿਤ ਕੀਤਾ।ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਵਿਦਿਆਰਥੀ ਜੋ ਕਿ ਸਾਡੇ ਦੇਸ਼ ਦਾ ਭਵਿੱਖ ਹਨ ਉਹਨਾਂ ਨੂੰ ਅਜਿਹੀਆਂ ਨਸ਼ਿਆਂ ਵਰਗੀਆਂ ਘਾਤਕ ਚੀਜ਼ਾਂ ਤੋਂ ਦੂਰ ਰਹਿਣ ਸੰਬੰਧੀ ਜਾਣਕਾਰੀ ਦੇਣਾ ਅੱਜ ਦੀ ਮੁੱਖ ਲੋੜ ਹੈ ਤਾਂ ਜੋ ਅਸੀਂ ਆਪਣੇ ਸਮਾਜ ਨੂੰ ਖੁਸ਼ਹਾਲ ਰੱਖ ਸਕੀਏ।

# ਲਿਟਲ ਕਿੰਗਡਮ ਸਕੂਲ ਦਾ ਸਥਾਪਨਾ ਦਿਵਸ ਮਨਾਇਆ



**ਅੱਡਾ ਸਰਾਂ/ ਟਾਂਡਾ ਉੜਮੁੜ, (ਜਸਵੀਰ ਕਾਜਲ, ਉਂਕਾਰ ਸਿੰਘ)**- ਲਿਟਲ ਕਿੰਗਡਮ ਇੰਟਰਨੈਸ਼ਨਲ ਸਕੂਲ ਵਿਚ ਸਕੂਲ ਦਾ ਸਥਾਪਨਾ ਦਿਵਸ ਬਹੁਤ ਹੀ ਸ਼ਾਨਦਾਰ, ਉਤਸ਼ਾਹਪੂਰਨ ਤੇ ਖੁਸ਼ਗਵਾਰ ਮਾਹੌਲ ਵਿਚ ਮਨਾਇਆ ਗਿਆ। ਇਸ ਸਮਾਗਮ ਦਾ ਆਯੋਜਨ ਸੰਸਥਾ ਦੇ ਪ੍ਰੈਜ਼ੀਡੈਂਟ ਗਗਨ ਵੈਦ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਤੇ ਪ੍ਰਿੰਸੀਪਲ ਮੀਤਾ ਅਨੰਦ ਦੀ ਯੋਗ ਅਗਵਾਈ ਹੇਠ ਕੀਤਾ ਗਿਆ। ਸਕੂਲ ਨੂੰ ਰੰਗ-ਬਿਰੰਗੇ ਫੁੱਲਾਂ ਤੇ ਗੁਬਾਰਿਆਂ ਨਾਲ ਸਜਾਇਆ ਗਿਆ ਸੀ, ਜਿਸ ਨਾਲ ਪੂਰੇ ਪਰਿਸਰ ਵਿੱਚ ਤਿਉਹਾਰੀ ਰੌਣਕ ਬਣੀ ਰਹੀ। ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਸਵਾਗਤੀ ਗੀਤ ਨਾਲ ਕੀਤੀ ਗਈ।ਜਿਸ ਤੋਂ ਬਾਅਦ ਵਾਈਸ ਚੇਅਰਪਰਸਨ ਨੇਹਾ ਵੈਦ ਹਿਨਾ ਵੈਦ ਅਤੇ ਡਾਇਰੈਕਟਰ ਆਸ਼ੂ ਵੈਦ ਨੇ ਸਟਾਫ ਅਤੇ ਵਿਦਿਆਰਥੀਆਂ ਨੇ ਮਿਲਕੇ ਕੇਕ ਕੱਟਣ ਦੀ ਰਸਮ ਕੀਤੀ । ਇਸ ਉਪਰੰਤ ਬੱਚਿਆਂ ਨੇ ਸੱਭਿਆਚਾਰਕ ਪੇਸ਼ਕਾਰੀਆਂ ਪੇਸ਼ ਕਰਦਿਆਂ ਪੰਜਾਬੀ ਸਭਿਆਚਾਰ, ਸਮਾਜਿਕ ਸਾਂਝ ਅਤੇ ਨੈਤਿਕ ਮੁੱਲਾਂ ਨੂੰ ਦਰਸਾਉਂਦੇ ਨਾਚ, ਗੀਤ ਅਤੇ ਸਕਿੱਟਾਂ ਪੇਸ਼ ਕੀਤੀਆਂ। ਇਸ ਮੌਕੇ ਸਕੂਲ ਦੇ ਉਹ ਵਿਦਿਆਰਥੀ ਜਿਨ੍ਹਾਂ ਨੇ ਸਾਲ ਭਰ ਅਕਾਦਮਿਕ ਖੇਤਰ, ਖੇਡਾਂ, ਡਿਬੇਟ, ਡ੍ਰਾਇੰਗ ਅਤੇ ਹੋਰ ਸਹ-ਪਾਠਕ੍ਰਮ ਗਤਿਵਿਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ, ਉਨ੍ਹਾਂ ਨੂੰ ਮੋਮੈਂਟੋ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਮੀਤਾ ਅਨੰਦ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਲਿਟਲ ਕਿੰਗਡਮ ਇੰਟਰਨੈਸ਼ਨਲ ਸਕੂਲ ਸਿਰਫ਼ ਪਾਠ-ਪੁਸਤਕਾਂ ਦੀ ਸਿੱਖਿਆ ਹੀ ਨਹੀਂ, ਸਗੋਂ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਅੰਤ ਵਿਚ ਸੰਸਥਾ ਦੇ ਪ੍ਰੈਜ਼ੀਡੈਂਟ ਗਗਨ ਵੈਦ ਨੇ ਸਟਾਫ਼ ਮੈਂਬਰਾਂ, ਵਿਦਿਆਰਥੀਆਂ ਅਤੇ ਮਾਪਿਆਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸਕੂਲ ਭਵਿੱਖ ਵਿੱਚ ਵੀ ਗੁਣਵੱਤਾ ਭਰੀ ਸਿੱਖਿਆ, ਅਨੁਸ਼ਾਸਨ ਅਤੇ ਸੰਸਕਾਰਾਂ ਨੂੰ ਪਹਿਲ ਦਿੰਦਿਆਂ ਨਵੀਆਂ ਉਚਾਈਆਂ ਛੂਹੇਗਾ। ਇਸ ਮੌਕੇ ਸੂਰਜ ਸਹੋਤਾ, ਨੀਨਾ ਵਾਲੀਆਂ, ਮਮਤਾ, ਸਰਬਜੀਤ ਕੌਰ, ਸ਼ੀਤਲ ਕੌਰ, ਪਵਨਦੀਪ ਕੌਰ, ਅਰਮਨ ਕੌਰ, ਸੁਖਜਿੰਦਰ ਕੌਰ, ਸਿਮਰਨਦੀਪ ਕੌਰ, ਸੁਰਭੀ ਵਰਮਾ, ਲਖਵੀਰ ਸਿੰਘ, ਗਗਨਦੀਪ ਕੌਰ, ਰਿਤੂ ਲਾਂਬਾ, ਰਜਨੀ, ਮੀਨੂ ਕਤਿਆਲ, ਚਰਨਜੀਤ ਕੌਰ, ਹਰਪ੍ਰੀਤ ਸਿੰਘ, ਨੇਕਤਾ ਸ਼ਰਮਾ, ਅਮਿਤ ਆਦਿ ਮੌਜੂਦ ਸਨ।

## ਬਜਟ ਕਾਰਪੋਰੇਟ ਲਈ ਗੱਫੇ ਤੇ ਲੋਕਾਂ ਲਈ ਬੋਝ ਸਾਬਤ ਹੋਵੇਗਾ : ਪੀਟਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਕੇਂਦਰੀ ਬਜਟ ਨੂੰ ਕੋਰਪਰੇਟ ਪੱਖੀ ਅਤੇ ਲੋਕ ਵਿਰੋਧੀ ਦੱਸਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਕਿਹਾ ਕਿ ਪੇਸ਼ ਕੀਤਾ ਗਿਆ 2026-27 ਦਾ ਬਜਟ ਕਾਰਪੋਰੇਟ ਲਈ ਮੁਨਾਫ਼ਾ ਅਤੇ ਗਰੀਬ ਲੋਕਾਂ ਲਈ ਬੋਝ ਸਾਬਤ ਹੋਵੇਗਾ। ਪੇਸ਼ ਕੀਤੇ ਗਏ ਬਜਟ ਨੇ ਸਪੱਸ਼ਟ ਤੌਰ 'ਤੇ ਪ੍ਰਗਟ ਕਰਦਾ ਹੈ, ਮੋਦੀ ਸਰਕਾਰ ਦਾ ਬਜਟ ਇਸ ਪਹੁੰਚ 'ਤੇ ਅਧਾਰਤ ਹੈ ਗਰੀਬਾਂ ਨੂੰ ਭੁੱਖਾ ਰੱਖਣ ਅਤੇ ਕਾਰਪੋਰੇਟ ਵਰਗਾਂ ਦੇ ਖਜ਼ਾਨੇ ਭਰਨ। ਪੇਂਡੂ ਵਿਕਾਸ, ਖੇਤੀਬਾੜੀ, ਸਿੱਖਿਆ, ਸਿਹਤ ਅਤੇ ਸਮਾਜਿਕ ਭਲਾਈ ਵਰਗੇ ਖੇਤਰਾਂ ਦੇ ਬਜਟਾਂ ਵਿੱਚ ਕਟੌਤੀ ਕੀਤੀ ਗਈ ਹੈ। ਤਰਸੇਮ ਪੀਟਰ ਨੇ ਅੱਗੇ ਕਿਹਾ ਕਿ ਦਲਿਤਾਂ ਅਤੇ ਹਾਸ਼ੀਏ ਤੇ ਧੱਕੇ ਗਏ ਲੋਕਾਂ ਦੇ ਵਿਦਿਆਰਥੀਆਂ ਨੂੰ ਅਣਗੌਲਿਆਂ ਕਰਦਿਆਂ ਮੋਦੀ ਸਰਕਾਰ ਨੇ ਬਜਟ ਤੋਂ ਪਹਿਲਾਂ ਹੀ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਯੋਜਨਾ 'ਤੇ ਰਣਨੀਤਕ ਹਮਲਾ ਕੀਤਾ। ਹੁਣ, ਬਜਟ ਵਿੱਚ ਅਲਾਟ ਕੀਤੇ ਗਏ ਫੰਡ ਨਵੇਂ ਕੰਮਾਂ ਲਈ ਕਾਫ਼ੀ ਨਹੀਂ ਹਨ,ਉਹ ਸਿਰਫ਼ ਪੁਰਾਣੇ ਕਰਜ਼ਿਆਂ ਦੀ ਅਦਾਇਗੀ ਲਈ ਹੀ ਕਾਫ਼ੀ ਹੋਣਗੇ। 125 ਕੰਮਕਾਜੀ ਦਿਨਾਂ ਦੀ ਗਰੰਟੀ ਵਿਵਹਾਰਕ ਤੌਰ 'ਤੇ ਸੰਭਵ ਨਹੀਂ ਹੈ। ਪੁਰਾਣੇ ਕਰਜ਼ਿਆਂ ਦੀ ਅਦਾਇਗੀ ਸਮੇਤ, ਇਸ ਲਈ ਤਿੰਨ ਲੱਖ ਕਰੋੜ ਰੁਪਏ ਦੀ ਲੋੜ ਹੈ। ਪਰ ਸਿਰਫ਼ 95,000 ਕਰੋੜ ਅਲਾਟ ਕੀਤੇ ਗਏ ਹਨ, ਅਸਲ ਵਿੱਚ ਇਹ ਪਿੰਡਾਂ ਦੇ ਗਰੀਬ ਤੇ ਬੇਰੋਜ਼ਗਾਰ ਲੋਕਾਂ ਨਾਲ ਇੱਕ ਧੋਖਾ ਹੈ।

# ਕਿਸ਼ਨਗੜ੍ਹ ਵਿਖੇ ਪ੍ਰਕਾਸ਼ ਪੁਰਬ ਸ਼ਰਧਾਪੂਰਵਕ ਮਨਾਇਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਪੁਰਬ ਸ਼੍ਰੀ ਗੁਰੂ ਰਵਿਦਾਸ ਭਵਨ ਗੁਰਦੁਆਰਾ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਸਾਧ ਸੰਗਤ ਦੇ ਸਰਬ ਸਾਂਝੇ ਸਹਿਯੋਗ



ਨਾਲ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ।ਇਕ ਫਰਵਰੀ ਦਿਨ ਐਤਵਾਰ ਨੂੰ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਹਰਿ ਦੇ ਚਿੰਨ੍ਹ ਵਾਲੇ ਨਿਸ਼ਾਨ ਸਾਹਿਬ ਚੜ੍ਹਾਏ ਗਏ।ਇਸ ਮੌਕੇ ਸ਼੍ਰੀ ਅਖੰਡ ਪਾਠਾਂ ਦੇ ਭੋਗ ਪਾਉਣ ਉਪਰੰਤ ਭਾਈ ਰਵਿੰਦਰਪਾਲ ਸਿੰਘ ਰਵੀ ਕਿਸ਼ਨਗੜ੍ਹ ਵਾਲੇ, ਬੀਬੀ ਦਲਜੀਤ ਕੌਰ ਹੁਸ਼ਿਆਰਪੁਰ ਵਾਲੇ ਅਤੇ ਭਾਈ ਮੇਜਰ ਸਿੰਘ ਹੁਸ਼ਿਆਰਪੁਰ ਵਾਲਿਆਂ ਦੇ ਕੀਰਤਨੀ ਅਤੇ ਰਾਗੀ ਜਥਿਆਂ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਗੁਰਬਾਣੀ ਦੇ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਦੌਰਾਨ ਪਿੰਡ ਦੇ ਨੰਨੇ ਮੁੰਨੇ ਤੇ ਹੋਣਹਾਰ ਬੱਚਿਆਂ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ।ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਤੇ ਸੰਬੰਧ ਵਿੱਚ ਸੰਗਤਾਂ ਵੱਲੋਂ ਕੇਕ ਕੱਟੇ ਗਏ ਅਤੇ ਚਾਹ ਪਕੌੜਿਆਂ ਦੇ ਲੰਗਰ ਲਗਾਏ ਗਏ।ਇਸ ਮੌਕੇ ਸਰਪੰਚ ਡਾ: ਗੁਰਬਖਸ਼ ਸਿੰਘ ਸਵਾਮੀ, ਕਰਮਜੀਤ ਕੌਰ, ਪਿਆਰਾ ਸਿੰਘ, ਗੁਰਮੀਤ ਕੌਰ, ਪਰਮਜੀਤ ਕੁਮਾਰ (ਚਾਰੇ ਸਾਬਕਾ ਸਰਪੰਚ), ਸੇਵਾ ਮੁਕਤ ਪ੍ਰਿੰਸੀਪਲ ਧਰਮਪਾਲ, ਜਸਵੀਰ ਕੌਰ, ਕਾਂਤਾ ਦੇਵੀ, ਨਰਿੰਦਰ ਸਿੰਘ, ਮਨਜੀਤ ਕੌਰ, ਚੰਦ ਬੱਲੀ, ਅਮਨਦੀਪ ਹਨੀ (ਸਾਰੇ ਪੰਚ), ਨੰ: ਬਹਾਦਰ ਚੰਦ, ਸਾਬਕਾ ਪੰਚ ਕੇਵਲ ਕ੍ਰਿਸ਼ਨ, ਸਤਿੰਦਰ ਪਾਲ ਸਾਬਕਾ ਪੰਚ, ਗੁਰਵੀਰ ਢਿੱਲੋਂ, ਅਮਨਦੀਪ ਸੋਂਧੀ, ਅੰਮ੍ਰਿਤਪਾਲ ਸੋਂਧੀ, ਰੋਹਿਤ ਮਹੇ, ਅਕਸ਼ੇ ਮਹੇ, ਮਨਿੰਦਰ ਮਹੇ ਪਰਮਜੀਤ ਸਿੰਘ ਕੰਬੋਜ, ਬੂਟਾ ਰਾਮ ਮਹੇ ਅਤੇ ਕੁਲਦੀਪ ਕੁਮਾਰ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸਮੂਹ ਨਗਰ ਨਿਵਾਸੀ ਸੰਗਤਾਂ ਹਾਜ਼ਰ ਸਨ।

## ਖਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਫੂਡ ਸਟਾਲ ਲਗਾਇਆ



**ਮਾਹਿਲਪੁਰ, (ਸਢਰੀ)**- ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚੱਲਦੇ ਫੂਡ ਪ੍ਰੋਡਕਸ਼ਨ ਤੇ ਮੈਨੇਜਮੈਂਟ ਵਿਭਾਗ ਦੇ ਵਿਦਿਆਰਥੀਆਂ ਵੱਲੋਂ 'ਖਾਣ ਪੀਣ ਦੀ ਸ਼ੁੱਧਤਾ ਅਤੇ ਭੋਜਨ ਪਰੋਸਣ ਦੀ ਕੁਸ਼ਲ ਪੇਸ਼ਕਾਰੀ' ਥੀਮ 'ਤੇ ਫੂਡ ਸਟਾਲ ਲਗਾਇਆ ਗਿਆ। ਇਸ ਮੌਕੇ ਵਿਭਾਗ ਦੇ ਵਿਦਿਆਰਥੀਆਂ ਨੇ ਬੇਕਰੀ ਨਾਲ ਸੰਬੰਧਤ ਵੱਖ ਵੱਖ ਪਕਵਾਨਾਂ ਨੂੰ ਪੇਸ਼ ਕੀਤਾ। ਇਸ ਮੌਕੇ ਪਰਵਾਸੀ ਭਾਰਤੀ ਦਲਜੀਤ ਸਿੰਘ ਸਹੋਤਾ, ਖੇਡ ਪ੍ਰਮੋਟਰ ਰੌਸ਼ਨਜੀਤ ਸਿੰਘ ਪਨਾਮ, ਵਿੰਗ ਕਮਾਂਡਰ ਹਰਦੇਵ ਸਿੰਘ ਢਿਲੋਂ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਤੇ ਵਿਦਿਆਰਥੀਆਂ ਦੇ ਉੱਦਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਾਲਜ ਦੇ ਪ੍ਰਬੰਧਕਾਂ ਨੂੰ ਅਜਿਹੇ ਕੋਰਸ ਸ਼ੁਰੂ ਕਰਨ 'ਤੇ ਸ਼ੁੱਭ ਕਾਮਨਾਵਾਂ ਦਿੱਤੀਆਂ। ਫੂਡ ਸਟਾਲ ਦੇ ਉਦਘਾਟਨ ਮੌਕੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਪ੍ਰੋਫੈਸ਼ਨਲ ਕੋਰਸਾਂ ਵਿੱਚ ਦਾਖਲਾ ਲੈ ਕੇ ਵਿਦਿਆਰਥੀ ਆਪਣੇ ਘਰ ਤੋਂ ਹੀ ਰੁਜ਼ਗਾਰ ਦੀਆਂ ਨਵੀਆਂ ਸੰਭਾਵਨਾਵਾਂ ਨਾਲ ਜੁੜ ਸਕਦੇ ਹਨ ਤੇ ਖਾਣ ਪੀਣ ਦੀ ਸ਼ੁੱਧਤਾ ਨਾਲ ਤੰਦਰੁਸਤ ਜੀਵਨ ਦੀ ਸੇਧ ਵੀ ਦੇ ਸਕਦੇ ਹਨ। ਇਸ ਮੌਕੇ ਵਿਭਾਗ ਦੇ ਸੰਚਾਲਕ ਅਫ਼ਸਰ ਮਹਾਜਨ ਨੇ ਕਿਹਾ ਕਿ ਦਸਵੀਂ ਅਤੇ ਬਾਰ੍ਹਵੀਂ ਤੋਂ ਬਾਅਦ ਵਿਦਿਆਰਥੀ ਕਾਲਜ ਵਿੱਚ ਚੱਲਦੇ ਫੂਡ ਪ੍ਰੋਡਕਸ਼ਨ ਨਾਲ ਜੁੜੇ ਕੋਰਸਾਂ ਵਿੱਚ ਹਿੱਸਾ ਲੈ ਕੇ ਰੁਜ਼ਗਾਰ ਦੇ ਨਵੇਂ ਮੌਕੇ ਸਿਰਜ ਸਕਦੇ ਹਨ। ਇਸ ਮੌਕੇ ਡਾ ਜੇ ਬੀ ਸੇਖੋਂ, ਪ੍ਰੋ. ਰਾਜਵਿੰਦਰ ਕੌਰ ਸਮੇਤ ਫੂਡ ਪ੍ਰੋਡਕਸ਼ਨ ਅਤੇ ਮੈਨੇਜਮੈਂਟ ਵਿਭਾਗ ਦੇ ਵਿਦਿਆਰਥੀ ਹਾਜ਼ਰ ਸਨ।

## ਰਾਸ਼ਟਰੀ ਵੋਟਰ ਦਿਵਸ ਮਨਾਇਆ



**ਮਾਹਿਲਪੁਰ, (ਸਢਰੀ)**- ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਰਾਸ਼ਟਰੀ ਵੋਟਰ ਦਿਵਸ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰ. ਡਾ ਪਰਵਿੰਦਰ ਸਿੰਘ, ਐੱਨ ਐੱਸ ਐੱਸ ਯੂਨਿਟ ਦੇ ਇੰਚਾਰਜ ਡਾ. ਬਲਵੀਰ ਕੌਰ, ਡਾ. ਰਾਜਿੰਦਰ ਪ੍ਰਸਾਦ, ਪ੍ਰੋ. ਜਸਦੀਪ ਕੌਰ ਨੇ ਵਿਦਿਆਰਥੀਆਂ ਨਾਲ ਰਾਸ਼ਟਰੀ ਵੋਟਰ ਦਿਵਸ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਵਿੱਚ ਵੋਟ ਪ੍ਰਣਾਲੀ ਹੀ ਲੋਕਾਂ ਦੀ ਅਸਲ ਤਾਕਤ ਹੈ। ਇਸ ਵੋਟ ਪ੍ਰਣਾਲੀ ਵਿੱਚ ਯੁਵਕ ਵਰਗ ਨੂੰ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਤਾਂ ਜੋ ਰਾਸ਼ਟਰ ਦੇ ਬਹੁਪੱਖੀ ਵਿਕਾਸ ਲਈ ਚੰਗੇ ਆਗੂਆਂ ਨੂੰ ਤਰਜੀਹ ਦਿੱਤੀ ਜਾ ਸਕੇ। ਬੁਲਾਰਿਆਂ ਨੇ ਕਿਹਾ ਕਿ ਵੋਟਰ ਦਿਵਸ ਸਾਨੂੰ ਧਰਮ, ਜਾਤ ਅਤੇ ਖੇਤਰ ਦੀਆਂ ਵੰਡੀਆਂ ਤੋਂ ਉੱਪਰ ਉੱਠ ਕੇ ਸਮਾਜ ਤੇ ਦੇਸ਼ ਦੀ ਸੇਵਾ ਵਿੱਚ ਜੁਟੇ ਲੋਕਾਂ ਨੂੰ ਸਮਰਥਨ ਦੇਣ ਦਾ ਸੰਦੇਸ਼ ਦਿੰਦਾ ਹੈ। ਇਸ ਮੌਕੇ ਯੂਨਿਟ ਦੇ ਵਲੰਟੀਅਰ ਵਿਦਿਆਰਥੀਆਂ ਨੇ ਵੋਟਰ ਦਿਵਸ ਦੀ ਮਹੱਤਤਾ 'ਤੇ ਸਹੁੰ ਚੁੱਕੀ ਤੇ ਬਿਨ੍ਹਾਂ ਕਿਸੇ ਲਾਲਚ ਜਾਂ ਦਬਾਅ ਤੋਂ ਵੋਟ ਦੇ ਸਹੀ ਇਸਤੇਮਾਲ ਦਾ ਸੰਕਲਪ ਲਿਆ।

## ਫੁੱਟਬਾਲ ਕੱਪ ਤੇ ਖੇਡ ਮੇਲਾ 6 ਤੋਂ

**ਫਿਲੌਰ, (ਨਿਰਮਲ)**- ਸਵ: ਸਰਦਾਰ ਗੁਰਵਿੰਦਰ ਸਿੰਘ ਅਟਵਾਲ ਸਾਬਕਾ ਮੰਤਰੀ ਦੀ ਨਿੱਘੀ ਯਾਦ ਨੂੰ ਸਮਰਪਿਤ ਫੁੱਟਬਾਲ ਅਕੈਡਮੀ ਫਿਲੌਰ ਵੱਲੋਂ 9ਵਾਂ ਫੁੱਟਬਾਲ ਕੱਪ ਤੇ ਖੇਡ ਮੇਲਾ 6,7,8 ਫਰਵਰੀ ਨੂੰ ਸਰਕਾਰੀ ਸਕੂਲ ਲੜਕੇ ਫਿਲੌਰ ਦੀ ਗਰਾਊਂਡ ਵਿੱਚ ਐੱਨ ਆਰ ਆਈ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਮਨੀ ਧਾਰੀਵਾਲ ਫਿਲੌਰ ਨੇ ਦੱਸਿਆ ਕਿ ਫੁੱਟਬਾਲ ਆਲ ਓਪਨ, ਬਾਸਕਿਟਬਾਲ ਆਲ ਓਪਨ, ਵਾਲੀਵਾਲ ਆਲ ਓਪਨ, ਕਬੱਡੀ ਪੰਜਾਬ ਸਟਾਈਲ ਅਤੇ ਰੱਸਾ ਕਸ਼ੀ ਦੇ ਮੁਕਾਬਲੇ ਹੋਣਗੇ। ਫੁੱਟਬਾਲ 17 ਸਾਲ ਪਿੰਡ ਪੱਧਰ, ਫੁਟਬਾਲ ਲੜਕੀਆਂ ਦਾ ਸ਼ੋਅ ਮੈਚ ਹੋਵੇਗਾ ਪ੍ਰਸਿੱਧ ਕਲਾਕਾਰਾਂ ਵੱਲੋਂ ਹਾਜ਼ਰੀ ਲਗਾਈ ਜਾਵੇਗੀ, ਲੰਗਰ ਅਤੁੱਟ ਵਰਤੇਗਾ। ਜੇਤੂ ਟੀਮਾਂ ਨੂੰ ਵੱਡੇ ਨਗਦ ਇਨਾਮ ਤੇ ਵਿਸ਼ੇਸ਼ ਸਨਮਾਨਾਂ ਨਾਲ ਨਿਵਾਜਿਆ ਜਾਵੇਗਾ।

# ਮੁਫਤ ਮੈਡੀਕਲ ਕੈਂਪ ਲਗਾਇਆ




**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਮਾਨਯੋਗ ਡਾਇਰੈਕਟਰ ਆਯੁਰਵੇਦਾ ਪੰਜਾਬ ਡਾਕਟਰ ਰਮਨ ਖੰਨਾ ਦੇ ਹੁਕਮਾਂ ਤੇ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਹੁਸ਼ਿਆਰਪੁਰ ਡਾਕਟਰ ਸੁਰਿੰਦਰ ਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਪਿੰਡ ਢਾਡਾ ਕਲਾਂ ਵਿਖੇ ਆਯੂਸ਼ ਕੈਂਪ ਡਾਕਟਰ ਅਮਰਪ੍ਰੀਤ ਕੌਰ ਇੰਚਾਰਜ ਜੀ ਏ ਡੀ ਢਾਡਾ ਕਲਾਂ ਦੀ ਅਗਵਾਈ ਵਿੱਚ ਕੀਤਾ ਗਿਆ।ਇਸ ਕੈਂਪ ਦਾ ਉਦਘਾਟਨ ਸਾਬਕਾ ਸਰਪੰਚ ਕੁਲਵਿੰਦਰ ਸਿੰਘ, ਨੰਬਰਦਾਰ ਜਸਕਮਲ ਸਿੰਘ, ਗੁਰਦੀਪ ਸਿੰਘ, ਸੁਰਜੀਤ ਸਿੰਘ, ਗੁਰਿੰਦਰ ਸਿੰਘ, ਪ੍ਰਧਾਨ ਗੁਰਦੁਆਰਾ ਸਿੰਘ ਸਭਾ ਸੁਖਦੇਵ ਸਿੰਘ ਮੈਂਬਰ ਵੈਲਫੇਅਰ ਸੋਸਾਇਟੀ ਅਤੇ ਸੁਖਵਿੰਦਰ ਸਿੰਘ ਸਮਾਜ ਸੇਵੀ ਨੇ ਸਾਂਝੇ ਤੌਰ ਤੇ ਕੀਤਾ।ਇਸ ਕੈਂਪ ਵਿੱਚ ਆਯੁਰਵੈਦਿਕ ਵਿਭਾਗ ਦੇ ਡਾਕਟਰ ਸਰਬਜੀਤ ਸਿੰਘ, ਡਾਕਟਰ ਮੁਕੇਸ਼ ਧੀਮਾਨ, ਹੋਮਿਓਪੈਥੀ ਵਿਭਾਗ ਦੇ ਡਾਕਟਰ ਉਂਕਾਰ ਸਿੰਘ, ਡਾਕਟਰ ਸੀਮਾ ਨੇ ਕੁੱਲ 665 ਮਰੀਜ਼ਾਂ ਦਾ ਚੈੱਕਅਪ ਕੀਤਾ।ਜਾਂਚ ਉਪਰੰਤ ਉਪਵੈਦ ਅਮਨਜੋਤ ਕੌਰ, ਪ੍ਰੀਤੀ ਸ਼ਰਮਾ, ਹੋਮਿਓਪੈਥੀ ਡਿਸਪੈਂਸਰ ਪਵਨ ਕੁਮਾਰ, ਉਂਕਾਰ ਸਿੰਘ ਵਲੋਂ ਆਯੁਰਵੈਦਿਕ ਅਤੇ ਹੋਮਿਓਪੈਥੀ ਦਵਾਈਆਂ ਮਰੀਜ਼ਾਂ ਨੂੰ ਦਿੱਤੀਆਂ ਗਈਆਂ।ਵਾਰਡ ਅਟੈਂਡੈਂਟ ਸੁਰਿੰਦਰਜੀਤ ਕੌਰ, ਸੰਦੀਪ ਕੁਮਾਰ ਵੱਲੋਂ ਕੈਂਪ ਵਿੱਚ ਸੇਵਾਵਾਂ ਦਿੱਤੀਆਂ ਗਈਆਂ।ਇਸ ਕੈਂਪ ਵਿੱਚ 160 ਮਰੀਜ਼ਾਂ ਦਾ ਐੱਚ ਬੀ ਤੇ ਸ਼ੂਗਰ ਦਾ ਵੀ ਚੈੱਕਅਪ ਕੀਤਾ ਗਿਆ।ਕੈਂਪ ਇੰਚਾਰਜ ਡਾਕਟਰ ਅਮਰਪ੍ਰੀਤ ਕੌਰ ਵੱਲੋਂ ਲੋਕਾਂ ਨੂੰ ਆਯੁਰਵੇਦ ਅਤੇ ਯੋਗ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ।

# ਸਿੱਧੂ ਪਰਵਾਰ ਨੇ 11 ਲੋੜਵੰਦ ਜੋੜਿਆਂ ਦੇ ਵਿਆਹ ਕਰਵਾਏ

**ਸ਼ਾਹਕੋਟ (ਗਿਆਨ ਸੈਦਪੁਰੀ)**- ਨੇੜਲੇ ਪਿੰਡ ਸਲੈਚਾਂ ਦੇ ਸਿੱਧੂ ਭਰਾਵਾਂ ਨੇ ਲੋੜਵੰਦ ਪਰਵਾਰਾਂ ਦੇ 11 ਜੋੜਿਆਂ ਦੇ ਵਿਆਹ ਕਰਵਾਏ।ਸਵਰਗਵਾਸੀ ਸਵਰਨ ਸਿੱਧੂ ਦੇ ਪੁੱਤਰਾਂ ਬਿੱਟੂ ਸਿੱਧੂ, ਭੂਸ਼ਣ ਸਿੱਧੂ ਅਤੇ ਵਿਜੇ ਸਿੱਧੂ (ਯੂ ਕੇ) ਦੇ ਸੱਦੇ 'ਤੇ ਸਿਆਸੀ, ਸਮਾਜੀ, ਧਾਰਮਿਕ ਸ਼ਖਸ਼ੀਅਤਾਂ ਤੇ ਇਲਾਕੇ ਦੇ ਹੋਰ ਬਹੁਤ ਸਾਰੇ ਵਿਅਕਤੀਆਂ ਨੇ ਵਿਆਹ ਸਮਾਗਮ ਵਿੱਚ ਹਾਜ਼ਰੀ ਭਰੀ।ਵਿਆਹੇ ਜਾਣ ਵਾਲੇ ਜੋੜਿਆਂ ਦੇ ਆਨੰਦ ਕਾਰਜ ਗੁਰਦੁਆਰਾ ਸਿੰਘ ਸਭਾ ਸੈਦਪੁਰ ਝਿੜੀ ਵਿਖੇ ਕਰਵਾਏ ਗਏ। ਆਨੰਦ ਕਾਰਜ ਦੀਆਂ ਰਸਮਾਂ ਉਪਰੰਤ ਵਿਆਹੇ ਜੋੜੇ ਤੇ ਉਨ੍ਹਾਂ ਦੇ ਪਰਵਾਰ ਪਰਜੀਆਂ ਰੋਡ 'ਤੇ ਸਥਿਤ ਐੱਸ ਐੱਸ ਮੋਮੀ ਫਾਰਮ ਪਹੁੰਚੇ। ਇੱਥੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, 'ਆਪ' ਦੇ ਹਲਕਾ ਇੰਚਾਰਜ ਪਰਮਿੰਦਰ ਸਿੰਘ ਪਿੰਦਰ ਪਡੋਰੀ, ਵੱਖ-ਵੱਖ ਨਿਹੰਗ ਸਿੰਘ ਜਥੇਬੰਦੀਆਂ ਦੇ ਕੌਮੀ ਆਗੂ ਬਲਬੀਰ ਸਿੰਘ ਚੀਮਾ, ਡਾ. ਬੀ ਆਰ ਅੰਬੇਡਕਰ ਆਰਮੀ ਦੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਢੰਡੋਵਾਲ, ਮਾਰਕੀਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਸੁਰਿੰਦਰਜੀਤ ਸਿੰਘ ਚੱਠਾ, ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ ਪਹੁੰਚੇ। ਇਹਨਾਂ ਸਭਨਾਂ ਨੇ ਵਿਆਹੇ ਜਾਣ ਵਾਲੇ ਜੋੜਿਆਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਵਧਾਈ ਦਿੱਤੀ ਤੇ ਸਿੱਧੂ ਭਰਾਵਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਆਹ ਸਮਾਗਮ ਨੂੰ ਰੌਣਕਿਲਾ ਬਣਾਉਣ ਲਈ ਸੰਗੀਤਕ ਪ੍ਰੋਗਰਾਮ ਵੀ ਕਰਵਾਇਆ ਗਿਆ। ਮੰਚ ਸੰਚਾਲਕ ਦੇ



ਫਰਜ਼ ਮੰਗਾ ਕੋਟਲੀ ਨੇ ਬਾਖੂਬੀ ਨਿਭਾਏ। ਮਸ਼ਹੂਰ ਗਾਇਕਾ ਭਾਰਤੀ ਸ਼ਰਮਾ ਨੇ ਵਿਆਹ ਵੇਲੇ ਗਾਏ ਜਾਂਦੇ ਗੀਤਾਂ ਤੋਂ ਲੈ ਕੇ ਹੋਰ ਸੱਭਿਆਚਾਰਕ ਗੀਤਾਂ ਰਾਹੀਂ ਖੂਬ ਰੌਣਕ ਲਾਈ। ਕੁਲਦੀਪ ਰੰਧਾਵਾ ਤੇ ਦਵਿੰਦਰ ਦਿਓਲ ਦੀ ਗਾਇਕ ਜੋੜੀ ਨੇ ਦਰਜਨਾਂ ਸੋਲੋ ਗੀਤ ਤੇ ਦੁਗਾਣਿਆਂ ਰਾਹੀਂ ਸੰਗੀਤ ਦੇ ਵੱਖਰੇ ਵੱਖਰੇ ਰੰਗ ਬਿਖੇਰੇ। ਸਿੱਧੂ ਭਰਾਵਾਂ ਵੱਲੋਂ ਗਾਇਕਾਂ ਤੇ ਹੋਰ ਪਤਵੰਤਿਆਂ ਦਾ ਸਨਮਾਨ ਵੀ ਕੀਤਾ ਗਿਆ। ਵਿਆਹ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਠੇਕੇਦਾਰ ਹਰਮੇਸ਼ ਗੁੱਜਰ, ਸੁਖਦੀਪ ਸਿੰਘ ਕੰਗ ਪੀ ਏ, ਬਲਜੀਤ ਸਿੰਘ ਗਿੱਲ ਐੱਮ ਐੱਚ ਟੀ ਟਰਾਂਸਪੋਰਟ, ਬਲਕਾਰ ਸਿੰਘ ਗੋਰਾ ਟ੍ਰਾਂਸਪੋਰਟਰ ਪਟਿਆਲਾ ਐਕਸਪ੍ਰੈਸ, ਜਨਕ ਰਾਜ ਐੱਸ ਐੱਚ ਓ ਕੋਟ ਈਸੇ ਖਾਂ, ਗੁਰਮੇਲ ਸਿੰਘ ਸਬ ਇੰਸਪੈਕਟਰ ਇਨਚਾਰਜ ਸਾਂਝ ਕੇਂਦਰ ਮੋਗਾ, ਸੁੱਚਾ ਸਿੰਘ ਨਿੱਝਰ, ਜਤਿੰਦਰਜੀਤ ਸਿੰਘ ਡੀ ਐੱਸ ਪੀ, ਬਲਬੀਰ ਸਿੰਘ ਜੇਲ੍ਹ ਸੁਪਰਡੈਂਟ ਲੁਧਿਆਣਾ, ਕਿੱਕਰ ਸਿੰਘ ਲੁਧਿਆਣਾ, ਪ੍ਰਿੰਸ, ਜਸਬੀਰ ਸਿੰਘ ਬਿੰਦ ਜੋਗੇਵਾਲ, ਬਾਬਾ ਨਿੰਦ, ਜਸਵੀਰ ਸਿੰਘ ਜੱਸਾ ਬਾਬਾ, ਤਰਸੇਮ ਸਿੰਘ ਧੰਜੂ ਸਰਪੰਚ ਸੈਦਪੁਰ ਝਿੜੀ, ਰਣਬੀਰ ਸਿੰਘ ਰਾਣਾ ਸਾਬਕਾ ਸਰਪੰਚ, ਬੰਟੀ ਬੱਠਲਾ ਪ੍ਰਧਾਨ ਵਾਤਾਵਰਨ ਸੁਧਾਰ ਸੋਸਾਇਟੀ, ਸੋਨੂ ਕਿਲੀ ਨੰਬਰਦਾਰ, ਮਦਨ ਲਾਲ ਅਰੋੜਾ ਸਮਾਜ ਸੇਵਕ, ਪਹਿਲਵਾਨ ਨਛੱਤਰ ਸਿੰਘ ਸੱਤੀ ਢੰਡੋਵਾਲ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋਆਪਰੇਟਿਵ ਸੋਸਾਇਟੀ ਢੰਡਵਾਲ, ਅਰਸ਼ ਖਿੰਡਾ, ਅਮਰਜੀਤ ਬਿੱਟੂ ਸਾਬਕਾ ਸਰਪੰਚ ਹਾਜੀਪੁਰ, ਬਲਦੇਵ ਸਿੰਘ ਸਰਪੰਚ ਹਾਜੀਪੁਰ, ਅਮਨਦੀਪ ਸੈਦਪੁਰੀ, ਬਲਦੇਵ ਰਾਜ ਪੋਕਾ, ਬਿੰਦੂ ਗਿੱਲ, ਨਿਸ਼ਾਨ ਸਿੰਘ ਥੰਮੂਵਾਲ, ਗੋਰਾ ਸੈਦਪੁਰ, ਕ੍ਰਾਂਤੀ ਜੀਤ ਮਹਿਤਪੁਰ, ਲਾਡੀ ਮਿੱਡਾ, ਪਵਨ ਮੀਏਂਵਾਲ ਆਦਿ ਮੌਜੂਦ ਸਨ।

## ਮੇਹਰ ਚੰਦ ਕਾਲਜ ਵਿਖੇ ਪੋਸਟਰ ਬਣਾਉਣ ਦੀ ਗਤੀਵਿਧੀ ਕਰਵਾਈ



**ਜਲੰਧਰ (ਸ਼ੈਲੀ ਐਲਬਰਟ)** ਭਾਰਤ ਦੇ ਮੁੱਖ ਚੋਣ ਕਮੀਸ਼ਨਰ ਦੀਆਂ ਹਦਾਇਤਾਂ ਅਨੁਸਾਰ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਯੋਗ ਅਗਵਾਈ ਵਿੱਚ ਮੇਹਰ ਚੰਦ ਪੋਲੀਟੈਕਨਿਕ ਕਾਲਜ ਵਿਖੇ ਰਾਸ਼ਟਰੀ ਵੋਟਰ ਦਿਵਸ ਦੇ ਮੌਕੇ 'ਤੇ ਪੋਸਟਰ ਬਣਾਉਣ ਦੀ ਗਤੀਵਿਧੀ ਕੀਤੀ ਗਈ । ਨੋਡਲ ਅਫਸਰ ਕਪਿਲ ਓਹਰੀ ਤੇ ਸਵੀਪ ਇੰਚਾਰਜ ਪ੍ਰੀਤ ਕੰਵਲ ਦੁਆਰਾ ਵੋਟ ਦੀ ਮਹੱਤਤਾ ਸੰਬੰਧੀ ਚਾਨਣਾਂ ਪਾਉਦੇਂ ਹੋਏ ਬੱਚਿਆਂ ਨੂੰ ਨਿਡਰਤਾ, ਧਰਮ, ਵਰਗ, ਜਾਤੀ, ਸਮੁਦਾਇ, ਭਾਸ਼ਾ ਜਾਂ ਹੋਰ ਕਿਸੇ ਵੀ ਲਾਲਚ ਦੇ ਪ੍ਰਭਾਵ ਤੋਂ ਬਿਨ੍ਹਾਂ ਆਪਣੇ ਵੋਟ ਦੇ ਇਸਤੇਮਾਲ ਕਰਨ ਦੀ ਗੱਲ ਕਹੀ ਗਈ। ਸਾਰੇ ਵਿਦਿਆਰਥੀਆਂ ਨੇ ਗਤੀਵਿਧੀ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਤੇ ਸ਼ਾਨਦਾਰ ਪੋਸਟਰ ਬਣਾਏ। ਪ੍ਰਿੰਸੀਪਲ ਅਤੇ ਸਾਰੇ ਫੈਕਲਟੀ ਮੈਂਬਰਾਂ ਨੇ ਵਿਦਿਆਰਥੀਆਂ ਦੀ ਬਹੁਤ ਪ੍ਰਸ਼ੰਸਾ ਕੀਤੀ। ਇਸ ਸਮੇਂ ਤੇ ਸੰਜੇ ਬਾਂਸਲ, ਰਾਜੀਵ ਭਾਟੀਆ, ਮੰਜੂ ਮਨਚੰਦਾ, ਅਮਿਤ ਖੰਨਾ, ਰਾਜੀਵ ਸ਼ਰਮਾ, ਨੇਹਾ, ਸਾਰੇ ਬੀ ਐੱਲ ਓ ਤੇ ਹੋਰ ਸ਼ਾਮਿਲ ਸਨ। ਨੋਡਲ ਅਫਸਰ ਕਪਿਲ ਓਹਰੀ, ਪ੍ਰੀਤ ਕੰਵਲ ਤੇ ਸਾਰੇ ਵਿਦਿਆਰਥੀਆਂ ਦੇ ਯਤਨਾਂ ਸਦਕਾ ਇਹ ਪੋਸਟਰ ਬਣਾਉਣ ਸਮਾਰੋਹ ਨੇਪਰੇ ਚੜ੍ਹਿਆ।

## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਅੱਜ

**ਮੋਹਾਲੀ (ਗੁਰਜੀਤ ਬਿੱਲਾ)** ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (4255) ਅਤੇ ਮਾਡਲ ਕਰੀਅਰ ਸੈਂਟਰ, ਐਸ ਏ ਐਸ ਨਗਰ ਵੱਲੋਂ 04 ਫਰਵਰੀ ਬੁਧਵਾਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਕਮਰਾ ਨੰ.461, ਤੀਜੀ ਮੰਜਲ, ਸੈਕਟਰ-76 ਮੋਹਾਲੀ ਵਿਖੇ ਕੀਤਾ ਜਾ ਰਿਹਾ ਹੈ।ਡੀ ਬੀ ਈ ਈ ਐਸ ਏ ਐਸ ਨਗਰ ਦੇ ਡਿਪਟੀ ਡਾਇਰੈਕਟਰ, ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਚੁਣੇ ਗਏ ਪ੍ਰਾਰਥੀਆਂ ਦੀ ਤਨਖਾਹ ਕੰਪਨੀ ਨੋਰਮਜ਼ ਅਨੁਸਾਰ ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਮੋਹਾਲੀ ਹੋਵੇਗਾ।

# ਪੇਂਟਿੰਗ ਮੁਕਾਬਲੇ ਕਰਵਾਏ

**ਜਲੰਧਰ (ਸ਼ੈਲੀ ਐਲਬਰਟ)**- ਵਰਲਡ ਵੈਟਲੈਂਡਜ਼ ਡੇ ਬੋਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰਸਟ ਦੀ 'ਦਿਸ਼ਾ - ਐਨ ਇਨੀਸ਼ੀਏਟਿਵ' ਦੇ ਤਹਿਤ ਇੰਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਦੀ ਐੱਨ ਐੱਸ ਐੱਸ ਇਕਾਈ ਵੱਲੋਂ 'ਵੈਟਲੈਂਡਜ਼ ਐਂਡ ਟ੍ਰੈਡੀਸ਼ਨਲ ਨਾਲਿਜ: ਸੈਲੀਬ੍ਰੇਟਿੰਗ ਕਲਚਰਲ ਹੈਰਿਟੇਜ' ਥੀਮ ਨਾਲ ਵਰਲਡ ਵੈਟਲੈਂਡਜ਼ ਡੇ ਮਨਾਇਆ ਗਿਆ।ਧਰਤੀ ਲਈ ਵੈਟਲੈਂਡਜ਼ ਦੀ ਮਹੱਤਵਪੂਰਨ ਭੂਮਿਕਾ ਤੇ ਉਨ੍ਹਾਂ ਦੀ ਪੁਨਰਸਥਾਪਨਾ ਦੀ ਲੋੜ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵਿਦਿਆਰਥੀ-ਅਧਿਆਪਕਾਂ ਵਿਚਕਾਰ ਇੱਕ ਕ੍ਰੀਏਟਿਵ ਵੈਟਲੈਂਡ ਪੌਟ ਪੇਂਟਿੰਗ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਐਨ. ਐਸ. ਐਸ. ਵੋਲੰਟੀਅਰਜ਼ ਕਵਿਤਾ ਗਿਰੀ ਤੇ ਪੂਰਨਿਮਾ ਸੇਠੀ ਨੇ ਆਪਣੀਆਂ ਰੀਅਲਿਸਟਿਕ ਪੌਟ ਪੇਂਟਿੰਗਜ਼ ਰਾਹੀਂ ਵੈਟਲੈਂਡਜ਼ ਦੀ ਮਹੱਤਤਾ, ਪ੍ਰਬੰਧਨ, ਪੁਨਰਸਥਾਪਨਾ ਤੇ ਉਨ੍ਹਾਂ ਨਾਲ ਪਿਆਰ ਕਰਨ ਦਾ ਸੰਦੇਸ਼ ਫੈਲਾਉਂਦੇ ਹੋਏ ਪਹਿਲਾ ਇਨਾਮ ਹਾਸਲ ਕੀਤਾ।ਕਈ ਲੁਪਤ ਪ੍ਰਜਾਤੀਆਂ ਦੀ ਜ਼ਿੰਦਗੀ ਬਚਾਉਣ ਵਿੱਚ



ਵੈਟਲੈਂਡਜ਼ ਦੀ ਮਹੱਤਤਾ ਨੂੰ ਦਰਸਾਉਂਦੇ ਪ੍ਰਵਾਸੀ ਪੰਛੀਆਂ, ਮੱਛੀਆਂ ਤੇ ਜਾਨਵਰਾਂ ਨੂੰ ਕ੍ਰੀਏਟਿਵ ਢੰਗ ਨਾਲ ਡਿਜ਼ਾਈਨ ਕਰਕੇ ਮੇਘਾ ਸ਼ਰਮਾ, ਰਿਤਿਕਾ ਕੌਰਾ ਅਤੇ ਈਸ਼ਾ ਬਜਾਜ ਨੇ ਦੂਜਾ ਇਨਾਮ ਜਿੱਤਿਆ। ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਦਿੱਤੇ ਗਏ।

# ਦੁਆਬਾ ਜਨਰਲ ਕੈਟਾਗਰੀ ਫਰੰਟ ਵੱਲੋਂ ਮਾਇਆਵਤੀ ਦੇ ਬਿਆਨ ਦੀ ਸ਼ਲਾਘਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਫੁੱਗਲਾਣਾ ਤੇ ਜਨਰਲ ਸਕੱਤਰ ਜਗਤਾਰ ਸਿੰਘ ਭੁੰਗਰਨੀ ਨੇ ਇੱਕ ਸਾਂਝਾ ਬਿਆਨ ਜਾਰੀ ਕਰਦੇ ਹੋਏ ਆਖਿਆ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਕੁਮਾਰੀ ਮਾਇਆਵਤੀ ਦੇ ਉਸ ਬਿਆਨ ਦੀ ਸ਼ਲਾਘਾ ਕੀਤੀ ਹੈ ਜਿਸ ਵਿੱਚ ਮਾਇਆਵਤੀ ਨੇ ਯੂ ਜੀ ਸੀ ਦੇ ਨਵੇਂ ਨਿਯਮਾਂ ਸੰਬੰਧੀ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਨੂੰ ਸਹੀ ਠਹਿਰਾਇਆ ਹੈ ਇਹੋ ਜਿਹੇ ਲੀਡਰਾਂ ਦੀ ਸਮਾਜ ਨੂੰ ਲੋੜ ਹੈ ਜਿਹੜੇ ਕਿ ਸਾਰੇ ਵਰਗਾਂ ਦੇ ਲੋਕਾਂ ਨੂੰ ਬਰਾਬਰ ਸਮਝਦੇ ਹਨ। ਆਗੂਆਂ ਨੇ ਬੀਜੇਪੀ ਦੀ ਅਜਿਹੀ ਘਨੌਣੀ ਕਾਰਵਾਈ ਦੀ ਨਿੰਦਾ ਕੀਤੀ ਹੈ ਜਿਸ ਨੇ ਰਾਹੁਲ ਗਾਂਧੀ ਦੀ ਨਕਲ ਮਾਰਦੇ ਹੋਏ ਜਾਤੀਵਾਦ ਨੂੰ ਬੜਾਵਾ ਦੇਣ ਦੀ ਵਕਾਲਤ ਕੀਤੀ ਹੈ। ਅੱਜ ਦੇ ਸਮੇਂ ਵਿੱਚ ਵੋਟਰ ਬਹੁਤ ਸੂਝਵਾਨ ਹੋ ਗਿਆ ਹੈ। ਉਹ ਜਾਤੀਵਾਦ ਫੈਲਾਉਣ ਵਾਲੀਆਂ ਪਾਰਟੀਆਂ ਨੂੰ ਕਦੇ ਵੀ ਪ੍ਰਵਾਨ ਨਹੀਂ ਕਰੇਗਾ



ਰਾਹੁਲ ਗਾਂਧੀ ਹਮੇਸ਼ਾ ਹੀ ਜਾਤੀ ਜਨ ਗਣਨਾ ਦਾ ਢੰਡੋਰਾ ਪਿੱਟਦੇ ਰਹਿੰਦੇ ਹਨ ਜਦਕਿ ਸਮਾਜ ਵਿੱਚ ਆਰਥਿਕ ਸਰਵੇ ਕਰਾਉਣ ਦੀ ਲੋੜ ਹੈ ਤਾਂ ਕਿ ਰਾਖਵਾਕਰਨ ਅਤੇ ਹੋਰ ਸਹੂਲਤਾਂ ਗਰੀਬਾਂ ਨੂੰ ਦਿੱਤੀਆਂ ਜਾ ਸਕਣ ਭਾਵੇਂ ਉਹ ਕਿਸੇ ਵੀ ਜਾਤੀ ਨਾਲ ਸਬੰਧ ਰੱਖਦੇ ਹੋਣ। ਜੇਕਰ ਰਾਖਵਾਕਰਨ ਦਾ ਆਧਾਰ ਆਰਥਕ ਤੌਰ ਤੇ ਦਿੱਤਾ ਜਾਵੇ ਤਾਂ ਅਨੁਸੂਚਿਤ ਜਾਤੀ ਦੇ ਗਰੀਬਾਂ ਨੂੰ ਵੀ ਫਾਇਦਾ ਹੋਵੇਗਾ ਕਿਉਂਕਿ ਅਨੁਸੂਚਿਤ ਜਾਤੀ ਦੇ ਅਮੀਰ ਲੋਕ ਹੀ ਬਾਰ-ਬਾਰ ਅਤੇ ਪੀੜੀ ਦਰ ਪੀੜੀ ਰਾਖਵੇਂਕਰਨ ਦਾ ਲਾਭ ਲੈਂਦੇ ਆ ਰਹੇ ਹਨ ਜਦਕਿ ਅਜਿਹੀਆਂ ਸਹੂਲਤਾਂ ਦੀ ਲੋੜ ਗਰੀਬ ਲੋਕਾਂ ਨੂੰ ਹੈ।

# ਵਿਸ਼ਵ ਵੈਟਲੈਂਡ ਦਿਵਸ ਮਨਾਇਆ




**ਬਲਾਚੌਰ (ਜਸਵਿੰਦਰ ਬੈਂਸ)**- ਜੰਗਲੀ ਜੀਵ ਰੇਂਜ ਗੜ੍ਹਸ਼ੰਕਰ ਦੇ ਸਟਾਫ ਵੱਲੋਂ ਵਿਸ਼ਵ ਵੇਟਲੈਂਡ ਦਿਵਸ ਦੇ ਮੌਕੇ 'ਤੇ ਪਿੰਡ ਮਹਿਤਪੁਰ ਦੇ ਸਰਕਾਰੀ ਸੈਕੰਡਰੀ ਸਕੂਲ ਅਤੇ ਸ਼ਹੀਦ ਊਧਮ ਸਿੰਘ ਵੇਟਲੈਂਡ ਪਾਰਕ ਵਿਖੇ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਉਲੀਕਿਆ ਗਿਆ। ਇਸ ਸਮਾਗਮ ਵਿੱਚ ਪਿੰਡ ਦੇ ਸਰਪੰਚ ਜੋਗਿੰਦਰ ਸਿੰਘ ਤੇ ਪੰਚ ਸ੍ਰੀ ਅਮਨਪ੍ਰੀਤ ਸਿੰਘ ਸੈਣੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਕੂਲ ਦੇ ਹੈੱਡ ਮਾਸਟਰ ਕਮਲ ਦੇਵ, ਰਾਕੇਸ਼ ਕੁਮਾਰ ਤੇ ਮਨਜੀਤ ਕੌਰ ਨੇ ਵਿਦਿਆਰਥੀਆਂ ਨੂੰ ਵੇਟਲੈਂਡਸ (ਛੰਭਾਂ) ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ?ਵੇਟਲੈਂਡਸ ਨੂੰ 'ਧਰਤੀ ਦੇ ਗੁਰਦੇ' ਕਿਹਾ ਜਾਂਦਾ ਹੈ। ਇਹ ਗੰਦੇ ਪਾਣੀ ਵਿੱਚੋਂ ਪ੍ਰਦੂਸ਼ਕਾਂ ਅਤੇ ਨੁਕਸਾਨਦੇਹ ਤੱਤਾਂ ਨੂੰ ਸੋਖ ਲੈਂਦੇ ਹਨ ਤੇ ਪਾਣੀ ਨੂੰ ਸਾਫ਼ ਕਰਕੇ ਧਰਤੀ ਦੇ ਹੇਠਲੇ ਪੱਧਰ ਤੱਕ ਪਹੁੰਚਾਉਂਦੇ ਹਨ। ?ਵਿਭਾਗ ਵੱਲੋਂ ਫਾਰੈਸਟਰ ਸ੍ਰੀ ਕੁਲਦੀਪ ਚੰਦ ਤੇ ਵਣ ਗਾਰਡ ਸ੍ਰੀ ਜਸਕਰਨ ਸਿੰਘ ਨੇ ਕੁਦਰਤੀ ਸਰੋਤਾਂ ਦੀ ਸੰਭਾਲ 'ਤੇ ਜ਼ੋਰ ਦਿੱਤਾ। ਇਸ ਮੌਕੇ ਬੇਲਦਾਰ ਦਿਲਾਵਰ ਸਿੰਘ, ਗੁਰਦੀਪ ਸਿੰਘ ਤੇ ਡੈਲੀਵੈਜ ਵਰਕਰ ਮਦਨ ਲਾਲ ਵੀ ਹਾਜ਼ਰ ਸਨ। ਬੁਲਾਰਿਆਂ ਨੇ ਦੱਸਿਆ ਕਿ ਪਾਣੀ ਦੇ ਇਨ੍ਹਾਂ ਕੁਦਰਤੀ ਸੋਮਿਆਂ ਨੂੰ ਬਚਾਉਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਆਉਣ ਵਾਲੀਆਂ ਨਸਲਾਂ ਨੂੰ ਸਾਫ਼ ਵਾਤਾਵਰਣ ਮਿਲ ਸਕੇ।

## ਪੀ ਡਬਲਿਊ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਦਾ ਕੈਲੰਡਰ ਰਿਲੀਜ਼



**ਦਸੂਹਾ (ਕਰਨੈਲ ਮਾਂਗਟ)**- ਪੀ ਡਬਲਿਊ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਬਰਾਂਚ ਦਸੂਹਾ ਵੱਲੋ ਪ੍ਰਧਾਨ ਸ਼ਾਂਤੀ ਸਰੂਪ ਦੀ ਅਗਵਾਈ ਹੇਠ ਜਥੇਬੰਦੀ ਦੇ ਕੈਲੰਡਰ ਨੂੰ ਰਿਲੀਜ਼ ਕੀਤਾ ਗਿਆ। ਇਸ ਮੌਕੇ ਤੇ ਪ੍ਰਧਾਨ ਸ਼ਾਂਤੀ ਸਰੂਪ ਨੇ ਕਿਹਾ ਕਿ 4 ਫਰਵਰੀ ਨੂੰ ਜਥੇਬੰਦੀ ਵੱਲੋਂ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਦੇ ਮੁਖੀ ਦੇ ਖਿਲਾਫ ਧਰਨਾ ਦਿੱਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਵਾਟਰ ਸਪਲਾਈ ਮਹਿਕਮੇ ਵਿੱਚ ਜੋ ਇਨ ਲਿਸਟਮੈਂਟ ਤੇ ਸਾਥੀ ਕੰਮ ਕਰ ਰਹੇ ਹਨ। ਉਨਾਂ ਨੂੰ ਮਹਿਕਮੇ ਵਿੱਚ ਰੈਗੂਲਰ ਨਹੀਂ ਕੀਤਾ ਜਾ ਰਿਹਾ ਅਤੇ ਜਿਨਾਂ ਸਾਥੀਆਂ ਦੀ ਮੌਤ ਹੋ ਚੁੱਕੀ ਹੈ, ਉਨਾਂ ਦੇ ਵਾਰਸਾਂ ਨੂੰ ਅਜੇ ਤੱਕ ਨੌਕਰੀ ਨਹੀਂ ਮਿਲੀ ਹੈ। ਉਨਾਂ ਕਿਹਾ ਕਿ ਮਹਿਕਮੇ ਦਾ ਵਿਭਾਗੀ ਮੁਖੀ ਮੰਗਾਂ ਵੱਲ ਬਹੁਤ ਹੀ ਘੱਟ ਧਿਆਨ ਦੀ ਰਿਹਾ ਹੈ , ਜਿਸ ਕਰਕੇ ਦਸੂਹਾ ਬਰਾਂਚ ਵੱਲੋਂ ਵੱਡੀ ਗਿਣਤੀ ਵਿੱਚ ਧਰਨੇ ਵਿੱਚ ਸ਼ਮੂਲੀਅਤ ਕਰਨਗੇ। ਇਸ ਮੌਕੇ ਤੇ ਬਲਵਿੰਦਰ ਸਿੰਘ ਗਿੱਲ, ਹੁਸ਼ਿਆਰ ਸਿੰਘ, ਹਰਵਿੰਦਰ ਸਿੰਘ, ਗੁਰਨਾਮ ਸਿੰਘ, ਭਾਗਮਲ, ਰਛਪਾਲ ਸਿੰਘ, ਹਰੀ ਪ੍ਰਸਾਦ ,ਹਰਮੀਤ ਸਿੰਘ, ਗੁਰਨਾਮ ਸਿੰਘ, ਦੀਪਕ ਕੁਮਾਰ, ਸੁਖਵੰਤ ਸਿੰਘ, ਨਰੇਸ਼ ਕੁਮਾਰ ,ਦੇਸ ਰਾਜ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਅੱਡਾ ਸਰਾਂ (ਜਸਵੀਰ ਕਾਜਲ)** ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ ਉਹਨਾਂ ਦੀ ਸਿੱਖਿਆ ਅਤੇ ਸੰਦੇਸ਼ਾਂ ਨੂੰ ਯਾਦ ਕਰਦੇ ਹੋਏ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਬੀ ਐਨ ਡੀ ਸੀਨੀਅਰ ਸੈਕੰਡਰੀ ਸਕੂਲ ਕੰਧਾਲਾ ਜੱਟਾਂ ਵਿਖੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਸ਼ਰਧਾ ਅਤੇ ਉਤਸ਼ਾਹ ਨਾਲ ਭਾਗ ਲਿਆ।ਪ੍ਰਿੰਸੀਪਲ ਜੈ ਕਿਸ਼ਨ ਮਹਿਤਾਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਇਸ ਖਾਸ ਮੌਕੇ ਦੀ ਵਧਾਈ ਦਿੱਤੀ।ਇਸ ਮੌਕੇ ਇੰਜ ਅਨਿਲ ਮਹਿਤਾ ਅਮਿਤ ਕੁਮਾਰ, ਮੈਡਮ ਰੁਕਸਾਨਾ, ਮੈਡਮ ਨਰਿੰਦਰ ਕੌਰ, ਪੀ ਟੀ ਆਈ ਗੁਰਮੇਲ ਸਿੰਘ, ਗੁਰਜੀਤ ਸਿੰਘ ਜੌੜਾ, ਮੈਡਮ ਰਾਜਵਿੰਦਰ ਕੌਰ, ਜਸਵੀਰ ਕੌਰ, ਵੰਦਨਾ, ਮਨਿੰਦਰ, ਮੋਨਿਕਾ, ਕੋਮਲ, ਗੁਰਬਕਸ਼ ਕੌਰ, ਪਰਮਜੀਤ ਕੌਰ, ਰਾਜਵਿੰਦਰ ਕੌਰ, ਜਾਨਵੀਰ, ਅੰਜਨੀ, ਤਰਸੇਮ ਕੌਰ, ਸਰੋਜ ਬਾਲਾ, ਬਲਜੀਤ ਕੌਰ, ਸੰਦੀਪ ਕੌਰ, ਅਮੀਸ਼ਾ, ਇਕਸ਼ਾ, ਸੁਨੀਤਾ ਤੋਂ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

## ਮਜੀਠੀਆ ਨੂੰ ਜ਼ਮਾਨਤ ਦਾ ਨੰਦ ਲਾਲ ਚੌਧਰੀ ਵੱਲੋਂ ਸਵਾਗਤ



**ਬਲਾਚੌਰ (ਜਸਵਿੰਦਰ ਬੈਂਸ)** ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਨੂੰ ਜ਼ਮਾਨਤ ਦਿੱਤੇ ਜਾਣ ਦੇ ਫੈਸਲੇ ਦਾ ਹਲਕਾ ਬਲਾਚੌਰ ਵਿੱਚ ਭਰਵਾਂ ਸਵਾਗਤ ਕੀਤਾ ਗਿਆ ਹੈ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਰਮਨ ਨੰਦ ਲਾਲ ਚੌਧਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਸ ਨੂੰ ਅਦਾਲਤ ਦਾ ਇਤਿਹਾਸਕ ਫੈਸਲਾ ਅਤੇ 'ਸੱਚਾਈ ਦੀ ਜਿੱਤ' ਕਰਾਰ ਦਿੱਤਾ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪਾਰਟੀ ਵੱਲੋਂ ਨਵੀਆਂ ਨੀਤੀਆਂ ਤਿਆਰ ਕੀਤੀਆਂ ਜਾਣਗੀਆਂ।

## ਡਾ. ਗੁਰਮੇਲ ਸਿੰਘ ਸੰਯੁਕਤ ਡਾਇਰੈਕਟਰ ਖੇਤੀਬਾੜੀ 'ਤੇ ਪਦਉਨਤ

**ਮੋਹਾਲੀ (ਗੁਰਜੀਤ ਬਿੱਲਾ)** ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਸਰਕਾਰ ਵੱਲੋਂ ਡਾ. ਗੁਰਮੇਲ ਸਿੰਘ ਮੁੱਖ ਖੇਤੀਬਾੜੀ ਅਫਸਰ ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਵਿਸ਼ੇਸ ਹੁਕਮਾਂ ਰਾਹੀਂ ਬਤੌਰ ਸੰਯੁਕਤ ਡਾਇਰੈਕਟਰ



ਖੇਤੀਬਾੜੀ ਲਈ ਪਦਉਨਤ ਕੀਤਾ ਗਿਆ ਹੈ।ਡਾ. ਗੁਰਮੇਲ ਸਿੰਘ ਜਿਨ੍ਹਾਂ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋ ਸੁਆਇਲ ਸਾਇੰਸ ਅਧੀਨ ਐਮ ਐਸ ਸੀ ਦੀ ਵਿਦਿਆ ਪ੍ਰਾਪਤ ਕੀਤੀ ਅਤੇ ਸਾਲ 1992 ਵਿੱਚ ਬਤੌਰ ਖੇਤੀਬਾੜੀ ਵਿਕਾਸ ਅਫਸਰ ਭੌਂ ਪਰਖ ਪ੍ਰਯੋਗਸ਼ਾਲਾ ਗੜਸ਼ੰਕਰ ਵਿਖੇ ਜੁਆਇੰਨ ਕੀਤਾ।ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਿੱਚ ਕੰਮ ਕਰਦਿਆਂ ਵੱਖ ਵੱਖ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਉਨ੍ਹਾਂ ਨੂੰ ਦਿੱਤੇ ਗਏ ਸਹਿਯੋਗ ਲਈ, ਖੇਤੀਬਾੜੀ ਮੰਤਰੀ ਪੰਜਾਬ ਅਤੇ ਸਕੱਤਰ ਖੇਤੀਬਾੜੀ ਪੰਜਾਬ ਵੱਲੋਂ ਉਨ੍ਹਾਂ ਨੂੰ ਬਤੌਰ ਸੰਯੁਕਤ ਡਾਇਰੈਕਟਰ ਖੇਤੀਬਾੜੀ ਦੇ ਅਹੁੱਦੇ ਤੇ ਪਦਉਨਤ ਕਰਨ ਲਈ ਧੰਨਵਾਦ ਕੀਤਾ।

# ਭੁੱਲੇਵਾਲ ਗੁੱਜਰਾਂ 'ਚ ਕਰਵਾਇਆ 12ਵਾਂ ਗੋਲਡ ਕੱਪ ਕੁਸ਼ਤੀ ਦੰਗਲ

**ਫਗਵਾੜਾ (ਡਾ. ਰਮਨ)**- ਧੰਨ-ਧੰਨ ਬਾਬਾ ਦੋ ਗੁੱਤਾਂ ਵਾਲਿਆਂ ਦੀ ਨਿੱਘੀ ਯਾਦ ਨੂੰ ਸਮਰਪਿਤ 12ਵਾਂ ਗੋਲਡ ਕੱਪ ਕੁਸ਼ਤੀ ਦੰਗਲ ਹਰ ਸਾਲ ਦੀ ਤਰ੍ਹਾਂ 31 ਜਨਵਰੀ ਤੋਂ 1 ਫਰਵਰੀ ਤੱਕ ਡੇਰਾ ਬਾਬਾ ਦੋ ਗੁੱਤਾਂ ਵਾਲੇ ਪਿੰਡ ਭੁੱਲੇਵਾਲ ਗੁੱਜਰਾਂ (ਮਾਹਿਲਪੁਰ) ਵਿਖੇ ਕਰਵਾਇਆ ਗਿਆ। ਕੁਸ਼ਤੀ ਦੰਗਲ ਦੇ ਉਦਘਾਟਨ ਦੀ ਰਸਮ ਮੁੱਖ ਸੇਵਾਦਾਰਾ ਬਾਬਾ ਮਦਨ ਲਾਲ ਵਲੋਂ ਆਪਣੇ ਕਰ ਕਮਲਾਂ ਨਾਲ ਰਿਬਨ ਕੱਟ ਕੇ ਨਿਭਾਈ ਗਈ। ਕੁਸ਼ਤੀ ਦੰਗਲ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਬਲਜੀਤ ਸਿੰਘ ਬਿਲਨ (ਰਾਏਪੁਰ ਡੱਬਾ), ਪਹਿਲਵਾਨ ਹਰਜੀਤ ਸਿੰਘ (ਮਹਾਂਭਾਰਤ ਕੇਸਰੀ, ਰਾਏਪੁਰ ਡੱਬਾ) ਤੋਂ ਇਲਾਵਾ ਇਸ ਦੰਗਲ ਦੇ ਡਾਇਰੈਕਟਰ ਤੇ ਸਾਬਕਾ ਨੈਸ਼ਨਲ ਕੁਸ਼ਤੀ ਕੋਚ ਪੀ ਆਰ ਸੋਂਧੀ ਨੇ ਦੱਸਿਆ ਕਿ 85+ ਭਾਰ ਵਰਗ ਵਿਚ ਰੁਸਤਮ-ਏ-ਹਿੰਦ ਗੋਲਡ ਕੱਪ ਪਹਿਲਵਾਨ ਵਿੱਕੀ ਮਿਰਚਪੁਰ ਨੇ ਪੁਸ਼ਪਿੰਦਰ ਆਲਮਗੀਰ ਨੇਵੀ ਨੂੰ ਹਰਾ ਕੇ ਜਿੱਤਿਆ। 85 ਕਿਲੋ ਭਾਰ ਵਰਗ ਵਿਚ ਸਚਿਨ ਮੋਰ ਮਿਰਚਪੁਰ ਨੇ ਕਰਨਵੀਰ ਫਗਵਾੜਾ ਨੂੰ ਹਰਾਇਆ। 70 ਕਿਲੋ ਭਾਰ ਵਰਗ ਵਿਚ ਪਹਿਲਵਾਨ ਮੋਹਿਤ ਹਰਿਆਣਾ ਨੇ ਅਨੁਜ ਮਿਰਚੀਪੁਰ ਨੂੰ ਸ਼ਿਕਸਤ ਦਿੱਤੀ। ਇਸੇ ਤਰ੍ਹਾਂ ਲੜਕੀਆਂ ਦੇ 60+ ਕਿਲੋ ਭਾਰ ਵਰਗ ਮੁਕਾਬਲੇ ਵਿੱਚ ਮਾਨਸੀ ਮਿਰਚੀਪੁਰ ਨੇ ਗਰਿਮਾ ਮਿਰਚੀਪੁਰ ਨੂੰ ਹਰਾ ਕੇ ਰੁਸਤਮ-ਏ-ਹਿੰਦ ਗੋਲਡ ਕੱਪ ਆਪਣੇ ਨਾਂਅ ਕੀਤਾ। 60 ਕਿਲੋ ਭਾਰ ਵਰਗ ਸਿਤਾਰਾ-ਏ-ਹਿੰਦ ਮੁਕਾਬਲੇ



ਵਿੱਚ ਆਰਤੀ ਰੋਹਤਕ ਨੇ ਸੁਮਨਪ੍ਰੀਤ ਜਲੰਧਰ ਨੂੰ ਹਰਾਇਆ। ਪੰਜਾਬ ਬਾਲ ਕੇਸਰੀ ਦਾ ਖਿਤਾਬ ਉਦੈ ਪ੍ਰਤਾਪ ਬਿਲਨ ਕਨੇਡਾ ਨੇ ਗੁਰਏਕਮ ਪਟਿਆਲਾ ਨੂੰ ਹਰਾ ਕੇ ਆਪਣੇ ਨਾਮ ਕੀਤਾ। ਲੜਕੀਆਂ ਦੇ ਪੰਜਾਬ ਬਾਲ ਕੇਸਰੀ ਮੁਕਾਬਲੇ ਵਿਚ ਕਨਕ ਜਲੰਧਰ ਨੇ ਰਾਜਵੀਰ ਜਲੰਧਰ ਨੂੰ ਮਾਤ ਦਿੱਤੀ। ਟਾਈਟਲ ਜਿੱਤਣ ਵਾਲੇ ਪਹਿਲਵਾਨਾਂ ਨੂੰ ਨਗਦ ਰਾਸ਼ੀ, ਟੈਗ ਤੇ ਗੁਰਜ ਨਾਲ ਨਵਾਜਿਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਸੰਤ ਬਾਬਾ ਅਮਰੀਕ ਸਿੰਘ ਮਨੰਨਹਾਣਾ ਨੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਸਮਾਗਮ ਦੌਰਾਨ ਸੰਤ ਬਾਬਾ ਅਮਰੀਕ ਸਿੰਘ ਤੋਂ ਇਲਾਵਾ ਸਲਵਿੰਦਰ ਸਿੰਘ ਛਿੰਦਾ ਪੱਟੀ ਰੁਸਤਮ-ਏ-ਪੰਜਾਬ ਮੰਨਣਹਾਣਾ, ਸੰਜੇ ਦਈਆ ਅਰਜੁਨ ਅਵਾਰਡੀ, ਰਵਿੰਦਰ ਨਾਥ ਨੈਸ਼ਨਲ ਗੇਮਜ਼ ਲਾਹੌਰ ਚੈਂਪੀਅਨ 1985, ਬੁੱਧ ਸਿੰਘ ਭੰਗੂ ਪਹਿਲਵਾਨ, ਸਿਲਵਰ ਮੈਡਲ ਫਸਟ ਏਸ਼ੀਅਨ ਚੈਂਪੀਅਨਸ਼ਿਪ 1979, ਗੁਰਮੁਖ ਸਿੰਘ ਪਹਿਲਵਾਨ ਬ੍ਰਾਂਜ ਮੈਡਲ ਏਸ਼ੀਅਨ ਗੇਮਜ਼ 1986, ਜਗਜੀਤ ਸਿੰਘ ਭੋਲਾ ਪਹਿਲਵਾਨ ਭਾਰਤ ਕੇਸਰੀ ਮੰਨਣਹਾਣਾ ਏਸ਼ੀਅਨ ਚੈਂਪੀਅਨਸ਼ਿਪ ਮੈਡਲ 1999 ਤੇਹਰਾਨ, ਪਹਿਲਾਵਾਨ ਸਤੀਸ਼ ਕੁਮਾਰ ਡੀ ਐੱਸ ਪੀ ਸਿਤਾਰਾ-ਏ-ਹਿੰਦ ਮੰਨਣਹਾਣਾ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ। ਸਾਬਕਾ ਓਲੰਪਿਕ ਕੋਚ ਪੀ.ਆਰ. ਸੌਂਧੀ ਨੇ ਦੱਸਿਆ ਕਿ ਐਨ.ਆਰ.ਆਈ. ਪੰਜਾਬ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਵਲੋਂ ਜਿਹੜੇ ਐੱਨ ਆਰ ਆਈ ਪਹਿਲਵਾਨ ਬਾਹਰੋਂ ਆ ਕੇ ਕੁਸ਼ਤੀਆਂ ਕਰਵਾਉਂਦੇ ਹਨ, ਉਹਨਾਂ ਨੂੰ ਹਰੇਕ ਸਾਲ ਸਨਮਾਨਤ ਕੀਤਾ ਜਾਵੇਗਾ। ਇਸੇ ਲੜੀ ਤਹਿਤ ਅੱਜ ਮਹਾਭਾਰਤ ਕੇਸਰੀ ਪਹਿਲਵਾਨ ਹਰਜੀਤ ਸਿੰਘ ਬਿਲਨ ਕਨੇਡਾ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪਰਮਜੀਤ ਸਿੰਘ ਪੰਮਾ, ਅਮਰੀਕ ਸਿੰਘ ਅੰਤਰਰਾਸ਼ਟਰੀ ਪਹਿਲਵਾਨ, ਜਗਵੀਰ ਕੋਚ, ਗੁਰਪ੍ਰੀਤ ਕੌਰ ਕੋਚ, ਸ਼ਿਵ ਕੋਚ, ਰਾਜਿੰਦਰ ਸਿੰਘ ਕੋਚ ਹੁਸ਼ਿਆਰਪੁਰ, ਬੀਰਾ ਰਾਏਪੁਰ ਡੱਬਾ ਕੋਚ, ਰਾਕੇਸ਼ ਕੋਚ, ਅਬਦੁਲ ਸੱਤਾਰ ਕੋਚ, ਜਤਿਨ ਸ਼ੁਕਲਾ, ਸਾਜਨ ਰਾਜਪੂਤ, ਜਸਪ੍ਰੀਤ ਚੰਨੀ, ਪਹਿਲਵਾਨ ਸੰਜੇ ਕੁਮਾਰ ਅਰਜੁਨ ਅਵਾਰਡੀ, ਰਮੇਸ਼ ਗੁਲੀਆ ਅਰਜੁਨ ਅਵਾਰਡੀ, ਅਸ਼ੋਕ ਗਰਗ ਅਰਜੁਨ ਅਵਾਰਡੀ, ਜੈ ਭਗਵਾਨ ਅੰਤਰਾਸ਼ਟਰੀ ਪਹਿਲਵਾਨ, ਮੇਜਰ ਸਿੰਘ ਘੁੰਗਰਾਣਾ, ਮਲਕੀਤ ਸਿੰਘ ਰਿਟਾ. ਐਸ.ਪੀ. ਅਤੇ ਪੰਜਾਬ ਰੈਸਲਿਗ ਐਸੋਸੀਏਸ਼ਨ ਦੇ ਜ਼ਿਲ੍ਹਾ ਸਕੱਤਰ ਗੀਤ ਪ੍ਰੀਤ ਪਾਲ ਸਿੰਘ ਸਮੇਤ ਵੱਡੀ ਗਿਣਤੀ ਵਿਚ ਕੁਸ਼ਤੀ ਪ੍ਰੇਮੀ ਹਾਜ਼ਰ ਸਨ।

4 Feb Page 9.qxd 2/3/2026 10:51 PM Page 1



# ਥਾਣਾ ਢਕੌਲੀ ਖੇਤਰ 'ਚ ਗੋਲੀਆਂ ਚਲਾਉਣ ਵਾਲਾ ਗ੍ਰਿਫ਼ਤਾਰ

**ਮੋਹਾਲੀ (ਗੁਰਜੀਤ ਬਿੱਲਾ)**

ਇੰਸ. ਸਿਮਰਜੀਤ ਸਿੰਘ ਮੁੱਖ ਅਫਸਰ ਥਾਣਾ ਢਕੌਲੀ ਆਪਣੇ ਥਾਣਾ ਏਰੀਆ ਵਿੱਚ ਪੁਲਿਸ ਪਾਰਟੀ ਨਾਲ ਗਸ਼ਤ ਕਰ ਰਿਹਾ ਸੀ, ਤਾਂ ਪੁਲਿਸ ਪਾਰਟੀ ਨੂੰ ਇਤਲਾਹ ਮਿਲੀ ਕਿ ਥਾਣੇ ਦੇ ਏਰੀਏ ਵਿੱਚ ਇੱਕ ਵਿਅਕਤੀ ਵੱਲੋਂ 2 ਵਿਅਕਤੀਆ ਨੂੰ ਗੋਲੀਆਂ ਚਲਾਈਆਂ ਗਈਆਂ ਹਨ, ਜਿਸ ਤੇ ਇਤਲਾਹ ਮਿਲਣ ਪਰ ਉਚ ਅਫਸਰਾਨ ਬਾਲਾ ਨਾਲ ਗੱਲਬਾਤ ਕਰਕੇ ਦੋਸ਼ੀ ਕੁਲਦੀਪ ਸਿੰਘ ਖਿਲਾਫ ਮੈਨਹੰਟ ਸ਼ੁਰੂ ਕੀਤਾ ਗਿਆ, ਜਿਸਦੇ ਤਹਿਤ ਸਾਰੇ ਜ਼ਿਲ੍ਹੇ ਨੂੰ ਅਫਸਰਾਨ ਦੀਆਂ ਟੀਮਾਂ ਬਣਾਕੇ ਸੀਲ ਕਰਕੇ ਨਾਕਾਬੰਦੀ ਕੀਤਾ ਗਈ ਤੇ ਪੀ ਸੀ ਆਰ ਟੀਮਾਂ ਨੂੰ ਐਕਟਿਵੇਟ ਕੀਤਾ ਗਿਆ ਤੇ ਥਾਣਾ ਢਕੌਲੀ ਦੇ ਏਰੀਏ ਵਿੱਚ ਜ਼ਿਲ੍ਹੇ ਦੇ ਕੁੱਝ ਮੁੱਖ ਅਫਸਰਾਨ ਨੂੰ ਸਮੇਤ ਉਨ੍ਹਾਂ ਦੀਆਂ ਟੀਮਾਂ ਨੂੰ ਦੋਸ਼ੀ ਦੀ ਤਲਾਸ਼ ਵਿੱਚ ਲਗਾਇਆ ਗਿਆ ਤੇ ਜ਼ਖਮੀ ਵਿਅਕਤੀਆਂ ਨੂੰ ਮੌਕੇ 'ਤੇ ਪਹੁੰਚ ਕੇ ਪੁਲਸ ਵੱਲੋ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਜਿਨ੍ਹਾਂ ਵਿੱਚੋਂ ਇਕ ਵਿਅਕਤੀ ਪ੍ਰਿੰਸ ਕੁਮਾਰ ਪੁੱਤਰ ਨਰਿੰਦਰ ਕੁਮਾਰ ਵਾਸੀ ਮਕਾਨ ਨੰਬਰ 876 ਸੈਕਟਰ 26 ਪੰਚਕੂਲਾ ਦੀ ਮੌਕੇ ਤੇ ਮੌਤ ਹੋ ਚੁੱਕੀ ਸੀ ਤੇ ਦੂਜੇ ਵਿਅਕਤੀ ਭਾਰਤ ਭੂਸ਼ਣ ਪੁੱਤਰ ਤ੍ਰਿਲੋਕ ਚੰਦ ਵਾਸੀ ਫਲੈਟ ਨੰਬਰ 25-ਬੀ ਮੋਤੀਆ ਹਰਮੋਨੀ ਗ੍ਰੀਨ ਕਿਸ਼ਨਪੁਰਾ ਦੇ ਬਿਆਨ ਪਰ ਬਰਖਿਲਾਫ ਕੁਲਦੀਪ ਸਿੰਘ ਵਾਸੀ ਰਾਧੇ ਹੋਮਜ਼ ਕਿਸ਼ਨਪੁਰਾ ਦੇ ਮੁਕੱਦਮਾ ਆਰਮਜ਼ ਐਕਟ ਥਾਣਾ ਢਕੌਲੀ ਦਰਜ ਰਜਿਸਟਰ ਕੀਤਾ ਗਿਆ ਜੋ ਪਤਾ ਲੱਗਾ ਕਿ ਦੋਸ਼ੀ ਵਿਅਕਤੀ ਕੁਲਦੀਪ ਸਿੰਘ ਜੋ ਕਿ ਬਾਉਂਸਰ ਦਾ ਕੰਮ ਕਰਦਾ ਹੈ, ਤੇ ਜਿਸ ਨਾਲ ਮ੍ਰਿਤਕ ਵਿਅਕਤੀ ਪ੍ਰਿੰਸ ਤੇ ਮੁਦੱਈ ਮੁਕੱਦਮਾ ਭਾਰਤ ਭੂਸ਼ਨ ਦੀ ਤਕਰਾਰ ਬਾਜੀ ਹੋ ਗਈ ਤਾਂ ਤਹਿਸ਼ ਵਿੱਚ ਆ ਕੇ ਕੁਲਦੀਪ ਸਿੰਘ ਨੇ ਆਪਣੇ ਹਥਿਆਰ ਨਾਲ ਦੋਵਾਂ ਪਰ ਗੋਲੀਆ ਨਾਲ ਹਮਲਾ ਕੀਤਾ। ਜ਼ਿਲ੍ਹਾ ਐਸ.ਏ.ਐਸ.ਨਗਰ ਦੀਆਂ ਪੁਲਿਸ ਪਾਰਟੀਆ ਨੇ ਮੁਸ਼ਤੈਦੀ ਨਾਲ 5-6 ਘੰਟੇ ਵਿੱਚ ਖੁਫੀਆ ਸੋਰਸ ਕਾਇਮ ਕਰਕੇ ਹਿਊਮਨ ਇੰਟੈਲੀਜੈਂਸ ਤੇ ਟੈਕਨੀਕਲ ਤਰੀਕੇ ਰਾਹੀ ਦੋਸ਼ੀ ਕੁਲਦੀਪ ਸਿੰਘ ਨੂੰ ਰਾਉਂਡਅਪ ਕਰਕੇ ਗ੍ਰਿਫਤਾਰ ਕੀਤਾ ਗਿਆ ਤੇ ਦੋਸ਼ੀ ਦੇ ਕਬਜ਼ੇ ਵਿੱਚੋ ਉਸ ਦਾ ਲਾਇਸੰਸੀ ਰਿਵਾਲਵਰ .32 ਬੋਰ ਬ੍ਰਾਮਦ ਕੀਤਾ ਗਿਆ ਤੇ ਦੋਸ਼ੀ ਦੇ ਅਸਲਾ ਲਾਇਸੰਸ ਨੂੰ ਰੱਦ ਕਰਨ ਸਬੰਧੀ ਕਾਰਵਾਈ ਸ਼ੁਰੂ ਕੀਤੀ ਗਈ ਹੈ।



# 12 ਦੀ ਹੜਤਾਲ ਦੀ ਤਿਆਰੀ ਲਈ ਜਥੇਬੰਦੀਆਂ ਦੀ ਮੀਟਿੰਗ

**ਬੰਗਾ (ਅਵਤਾਰ ਕਲੇਰ)**- 12 ਫ਼ਰਵਰੀ ਦੀ ਦੇਸ਼ ਵਿਆਪੀ ਹੜਤਾਲ ਨੂੰ ਸਫ਼ਲ ਬਣਾਉਣ ਲਈ ਸਥਾਨਕ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਵਿਖੇ ਜਥੇਬੰਦੀਆਂ ਦੀ ਮੀਟਿੰਗ ਹੋਈ।ਇਸ ਮੀਟਿੰਗ ਵਿੱਚ ਸੀਟੂ, ਇਫਟੂ, ਏਟਕ ਟਰੇਡ ਯੂਨੀਅਨਾਂ ਦੇ ਆਗੂਆਂ, ਮਜ਼ਦੂਰ ਜਥੇਬੰਦੀਆਂ, ਪੈਨਸ਼ਨਰਜ਼ ਯੂਨੀਅਨਾਂ, ਮੁਲਾਜ਼ਮ ਜਥੇਬੰਦੀਆਂ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਨੇ 12 ਫ਼ਰਵਰੀ ਨੂੰ ਬੱਸ ਅੱਡਾ ਨਵਾਂਸ਼ਹਿਰ ਵਿਖੇ ਇੱਕੱਠੇ ਹੋਕੇ 11 ਵਜੇ ਜ਼ਿਲ੍ਹਾ ਪੱਧਰੀ ਰੈਲੀ ਕਰਨ ਅਤੇ ਰੈਲੀ ਦੇ ਸਮਾਪਤੀ ਉਪਰੰਤ ਸ਼ਹਿਰ ਵਿੱਚ ਮੁਜ਼ਾਹਰਾ ਕਰਨ ਦਾ ਫ਼ੈਸਲਾ ਕੀਤਾ।ਇਸ ਦੀ ਪ੍ਰਧਾਨਗੀ ਜਸਵੰਤ ਸਿੰਘ ਸੈਣੀ, ਅਵਤਾਰ ਸਿੰਘ ਤਾਰੀ, ਨਿਰੰਜਨ ਦਾਸ ਮੇਹਲੀ ਅਤੇ ਕੁਲਦੀਪ ਸਿੰਘ ਦੌੜਕਾ ਨੇ ਕੀਤੀ। ਇਸ ਮੀਟਿੰਗ ਨੂੰ ਇਫ਼ਟੂ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੀਟੂ ਦੇ ਸੂਬਾ ਸਕੱਤਰ ਮਹਾਂ ਸਿੰਘ ਰੌੜੀ, ਮਾਸਟਰ ਪ੍ਰੇਮ ਰੱਕੜ,ਏਟਕ ਦੇ ਆਗੂ ਗੁਰਮੇਲ ਰਾਮ, ਰਾਮ ਆਸਰਾ, ਪੈਨਸ਼ਨਰ ਯੂਨੀਅਨ ਦੇ ਆਗੂ ਕੁਲਵਿੰਦਰ ਸਿੰਘ ਅਟਵਾਲ,ਵਿਜੇ ਕੁਮਾਰ, ਨਰਿੰਦਰ ਮਹਿਤਾ, ਇਫਟੂ ਦੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ, ਜ਼ਿਲ੍ਹਾ ਸਕੱਤਰ ਪ੍ਰਵੀਨ ਕੁਮਾਰ ਨਿਰਾਲਾ, ਆਂਗਣਵਾੜੀ ਮੁਲਾਜ਼ਮ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਲਖਵਿੰਦਰ ਕੌਰ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਕਮਲਜੀਤ ਸਨਾਵਾ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਭੰਗਲ, ਦਿਹਾਤੀ ਮਜ਼ਦੂਰ ਸਭਾ ਦੇ ਸੁਰਿੰਦਰ ਭੱਟੀ, ਜਮਹੂਰੀ ਕਿਸਾਨ ਸਭਾ ਦੇ ਸਤਨਾਮ ਸਿੰਘ ਗਲਾਟੀ, ਜੰਗਲਾਤ ਵਰਕਰਜ਼ ਯੂਨੀਅਨ ਦੇ ਸਤਪਾਲ, ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਜੀਤ ਲਾਲ ਗੋਹਲੜੋਂ, ਅਸ਼ੋਕ ਕੁਮਾਰ, ਜੋਗਾ ਸਿੰਘ, ਗੁਰਦਿਆਲ ਸਿੰਘ, ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ ਨੇ ਸੰਬੋਧਨ ਕੀਤਾ। ਆਗੂਆਂ ਨੇ ਕਿਹਾ ਕਿ ਹੜਤਾਲ ਨੂੰ ਸਫ਼ਲ ਬਣਾਉਣ ਲਈ ਸਾਰੀਆਂ ਜਥੇਬੰਦੀਆਂ ਨੂੰ ਪੂਰਾ ਤਾਣ ਲਾ ਦੇਣਾ ਚਾਹੀਦਾ ਹੈ।



# ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਦਾ ਸੈਮੀਨਾਰ ਸਮਾਪਤ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਹੇਠ ਪੰਜਾਬ ਦੇ ਅਧਿਆਪਕਾਂ ਨੂੰ ਗੁਣਵੱਤਾ ਤੇ ਮਿਆਰੀ ਸਿੱਖਿਆ ਦੇਣ ਦੇ ਉਦੇਸ਼ ਨਾਲ ਬਲਾਕ ਸ੍ਰੀ ਅਨੰਦਪੁਰ ਸਾਹਿਬ ਦੇ ਅਧਿਆਪਕਾਂ ਨੂੰ ਮਿਸ਼ਨ ਸਮਰੱਥ 4.0 ਦੇ ਤਹਿਤ ਦੋ ਰੋਜ਼ਾ ਸੈਮੀਨਾਰ ਸਮਾਪਤ ਹੋਇਆ। ਸੈਮੀਨਾਰ ਦੇ ਬਾਰੇ ਜਾਣਕਾਰੀ ਦਿੰਦਿਆਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮਨਜੀਤ ਸਿੰਘ ਮਾਵੀ ਨੇ ਦੱਸਿਆ ਕਿ ਅਗਲੇ ਸੈਸ਼ਨ ਲਈ ਅਧਿਆਪਕਾਂ ਨੂੰ ਗੁਣਵੱਤਾ ਤੇ ਮਿਆਰੀ ਸਿੱਖਿਆ ਲਈ ਤਿਆਰ ਕੀਤਾ ਜਾ ਰਿਹਾ, ਜਿਸ ਲਈ ਮਿਸ਼ਨ ਸਮਰੱਥ 4.0 ਤਹਿਤ ਜ਼ਰੂਰੀ ਨੁਕਤੇ ਅਧਿਆਪਕਾਂ ਦੇ ਨਾਲ ਸਾਂਝੇ ਕੀਤੇ ਗਏ। ਉਹਨਾਂ ਕਿਹਾ ਕਿ ਮਿਸ਼ਨ ਸਮਰੱਥ ਤਹਿਤ ਵਿਦਿਆਰਥੀਆਂ ਨੂੰ ਆਸਾਨ ਵਿਦਿਅਕ ਮਾਹੌਲ ਪ੍ਰਦਾਨ ਕੀਤਾ ਜਾਂਦਾ ਹੈ, ਤਾਂ ਜੋ ਉਹ ਸਿੱਖਿਆ ਨੂੰ ਹੋਰ ਆਸਾਨ ਢੰਗ ਨਾਲ ਸਮਝਣ। ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਰਾਜ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਦੇ ਲਈ ਵਚਨਬਧ ਹੈ ਤੇ ਰਾਜ ਦੇ ਸਰਕਾਰੀ ਸਕੂਲਾਂ ਦੀ ਦਿਖ ਬਦਲਣ ਦੇ ਲਈ ਦਿਨ ਰਾਤ ਉਪਰਾਲੇ ਕੀਤੇ ਜਾ ਰਹੇ। ਇਸ ਤੋਂ ਪਹਿਲਾਂ ਬਲਾਕ ਰਿਸੋਰਸ ਪਰਸਨ ਇੰਦਰਦੀਪ ਸਿੰਘ, ਜੋਗਾ ਸਿੰਘ ਤੇ ਹਰਪ੍ਰੀਤ ਕੌਰ ਨੇ ਸੈਮੀਨਾਰ ਵਿੱਚ ਹਾਜ਼ਰ ਅਧਿਆਪਕਾਂ ਦੇ ਨਾਲ ਮਿਸ਼ਨ ਸਮਰੱਥ ਤਹਿਤ ਪੰਜਾਬੀ ,ਅੰਗਰੇਜ਼ੀ ਅਤੇ ਗਣਿਤ ਵਿਸ਼ੇ ਵਿੱਚ ਬੱਚਿਆਂ ਨੂੰ ਕਿਸ ਤਰ੍ਹਾਂ ਪੜ੍ਹਾਉਣਾ ਹੈ ਅਤੇ ਕਿਸ ਤਰ੍ਹਾਂ ਉਹਨਾਂ ਦੀ ਜਾਂਚ ਕਰਨੀ ਹੈ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ, ਨਾਲ ਹੀ ਇਹਨਾਂ ਵਿਸ਼ਿਆਂ ਦੇ ਵਿੱਚ ਵੱਖ-ਵੱਖ ਵਿੱਚ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ।



# ਪ੍ਰਕਾਸ਼ ਪੁਰਬ ਸੰਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ

**ਮੋਹਾਲੀ (ਗੁਰਜੀਤ ਬਿੱਲਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਗੁਰਮਤਿ ਵਿਚਾਰ ਸਭਾ ਵੱਲੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸਨਿੱਚਰਵਾਰ ਤੋਂ ਅਰੰਭੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਇਸ ਪਾਵਨ ਮੌਕੇ ਭਾਈ ਹਰਪ੍ਰੀਤ ਸਿੰਘ ਦੋਧਰ, (ਮੋਗੇ ਵਾਲੇ),ਭਾਈ ਸਤਿੰਦਰਬੀਰ ਸਿੰਘ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ (ਸ੍ਰੀ ਅੰਮ੍ਰਿਤਸਰ ਸਾਹਿਬ) ਵੱਲੋਂ ਸ਼ਬਦ ਕੀਰਤਨ ਅਤੇ ਗਿਆਨੀ ਜਸਵੰਤ ਸਿੰਘ ਪਰਵਾਨਾ ਕਥਾਵਾਚਕ (ਸ੍ਰੀ ਅੰਮ੍ਰਿਤਸਰ ਸਾਹਿਬ) ਵੱਲੋਂ ਕਥਾ ਪ੍ਰਚਾਰ ਕੀਤਾ ਗਿਆ। ਅਖੰਡ ਪਾਠ ਸਾਹਿਬ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।ਇਸ ਮੌਕੇ ਚੇਅਰਮੈਨ ਡਾ ਅਮਰਪਾਲ ਸਿੰਘ ਆਈ.ਏ.ਐਸ. (ਰਿਟਾ:) ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੂਰੇ ਬ੍ਰਹਿਮੰਡ ਦਾ ਸਰਬ-ਉੱਚ ਗਿਆਨ ਹਨ ਅਤੇ ਮਨੁੱਖ ਦਾ ਕੋਈ ਵੀ ਵਿਚਾਰ ਉਸ ਅਪਾਰ ਗਿਆਨ ਅੱਗੇ ਨਿਮਾਣਾ ਹੈ।

# ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਆਪਣੇ ਦਫ਼ਤਰ ਵਿੱਚ ਹੋਈ ਜਨਤਕ ਸੁਣਵਾਈ ਦੌਰਾਨ ਵੱਖ-ਵੱਖ ਇਲਾਕਿਆਂ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਤੇ ਉਨ੍ਹਾਂ ਦੇ ਜਲਦੀ ਹਲ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਜਨਤਕ ਸੁਣਵਾਈ ਦੌਰਾਨ ਪੇਂਡੂ ਤੇ ਸ਼ਹਿਰੀ ਖੇਤਰਾਂ ਦੇ ਨਾਗਰਿਕਾਂ ਨੇ ਪੀਣ ਵਾਲੇ ਪਾਣੀ, ਸੜਕਾਂ ਦੀ ਮੁਰੰਮਤ, ਸਫ਼ਾਈ, ਬਿਜਲੀ ਸਪਲਾਈ, ਪੈਨਸ਼ਨ, ਰਾਸ਼ਨ ਕਾਰਡ, ਸਿਹਤ ਸੇਵਾਵਾਂ ਅਤੇ ਮਾਲੀਆ ਨਾਲ ਸਬੰਧਤ ਮਾਮਲਿਆਂ ਨਾਲ ਸਬੰਧਤ ਆਪਣੀਆਂ ਸਮੱਸਿਆਵਾਂ ਚੇਅਰਪਰਸਨ ਅੱਗੇ ਰੱਖੀਆਂ। ਕਰਮਜੀਤ ਕੌਰ ਨੇ ਹਰੇਕ ਸ਼ਿਕਾਇਤ ਨੂੰ ਧਿਆਨ ਨਾਲ ਸੁਣਿਆ ਅਤੇ ਅਧਿਕਾਰੀਆਂ ਨੂੰ ਸਮੇਂ ਸਿਰ ਅਤੇ ਗੁਣਵੱਤਾਪੂਰਨ ਹੱਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜਨਤਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਪ੍ਰਸ਼ਾਸਨ ਦੀ ਪਹਿਲੀ ਤਰਜੀਹ ਹੈ ਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਮੌਕੇ ਦਾ ਦੌਰਾ ਕਰਕੇ ਸਮੱਸਿਆਵਾਂ ਦੀ ਅਸਲ ਸਥਿਤੀ ਦਾ ਜਾਇਜ਼ਾ ਲੈਣ ਤੇ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਉਨ੍ਹਾਂ ਦਾ ਹੱਲ ਕਰਨ ਅਤੇ ਰਿਪੋਰਟ ਦਫ਼ਤਰ ਨੂੰ ਸੌਂਪਣ।



# ਮੋਹਿੰਦਰ ਭਗਤ ਨੇ ਵਿਕਾਸ ਪ੍ਰਾਜੈਕਟਾਂ ਦਾ ਲਿਆ ਜਾਇਜ਼ਾ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਸ਼ਹਿਰ ਭਰ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦਾ ਜਾਇਜ਼ਾ ਲਿਆ ਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਇਨ੍ਹਾਂ ਪ੍ਰਾਜੈਕਟਾਂ ਨੂੰ ਸਮੇਂ ਸਿਰ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ। ਮੇਅਰ ਵਿਨੀਤ ਧੀਰ ਸਮੇਤ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸ਼ਹਿਰੀ ਵਿਕਾਸ ਨੂੰ ਗਤੀ ਦੇਣ ਅਤੇ ਜਨਤਕ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਰਾਜ ਭਰ ਵਿੱਚ ਕਈ ਵਿਕਾਸ ਕਾਰਜ ਸ਼ੁਰੂ ਕੀਤੇ ਹਨ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਜ਼ ਦੀ ਕੋਈ ਕਮੀ ਨਹੀਂ ਹੈ ਅਤੇ ਵਸਨੀਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਜਲਦ ਹੀ ਕਈ ਨਵੇਂ ਪ੍ਰਾਜੈਕਟ ਸ਼ੁਰੂ ਕੀਤੇ ਜਾਣਗੇ। ਆਪਣੇ ਦੌਰੇ ਦੌਰਾਨ ਮੋਹਿੰਦਰ ਭਗਤ ਨੇ ਭਾਰਗੋ ਕੈਂਪ ਇਲਾਕੇ ਦਾ ਨਿਰੀਖਣ ਕੀਤਾ, ਜਿੱਥੇ ਉਨ੍ਹਾਂ ਨੇ ਇੱਕ ਕਮਿਊਨਿਟੀ ਹਾਲ ਤੇ ਨਾਲ ਲੱਗਦੇ ਪਾਰਕ ਦੇ ਨਿਰਮਾਣ ਦਾ ਜਾਇਜ਼ਾ ਲਿਆ। ਉਨ੍ਹਾਂ ਨੇ 120 ਫੁੱਟ ਸੜਕ ਦੇ ਨਾਲ-ਨਾਲ ਵਿਕਸਿਤ ਕੀਤੇ ਜਾ ਰਹੇ ਚਾਰ ਨਵੇਂ ਪਾਰਕਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ ਤੇ ਜਲੰਧਰ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਕੰਮ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਕੈਬਨਿਟ ਮੰਤਰੀ ਨੇ ਸਤਿਗੁਰੂ ਕਬੀਰ ਮੰਦਿਰ ਵਿਖੇ ਨਵੀਨੀਕਰਨ ਦੇ ਕੰਮ ਦਾ ਵੀ ਮੁਆਇਨਾ ਕੀਤਾ ਤੇ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਨਾਲ ਸ਼ਹਿਰ ਦੀ ਸੁੰਦਰਤਾ ਵਿੱਚ ਹੋਰ ਵਾਧਾ ਹੋਵੇਗਾ ਅਤੇ ਨਾਲ ਹੀ ਜਨਤਾ ਲਈ ਬਿਹਤਰ ਸਹੂਲਤਾਂ ਉਪਲਬਧ ਹੋਣਗੀਆਂ। ਨਿਰੀਖਣ ਦੌਰਾਨ ਕੈਬਨਿਟ ਮੰਤਰੀ ਦੇ ਨਾਲ ਨਗਰ ਨਿਗਮ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।



# ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਚਾਈਨਾ ਡੋਰ ਖ਼ਿਲਾਫ਼ ਛਾਪੇਮਾਰੀ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਸਪੱਸ਼ਟ ਆਦੇਸ਼ਾਂ ਅਨੁਸਾਰ ਚਾਈਨਾ ਡੋਰ ਦੀ ਵਰਤੋਂ ਅਤੇ ਵਿਕਰੀ 'ਤੇ ਰੋਕ ਲਗਾਉਣ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸਖ਼ਤ ਕਾਰਵਾਈ ਕੀਤੀ ਗਈ। ਇਸ ਮੁਹਿੰਮ ਤਹਿਤ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਵਿੱਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਰੂਪਨਗਰ ਤੇ ਨਗਰ ਕੌਂਸਲ ਦੀ ਸਾਂਝੀ ਟੀਮ ਵੱਲੋਂ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਛਾਪੇਮਾਰੀ ਕੀਤੀ ਗਈ। ਇਸ ਸਾਂਝੀ ਕਾਰਵਾਈ ਦੌਰਾਨ ਕਚਹਿਰੀ ਰੋਡ, ਚੋਈ ਬਾਜ਼ਾਰ ਅਤੇ ਨਵੀਂ ਆਬਾਦੀ ਸਮੇਤ ਕਈ ਇਲਾਕਿਆਂ ਵਿੱਚ ਪਤੰਗਾਂ ਦੀਆਂ ਦੁਕਾਨਾਂ ਦੀ ਜਾਂਚ ਕੀਤੀ ਗਈ ਅਤੇ ਚਾਈਨਾ ਡੋਰ ਦੀ ਮੌਜੂਦਗੀ ਨੂੰ ਲੈ ਕੇ ਸਖ਼ਤੀ ਨਾਲ ਨਿਗਰਾਨੀ ਕੀਤੀ ਗਈ। ਟੀਮ ਵਿੱਚ ਵਿਪਨ ਜਿੰਦਲ, ਹਿਮਾਨੀ ਗੋਇਲ , ਸੰਗੀਤ ਕੁਮਾਰ (ਕਾਰਜ ਸਾਧਕ ਅਫ਼ਸਰ), ਮਦਨ ਲਾਲ (ਸੈਨੇਟਰੀ ਇੰਸਪੈਕਟਰ) ਅਤੇ ਐਡਵੋਕੇਟ ਮਨਦੀਪ ਸਿੰਘ (ਪ੍ਰੋਗਰਾਮ ਕੋਆਰਡੀਨੇਟਰ) ਸ਼ਾਮਲ ਸਨ।ਪ੍ਰਸ਼ਾਸਨ ਵੱਲੋਂ ਦੁਕਾਨਦਾਰਾਂ ਨੂੰ ਸਖ਼ਤ ਚਿਤਾਵਨੀ ਦਿੱਤੀ ਗਈ ਕਿ ਚਾਈਨਾ ਡੋਰ ਦੀ ਵਿਕਰੀ ਜਾਂ ਸਟਾਕ ਮਿਲਣ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਪਰਮਲ ਸਿੰਘ ਕੁਲਗਰਾਂ, ਸੁਲਿੰਦਰ ਕੁਮਾਰ ਸੈਂਟੂ, ਸ਼ਾਮ ਲਾਲ ਕਰੂਰਾ ਅਤੇ ਪਰਮਜੀਤ ਸਿੰਘ ਸੋਨੂੰ ਵੀ ਹਾਜ਼ਰ ਰਹੇ।



# ਤਰਕਸ਼ੀਲ ਸੁਸਾਇਟੀ ਵੱਲੋਂ ਮੀਟਿੰਗ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦ ਬਿੰਦੀ)**

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਰੋਪੜ ਇਕਾਈ ਦੀ ਮੀਟਿੰਗ ਇਕਾਈ ਮੁਖੀ ਅਸ਼ੋਕ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਵਿਚਾਰ-ਚਰਚਾ ਦੌਰਾਨ ਇਹ ਗੱਲ ਰੱਖੀ ਗਈ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਸਮਾਜ ਨੂੰ ਵਹਿਮਾਂ- ਭਰਮਾਂ , ਕਿਸਮਤ- ਕਰਮਾਂ, ਅਗਲੇ- ਪਿਛਲੇ ਜਨਮਾਂ ਦੇ ਅੰਧਵਿਸ਼ਵਾਸਾਂ ਤੋਂ ਛੁਟਕਾਰਾ ਦਿਵਾਉਣ ਲਈ ਕੰਮ ਕਰ ਰਹੀ ਹੈ। ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਅਸਲ ਕਾਰਨ ਲੱਭਣ ਅਤੇ ਉਨ੍ਹਾਂ ਨੂੰ ਹੱਲ ਕਰਨ ਵਿੱਚ ਮਦਦ ਕਰਦੀ ਹੈ ਅਤੇ ਮਾਨਸਿਕ ਸਮੱਸਿਆਵਾਂ ਹੱਲ ਕਰਨ ਲਈ ਅਗਵਾਈ ਦਿੰਦੀ ਹੈ, ਲੋੜ ਪੈਣ ਤੇ ਮਨੋਵਿਗਿਆਨਕ ਮਾਹਿਰਾਂ ਪਾਸੋਂ ਇਲਾਜ ਲਈ ਸਲਾਹ-ਮਸ਼ਵਰਾ ਵੀ ਦਿੰਦੀ ਹੈ।ਸੁਸਾਇਟੀ ਸਪਸ਼ਟ ਕਰਦੀ ਹੈ ਕਿ ਮਰੇ ਹੋਏ ਵਿਅਕਤੀ ਦੀ ਨਾ ਭੂਤ- ਪ੍ਰੇਤ ਅਤੇ ਨਾ ਹੀ ਕਿਸੇ ਹੋਰ ਰੂਪ ਵਿੱਚ ਹੋਂਦ ਰਹਿੰਦੀ ਹੈ। ਸੁਸਾਇਟੀ ਦੇ ਇਸ ਕਾਰਜ ਨਾਲ ਹਜ਼ਾਰਾਂ ਲੋਕਾਂ ਨੂੰ ਫਾਇਦਾ ਹੋਇਆ ਹੈ।ਇਸ ਪ੍ਰੋਗਰਾਮ ਨੂੰ ਅੱਗੇ ਵਧਾਉਂਦੇ ਹੋਏ, ਤਰਕਸ਼ੀਲ ਸੁਸਾਇਟੀ ਵੱਲੋਂ ਵਿਦਿਆਰਥੀ ਵਰਗ ਨੂੰ ਜਾਗਰੂਕ ਕਰਨ ਲਈ ਵਿਦਿਆਰਥੀ ਚੇਤਨਾ ਪਰਖ ਪਰੀਖਿਆ ਰਾਹੀਂ ਲਗਾਤਾਰ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਕੜੀ ਵਜੋਂ ਸੂਬਾ ਕਮੇਟੀ ਨੇ ਫੈਸਲਾ ਕੀਤੀ ਕਿ ਅਪ੍ਰੈਲ ਮਹੀਨੇ ਵਿੱਚ ਲੜਕੀਆਂ ਦਾ ਅਤੇ ਜੂਨ ਮਹੀਨੇ ਵਿੱਚ ਲੜਕਿਆਂ ਦਾ ਵਿਦਿਆਰਥੀ ਚੇਤਨਾ ਕੈਂਪ ਤਰਕਸ਼ੀਲ ਭਵਨ ਬਰਨਾਲਾ ਵਿਖੇ ਲਗਾਇਆ ਜਾਵੇਗਾ। ਮੀਟਿੰਗ ਵਿੱਚ ਜੋਨਲ ਵਿੱਤ ਮੁਖੀ ਸ਼ੈਲਿੰਦਰ ਕੁਰਾਲੀ, ਹਰੇਕ ਚੱਕ ਕਰਮਾ, ਮਾ: ਪਰਵਿੰਦਰ ਜੀ, ਮਾ: ਹਰਵੀਰ ਗਾਂਧੀ, ਹਰਵਿੰਦਰ ਸੁਖਰਾਮਪੁਰੀ, ਪਵਨ ਰੱਤੋਂ, ਅਜੀਤ ਪਰਦੇਸੀ ਤੇ ਅਸ਼ੋਕ ਕੁਮਾਰ ਸਮੇਤ ਹੋਰ ਮੈਂਬਰ ਹਾਜ਼ਰ ਸਨ।



# ਮੁੰਡੀਆਂ ਨੇ ਨਾਇਬ ਤਹਿਸੀਲਦਾਰਾਂ ਵਜੋਂ ਪਦਉੱਨਤ ਹੋਏ 16 ਅਧਿਕਾਰੀਆਂ ਨੂੰ ਸੌਂਪੇ ਤਰੱਕੀ ਪੱਤਰ



**ਚੰਡੀਗੜ੍ਹ, 3 ਫ਼ਰਵਰੀ (ਗੁਰਜੀਤ ਬਿੱਲਾ)** ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਾਨੂੰਨਗੋ ਤੋਂ ਨਾਇਬ ਤਹਿਸੀਲਦਾਰ ਵਜੋਂ ਪਦਉੱਨਤ ਹੋਏ 16 ਅਧਿਕਾਰੀਆਂ ਨੂੰ ਤਰੱਕੀ ਪੱਤਰ ਸੌਂਪੇ।ਇਹ ਤਰੱਕੀਆਂ ਨਿਰਧਾਰਤ ਸੇਵਾ ਨਿਯਮਾਂ ਅਧੀਨ ਅਤੇ ਸਾਰੀਆਂ ਵਿਭਾਗੀ ਕਾਰਵਾਈਆਂ ਪੂਰੀਆਂ ਕਰਨ ਉਪਰੰਤ ਕੀਤੀਆਂ ਗਈਆਂ ਹਨ।ਪਦਉੱਨਤ ਹੋਏ ਅਧਿਕਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਮਾਲ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਦੇ ਸੇਵਾ ਹਿੱਤਾਂ ਦੀ ਰਾਖੀ ਅਤੇ ਉਨ੍ਹਾਂ ਦੇ ਬਣਦੇ ਹੱਕ ਸਮੇਂ ਸਿਰ ਦੇਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਇਹ ਤਰੱਕੀਆਂ ਪ੍ਰਸ਼ਾਸਨਿਕ ਅਮਲੇ ਨੂੰ ਮਜ਼ਬੂਤ ਕਰਨ ਅਤੇ ਜ਼ਮੀਨੀ ਪੱਧਰ 'ਤੇ ਜਨਤਕ ਸੇਵਾਵਾਂ ਹੋਰ ਬਿਹਤਰ ਬਣਾਉਣ ਲਈ ਸਰਕਾਰ ਦੇ ਵਡੇਰੇ ਯਤਨਾਂ ਦਾ ਹਿੱਸਾ ਹਨ।ਨਾਇਬ ਤਹਿਸੀਲਦਾਰ ਵਜੋਂ ਪਦਉੱਨਤ ਹੋਏ ਅਧਿਕਾਰੀਆਂ ਵਿੱਚ ਸਵਰਨ ਸਿੰਘ, ਰਾਜਿੰਦਰ ਸਿੰਘ, ਗੁਰਦੀਪ ਲਾਲ, ਰਾਜੇਸ਼ ਕੁਮਾਰ, ਕਰਮਜੀਤ ਸਿੰਘ, ਬਲਜੀਤ ਸਿੰਘ, ਰਣਜੀਤ ਸਿੰਘ, ਪਰਮਿੰਦਰ ਸਿੰਘ, ਜਸਪਾਲ ਸਿੰਘ, ਗੁਰਚਰਨ ਸਿੰਘ, ਸੁਖਬੀਰ ਸਿੰਘ, ਸੁਨੀਲ ਪ੍ਰਭਾਕਰ, ਉਂਕਾਰ ਸਿੰਘ, ਰਣਦੀਪ ਸਿੰਘ, ਬਲਜੀਤ ਸਿੰਘ, ਕਾਰਜ ਸਿੰਘ ਸ਼ਾਮਲ ਸਨ।

# ਪੰਜਾਬ ਪੈਨਸ਼ਨਰ ਐਸੋਸੀਏਸ਼ਨ ਦੀ ਮੀਟਿੰਗ

**ਨੰਗਲ (ਪੱਤਰ ਪ੍ਰੇਰਕ)**

ਪੰਜਾਬ ਪੈਨਸ਼ਨਰ ਐਸੋਸੀਏਸ਼ਨ ਦੀ ਨੰਗਲ ਇਕਾਈ ਦੀ ਮੀਟਿੰਗ ਜਥੇਬੰਦੀ ਦੇ ਪ੍ਰਧਾਨ ਸ਼੍ਰੀ ਤਰਸੇਮ ਲਾਲ ਸੈਣੀ ਭਨਾਮ ਦੀ ਪ੍ਰਧਾਨਗੀ ਸਥਾਨਕ ਭੜੋਲੀਆਂ ਭਵਨ ਵਿੱਚ ਕੀਤੀ ਗਈ।ਜਿਸ ਵਿੱਚ ਸਰਕਾਰ ਵੱਲੋ 2016 ਦੇ ਪੇ ਸਕੇਲ 2.59%. ਗੁਣਾਕ ਨਾਲ ਫਿਕਸ ਨਾ ਕਰਨ ਅਤੇ ਜਨਵਰੀ 2.26 ਵਾਲਾਂ ਸਫਰੀ ਭੱਤਾ ਪੈਨਸ਼ਨਰਾਂ ਨੂੰ ਨਾ ਮਿਲਣ ਤੇ ਬਕਾਏ ਨਾ ਦਿੱਤੇ ਜਾਣ ਦੀ ਸਰਕਾਰ ਦਾ ਵਰੋਧ ਕੀਤਾ ਗਿਆ।ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਸਾਡੀ ਜਥੇਬੰਦੀ ਤਿੰਨ ਫਰਵਰੀ ਨੂੰ ਤਹਿਸੀਲ ਨੰਗਲ ਵਿੱਚ ਭ੍ਰਿਸ਼ਟਾਚਾਰ ਖ਼ਿਲਾਫ਼ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਵੇਗੀ ਅਤੇ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਵਿੱਚ ਯੋਗਦਾਨ ਪਾਏਗੀ।ਮੀਟਿੰਗ ਵਿੱਚ ਜਨਰਲ ਸਕੱਤਰ ਕਸ਼ਮੀਰੀ ਲਾਲ, ਸਹਾਇਕ ਸਕੱਤਰ ਹਰਜਾਪ ਸਿੰਘ ਪਲਾਸੀ, ਵਿੱਤ ਸਕੱਤਰ ਗੁਰਚਰਨ ਕੁਮਾਰ, ਦੌਲਤਰਾਮ ਮਜਾਰੀ, ਸੀਨੀਅਰ ਮੀਤ ਪ੍ਰਧਾਨ ਦੇਵਰਾਮ ਧਾਮੀ,ਪਰਮਿੰਦਰ ਸਿੰਘ ਬੇਲਾ, ਚੇਅਰਮੈਨ ਭੁਪਿੰਦਰ ਕੁਮਾਰ, ਮੀਤ ਪ੍ਰਧਾਨ ਵੀਰ ਸਿੰਘ, ਸੁਭਾਸ਼ ਚੰਦ, ਪਰਮਜੀਤ ਸਿੰਘ ਪਲਾਸੀ, ਜਰਨੈਲ ਸਿੰਘ ਸੰਧੂ, ਬਲਦੇਵ ਰਾਜ, ਦਵਿੰਟਰ ਨਾਥ, ਰਾਜ ਕੁਮਾਰ,ਗੰਗਾ ਪ੍ਰਸਾਦ, ਬਖਸੀ ਰਾਮ, ਰੋਸ਼ਨ ਸਿੰਘ, ਐਮ. ਆਈ.ਡੀ. ਸੁਖਦੇਵ ਰਾਮ, ਸੰਤ ਰਾਮ, ਤਰਸੇਮ ਲਾਲ, ਫਕੀਰ ਚੰਦ ਬਾਂਸਲ,ਹਰੀਸ਼ ਚੰਦ, ਸਵਰਨਦਾਸ, ਜਰਨੈਲ ਸਿੰਘ ਅਤੇ ਗੁਰਦੀਪ ਸਿੰਘ ਬੇਲਾ ਨੇ ਹਿੱਸਾ ਲਿਆ।



# ਸ੍ਰੀ ਗੁਰੂ ਰਵਿਦਾਸ ਦੇ ਨਾਂਅ 'ਤੇ ਆਦਮਪੁਰ ਹਵਾਈ ਅੱਡੇ ਦਾ ਨਾਂਅ ਰੱਖਣਾ ਪ੍ਰਧਾਨ ਮੰਤਰੀ ਦਾ ਇਤਿਹਾਸਕ ਫੈਸਲਾ : ਸੈਣੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਦੇ ਆਦਮਪੁਰ ਹਵਾਈ ਅੱਡੇ ਦਾ ਨਾਂਅ ਸੰਤ ਸ਼੍ਰੋਮਣੀ ਗੁਰੂ ਰਵਿਦਾਸ ਜੀ ਦੇ ਨਾਂਅ 'ਤੇ ਰੱਖਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਇਤਿਹਾਸਕ ਫੈਸਲਾ ਲਿਆ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸੋਮਵਾਰ ਨੂੰ ਨਵੀਂ ਦਿੱਲੀ ਦੇ ਹਰਿਆਣਾ ਭਵਨ ਵਿਖੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਸੰਤ ਸ਼੍ਰੋਮਣੀ ਗੁਰੂ ਰਵਿਦਾਸ ਦੇ ਜਨਮ ਦਿਵਸ ਦੇ ਸ਼ੁਭ ਮੌਕੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਦਮਪੁਰ ਹਵਾਈ ਅੱਡੇ ਦਾ ਨਾਂਅ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਹਵਾਈ ਅੱਡਾ ਰੱਖਿਆ ਹੈ। ਇਹ ਨਾਮਕਰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਅਮਰ ਆਦਰਸ਼ਾਂ ਨੂੰ ਸੱਚੀ ਸ਼ਰਧਾਂਜਲੀ ਹੈ।

# ਨੌਜਵਾਨ ਨੂੰ ਫਾਇਰਮੈਨ ਵਜੋਂ ਨਿਯੁਕਤੀ, ਰੰਧਾਵਾ ਵੱਲੋਂ ਵਧਾਈ



**ਡੇਰਾਬੱਸੀ (ਵਿਨੈ ਕੁਮਾਰ ਜੈਨ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਵੱਖ ਵੱਖ ਵਿਭਾਗਾਂ ਵਿੱਚ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਏ ਜਾ ਰਹੇ ਹਨ। ਇਸ ਤਹਿਤ ਡੇਰਾਬੱਸੀ ਹਲਕੇ ਦੇ ਪਿੰਡ ਬੇਹੜਾ ਨਿਵਾਸੀ ਗੁਰਜਿੰਦਰ ਸਿੰਘ ਪੁੱਤਰ ਰਣਜੀਤ ਸਿੰਘ ਨੂੰ ਫਾਇਰ ਵਿਭਾਗ ਵਿੱਚ ਫਾਇਰਮੈਨ ਵਜੋਂ ਨਿਯੁਕਤੀ ਪੱਤਰ ਪ੍ਰਦਾਨ ਕੀਤਾ ਗਿਆ।ਨਿਯੁਕਤੀ ਪੱਤਰ ਮਿਲਣ ਉਪਰੰਤ ਗੁਰਜਿੰਦਰ ਸਿੰਘ ਵੱਲੋਂ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਰਿਹਾਇਸ਼ ਵਿਖੇ ਉਨ੍ਹਾ ਨਾਲ ਮੁਲਾਕਾਤ ਕਰਕੇ ਆਪਣਾ ਧੰਨਵਾਦ ਪ੍ਰਗਟ ਕੀਤਾ ਗਿਆ।ਇਸ ਮੌਕੇ ਕੁਲਜੀਤ ਸਿੰਘ ਰੰਧਾਵਾ ਨੇ ਗੁਰਜਿੰਦਰ ਸਿੰਘ ਨੂੰ ਨਵੀਂ ਜ਼ਿੰਮੇਵਾਰੀ ਸੰਭਾਲਣ 'ਤੇ ਦਿਲੋਂ ਵਧਾਈਆਂ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਦੇ ਉਜਵਲ ਭਵਿੱਖ ਲਈ ਵਚਨਬੱਧ ਹੈ। ਉਨ੍ਹਾਂ ਗੁਰਜਿੰਦਰ ਸਿੰਘ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਨਿਭਾਉਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

# ਸ੍ਰੀ ਗੁਰੂ ਰਵਿਦਾਸ ਦੀ ਬਾਣੀ ਦੇ ਪ੍ਰਸਾਰ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ : ਹੈਪੀ, ਬੰਟੀ, ਬਿੱਟੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਬੇਗਮਪੁਰਾ ਟਾਈਗਰ ਫੋਰਸ ਤੇ ਚੇਅਰਮੈਨ ਤਰਸੇਮ ਦੀਵਾਨਾ ਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫ਼ਤਿਹਗੜ੍ਹ, ਬੰਟੀ ਹਰਿਆਣਾ ਤੇ ਬਿੱਟੂ ਸ਼ੇਰਗੜ੍ਹ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਦ ਵਧਾਈਆਂ ਦਿੰਦਿਆਂ ਨੇ ਕਿਹਾ ਕਿ ਅੱਜ ਲੋੜ ਹੈ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਾਂਤੀਕਾਰੀ ਬਾਣੀ ਨੂੰ ਸਮਾਜ ਅੰਦਰ ਲਾਗੂ ਕਰਕੇ ਸਮਾਜ ਵਿੱਚ ਏਕਤਾ, ਭਾਈਚਾਰਾ ਅਤੇ ਸਮਾਨਤਾ ਦੀ ਸੋਚ ਵਾਲਾ ਬੇਗਮਪੁਰਾ ਵਸਾਉਣ ਲਈ ਯਤਨ ਕੀਤੇ ਜਾਣ। ਉਨਾਂ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 'ਬੇਗਮਪੁਰਾ ਸ਼ਹਿਰ ਕੋ ਨਾਓ' ਦੇ ਸੰਕਲਪ ਨੂੰ ਪੂਰਾ ਕਰਨ ਲਈ ਮਾਨਸਿਕ, ਆਰਥਿਕ, ਸਮਾਜਿਕ ਗੁਲਾਮੀ ਅਤੇ ਜਾਤੀਵਾਦ ਨੂੰ ਜੜ ਤੋਂ ਖਤਮ ਕਰਨਾ ਅਹਿਮ ਜਰੂਰੀ ਹੈ, ਕਿਉਂਕਿ ਸਤਿਗੁਰੂ ਜੀ ਨੇ ਫ਼ੁਰਮਾਇਆ ਹੈ 'ਪ੍ਰਾਧੀਨਤਾ ਪਾਪ ਹੈ ਜਾਨ ਲੇਹੁ ਰੈ ਮੀਤ' ਗੁਲਾਮੀ ਪਾਪ ਹੈ ਤੇ ਗੁਲਾਮਾਂ ਨੂੰ ਕੋਈ ਪਿਆਰ, ਸਤਿਕਾਰ ਨਹੀਂ ਕਰਦਾ। ਇਸ ਕਰਕੇ ਮਾਨਸਿਕ, ਆਰਥਿਕ, ਸਮਾਜਿਕ ਗੁਲਾਮੀ ਅਤੇ ਜਾਤੀਵਾਦ ਦਾ ਖਾਤਮਾ ਕਰਕੇ ਹੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸੁਪਨਿਆਂ ਦਾ ਬੇਗਮਪੁਰਾ ਵਸਾਇਆ ਜਾ ਸਕਦਾ ਹੈ।ਉਹਨਾਂ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਾਂਤੀਕਾਰੀ ਬਾਣੀ ਅਤੇ ਆਦਿ ਧਰਮ ਦੇ ਰਹਿਬਰਾਂ ਦੇ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਹੁਤ ਜਲਦ ਪਿੰਡਾਂ, ਕਸਬਿਆਂ, ਤੇ ਸ਼ਹਿਰਾ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਕੈਂਪ ਲਗਾਏ ਜਾਣਗੇ । ਇਸ ਮੌਕੇ ਹੋਰਨਾਂ ਤੋ ਇਲਾਵਾ ਬਿੱਟੂ ਸ਼ੇਰਗੜ੍ਹ, ਬੰਟੀ ਹਰਿਆਣਾ, ਗੁਰਦੀਪ ਰਿਹਾਣਾ ਕਲਾ, ਕੁਲਵੰਤ ਹਰਿਆਣਾ ਕਲਾ, ਸਤੀਸ਼ ਕੁਮਾਰ, ਰਵੀ, ਮਨੀ, ਨਿੱਕੂ ਸੁੰਦਰ ਨਗਰ, ਖੁਸ਼ਦੀਪ, ਮੋਹਿਤ ਸ਼ੇਰਗੜ੍ਹ, ਮੋਹਿਤ ਬਿਰਦੀ, ਹੇਮੰਤ ਬਿਰਦੀ, ਗੁਰਦੀਪ ਬਿਰਦੀ, ਭੋਲਾ ਸ਼ੇਰਗੜ੍ਹ, ਰਾਮ ਮੂਰਤੀ ਸ਼ੇਰਪੁਰ, ਗੁਰਪਾਲ ਸਿੰਘ ਅਸਲਾਮਾਬਾਦ, ਮਨਜੀਤ ਸਿੰਘ ਦਸ਼ਮੇਸ਼ ਨਗਰ ਆਦਿ ਹਾਜ਼ਰ ਸਨ ।



# ਆਸਰੋਂ ਹਾਈ-ਟੈਕ ਨਾਕੇ ਨੇੜੇ ਵਾਪਰਿਆ ਭਿਆਨਕ ਸੜਕ ਹਾਦਸਾ

**ਬਲਾਚੌਰ (ਜਸਵਿੰਦਰ ਬੈਂਸ)** ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੋਰ ਦੇ ਨੈਸ਼ਨਲ ਹਾਈਵੇ ਤੇ ਅਸਰੋਂ ਹਾਈ-ਟੈਕ ਨਾਕੇ ਦੇ ਨਜ਼ਦੀਕ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ, ਜਿਸ ਵਿੱਚ ਇੱਕ ਹੁੰਡਈ ਔਰਾ ਕਾਰ ਸੜਕ ਕਿਨਾਰੇ ਖੜ੍ਹੇ ਇੱਕ ਟਰੱਕ ਨਾਲ ਜਾ ਟਕਰਾਈ। ਹਾਦਸੇ ਵਿੱਚ ਕਾਰ ਚਾਲਕ ਦਲਜੀਤ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਘਟਨਾ ਦੀ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਫੋਰਸ ਦੇ ਜਵਾਨਾਂ ਨੇ ਮੌਕੇ 'ਤੇ ਪਹੁੰਚ ਕੇ ਐਂਬੂਲੈਂਸ ਰਾਹੀਂ ਜ਼ਖਮੀ ਨੂੰ ਸਿਵਲ ਹਸਪਤਾਲ ਰੋਪੜ ਦਾਖਲ ਕਰਵਾਇਆ। ਟਰੱਕ ਚਾਲਕ ਦੀ ਪਛਾਣ ਗੁਲਜ਼ਾਰੀ ਲਾਲ ਵਾਸੀ ਗੁਰਦਾਸਪੁਰ ਵਜੋਂ ਹੋਈ ਹੈ। ਪੁਲਸ ਚੌਂਕੀ ਅਸਰੋਂ ਦੇ ਏ ਐੱਸ ਆਈ ਸਿਕੰਦਰ ਸਿੰਘ ਵੱਲੋਂ ਮਾਮਲੇ ਦੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਅਤੇ ਰਿਕਵਰੀ ਵੈਨ ਰਾਹੀਂ ਹਾਦਸਾਗ੍ਰਸਤ ਵਾਹਨਾਂ ਨੂੰ ਹਟਾ ਕੇ ਰੋਡ ਕਲੀਅਰ ਕਰਵਾ ਦਿੱਤਾ ਗਿਆ ਹੈ।



# ਦੰਦਾਂ ਤੇ ਜਬਾੜ੍ਹਿਆਂ ਦਾ ਫਰੀ ਕੈਂਪ ਲਗਾਇਆ

**ਫਗਵਾੜਾ (ਡਾ. ਰਮਨ)**

ਉਦਯੋਗਪਤੀ ਕੇ ਕੇ ਸਰਦਾਨਾ ਦੀ ਸਰਪ੍ਰਸਤੀ ਹੇਠ ਸਥਾਨਕ ਗੁਰੂ ਹਰਗੋਬਿੰਦ ਨਗਰ ਵਿਖੇ ਸੰਚਾਲਿਤ ਬਲੱਡ ਬੈਂਕ ਵਿੱਚ ਮਾਤਾ ਠਾਕੁਰ ਦੇਵੀ ਅਤੇ ਨਾਨਕ ਚੰਦ ਸੇਠੀ ਦੀ ਮਿੱਠੀ ਯਾਦ ਨੂੰ ਸਮਰਪਿਤ 469ਵਾਂ ਦੰਦਾਂ ਅਤੇ ਜਬਾੜ੍ਹਿਆਂ ਦਾ ਫਰੀ ਕੈਂਪ ਬਲਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖ-ਰੇਖ ਹੇਠ ਲਗਾਇਆ ਗਿਆ ਜਿਸ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਡਾ. ਸੀਮਾ ਰਾਜਨ (ਰਾਜਨ ਆਈ ਕੇਅਰ) ਨੇ ਦੀਪ ਪ੍ਰਜੱਵਲਿਤ ਕਰਕੇ ਕੀਤਾ। ਉਹਨਾਂ ਦੇ ਨਾਲ ਸਤਿਕਾਰਤ ਮਹਿਮਾਨ ਵਜੋਂ ਰੋਟਰੀ ਕਲੱਬ ਦੇ ਸਾਬਕਾ ਗਵਰਨਰ ਸਤਪਾਲ ਸੇਠੀ ਮੌਜੂਦ ਰਹੇ। ਮੁੱਖ ਮਹਿਮਾਨ ਨੇ 11 ਲੋੜਵੰਦ ਬਜੁਰਗਾਂ ਨੂੰ ਨਵੇਂ ਤਿਆਰ ਕੀਤੇ ਜਬਾੜੇ ਵੰਡਦਿਆਂ ਬਲੱਡ ਬੈਂਕ ਦੇ ਸਮਾਜ ਸੇਵੀ ਉਪਰਾਲਿਆਂ ਦੀ ਸ਼ਲਾਘਾ ਕੀਤੀ। ਕੈਂਪ ਦੌਰਾਨ ਸੀ ਐੱਮ ਸੀ ਲੁਧਿਆਣਾ ਤੋਂ ਡਾ. ਤਮਨਪ੍ਰੀਤ ਸਿੰਘ ਦੀ ਅਗਵਾਈ ਹੇਠ ਪਹੁੰਚੀ ਮਾਹਿਰ ਡਾਕਟਰਾਂ ਦੀ 25 ਮੈਂਬਰੀ ਮੋਬਾਈਲ ਟੀਮ ਨੇ 100 ਤੋਂ ਵੱਧ ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ। ਲੋੜਵੰਦਾਂ ਨੂੰ ਲੋੜ ਅਨੁਸਾਰ ਦਵਾਈਆਂ ਦਿੱਤੀਆਂ ਗਈਆਂ। ਕੈਂਪ ਦੌਰਾਨ ਨਵੇਂ ਜਬਾੜੇ ਬਣਾਉਣ ਦੀ ਅਗਲੀ ਪ੍ਰਕਿਰਿਆ ਪੂਰੀ ਕੀਤੀ ਗਈ। ਰਘਬੋਤਰਾ ਨੇ ਦੱਸਿਆ ਕਿ ਅਗਲਾ ਕੈਂਪ 16 ਫਰਵਰੀ ਦਿਨ ਸੋਮਵਾਰ ਨੂੰ ਲਗਾਇਆ ਜਾਵੇਗਾ। ਇਸ ਮੌਕੇ ਗੁਲਾਬ ਸਿੰਘ ਠਾਕੁਰ, ਮੋਹਨ ਲਾਲ ਤਨੇਜਾ, ਕੁਲਦੀਪ ਦੁੱਗਲ, ਗੁਲਸ਼ਨ ਕਪੂਰ, ਰੂਪ ਲਾਲ, ਕਮਲਜੀਤ, ਸੁਧਾ ਬੇਦੀ, ਰਮਨ ਨਹਿਰਾ, ਨਰਿੰਦਰ ਸਿੰਘ ਸੈਣੀ ਆਦਿ ਹਾਜ਼ਰ ਸਨ।



# ਲੋਕ ਰਾਜ ਦੇ ਖਾਤਮੇ ਦੇ ਸੰਘੀ ਗਰੋਹਾਂ ਦੇ ਕੋਝੇ ਮਨਸੂਬੇ ਫੇਲ੍ਹ ਕਰੋ : ਪਾਸਲਾ

**ਜਲੰਧਰ (ਰਾਜੇਸ਼ ਥਾਪਾ)**

ਸੰਘੀ ਗ੍ਰੋਹਾਂ ਵੱਲੋਂ ਉੱਤਰਾਖੰਡ ਵਿਖੇ ਕੀਤੀ ਗਈ ਸੂਫੀ ਫ਼ਕੀਰ ਬਾਬਾ ਬੁੱਲ੍ਹੇਸ਼ਾਹ ਦੀ ਦਰਗਾਹ ਦੀ ਵਿਉਂਤਬੱਧ ਬੇਹੁਰਮਤੀ ਤੋਂ ਇਹ ਬਾਖੂਬੀ ਸਿੱਧ ਹੁੰਦਾ ਹੈ ਕਿ ਹਿੰਦਤਵੀ ਖਰੂਦੀ ਸਾਂਝੀਵਾਲਤਾ ਤੇ ਫਿਰਕੂ ਇਕਸੁਰਤਾ ਦੇ ਹਰ ਨਿਸ਼ਾਨ ਤੇ ਅਤੀਤ ਦੀਆਂ ਸਾਰੀਆਂ ਨਰੋਈਆਂ ਕਦਰਾਂ-ਕੀਮਤਾਂ ਦੇ ਖਾਤਮੇ ਲਈ ਬਜ਼ਿਦ ਹਨ।ਉਕਤ ਸ਼ਬਦ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਪੰਜਾਬ ਰਾਜ ਕਮੇਟੀ ਦੀ ਮੀਟਿੰਗ 'ਚ ਬੋਲਦਿਆਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਹੇ। ਸਾਥੀ ਪਾਸਲਾ ਨੇ ਕਿਹਾ ਕਿ ਮੁਸਲਿਮ ਵਸੋਂ ਨੂੰ ਹਿੰਦੂ ਤਿਉਹਾਰਾਂ ਤੇ ਪਵਿਤਰ ਆਯੋਜਨਾਂ ਤੋਂ ਦੂਰ ਰਹਿਣ ਦਾ ਫਰਮਾਨ ਜਾਰੀ ਕਰਕੇ ਸੰਘੀ ਟੋਲੇ ਭਾਰਤੀ ਸਮਾਜ ਦੀ ਫਿਰਕੂ ਆਧਾਰ 'ਤੇ ਤਿੱਖੀ, ਸਦੀਵੀ ਵੰਡ ਕਰਨਾ ਚਾਹੁੰਦੇ ਹਨ।ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਕੌਮੀ ਸੁਰਖਿਆ ਸਲਾਹਕਾਰ ਅਜੀਤ ਡੋਭਾਲ ਦਾ ਅਤੀਤ ਦੀਆਂ ਮੰਦਭਾਗੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਅਜੋਕੇ ਨਾਗਰਿਕਾਂ ਤੋਂ ਬਦਲਾ ਲੈਣ ਦਾ ਸੱਦਾ ਦਿੰਦਾ ਅੱਤ ਦਰਜੇ ਦਾ ਭੜਕਾਊ ਬਿਆਨ, ਘੱਟ ਗਿਣਤੀਆਂ ਦੇ ਕਤਲੇਆਮ 'ਤੇ ਘਰੋਗੀ ਜੰਗ ਛਿੜਨ ਦਾ ਜ਼ਰੀਆ ਬਣ ਸਕਦਾ ਹੈ।ਸਾਥੀ ਪਾਸਲਾ ਨੇ ਦੱਸਿਆ ਕਿ ਪਾਰਟੀ ਵਲੋਂ ਸ਼ਹੀਦ-ਇ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ 23 ਮਾਰਚ ਨੂੰ ਕੌਮੀ ਰਾਜਧਾਨੀ ਦਿੱਲੀ ਵਿਖੇ ਵਿਸ਼ਾਲ ਦੇਸ਼ ਵਿਆਪੀ ਇਕੱਠ ਕੀਤਾ ਜਾਵੇਗਾ। ਉਨ੍ਹਾਂ ਸਮੂਹ ਦੇਸ਼ ਵਾਸੀਆਂ ਨੂੰ ਸਾਮਰਾਜ ਦੇ ਖੂੰਖਾਰ ਹੱਲਿਆਂ ਤੇ ਜੰਗ ਭੜਕਾਊ ਕੁਚਾਲਾਂ ਵਿਰੁੱਧ, ਦੇਸ਼ ਦੇ ਸੰਵਿਧਾਨ, ਵਰਤਮਾਨ ਉਦਾਰ ਢਾਂਚੇ ਤੇ ਜਮਹੂਰੀ ਕਦਰਾਂ-ਕੀਮਤਾਂ ਦੇ ਪਿਛਾਖੜੀ ਤਾਕਤਾਂ ਵਲੋਂ ਕੀਤੇ ਜਾ ਰਹੇ ਘਾਣ ਖਿਲਾਫ਼ ਤੇ ਕਿਰਤੀ ਵਸੋਂ ਦੀਆਂ ਮੁਸੀਬਤਾਂ 'ਚ ਢੇਰਾਂ ਵਾਧਾ ਕਰ ਰਹੀਆਂ ਨਵ-ਉਦਾਰਵਾਦੀ ਨੀਤੀਆਂ ਤੋਂ ਮੁਕਤੀ ਲਈ ਜੂਝਣ ਦਾ ਹੋਕਾ ਦੇਣ ਲਈ ਕੀਤੇ ਜਾ ਰਹੇ ਇਸ ਇਕੱਠ 'ਚ ਪਰਵਾਰਾਂ ਸਮੇਤ ਵਹੀਰਾਂ ਘੱਤ ਕੇ ਦਿੱਲੀ ਪੁੱਜਣ ਦਾ ਸੱਦਾ ਦਿੱਤਾ ਹੈ।ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਪੰਜਾਬ ਅਜੋਕੇ ਖਤਰਨਾਕ ਹਾਲਾਤ ਬਾਰੇ ਡੂੰਘੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਅਪਰਾਧੀ ਗਰੋਹਾਂ, ਨਸ਼ਾ ਤਸਕਰਾਂ ਤੇ ਮਾਫੀਆ ਤੰਤਰ ਨੂੰ ਹਾਸਲ ਹਕੂਮਤੀ ਥਾਪੜੇ ਸਦਕਾ ਨਾਜਾਇਜ਼ ਮਾਇਨਿੰਗ ਅਤੇ ਕਤਲਾਂ, ਲੁੱਟਾਂ-ਖੋਹਾਂ, ਫਿਰੌਤੀ ਵਸੂਲੀ ਆਦਿ ਵਾਰਦਾਤਾਂ ਬੇਰੋਕ ਵਧ ਰਹੀਆਂ ਹਨ। ਭਗਵੰਤ ਮਾਨ ਸਰਕਾਰ ਵਿਰੋਧ ਦੀਆਂ ਆਵਾਜ਼ਾਂ ਨੂੰ ਦਬਾਉਣ ਲਈ ਜਾਬਰ ਹਥਕੰਡੇ ਅਪਣਾਅ ਰਹੀ ਹੈ ਤੇ ਮੀਡੀਆ ਦਾ ਗਲਾ ਘੁੱਟ ਰਹੀ ਹੈ।ਉਨ੍ਹਾਂ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਵਲੋਂ ਪੰਜਾਬ ਨਾਲ ਕੀਤੇ ਜਾ ਰਹੇ ਧੱਕੇ-ਵਿਤਕਰੇ ਤੇ ਸਾਜਿਸ਼ਾਂ ਖਿਲਾਫ, ਪੰਜਾਬ ਨਾਲ ਜੁੜੇ ਚਿਰਾਂ ਤੋਂ ਲੰਬਿਤ ਮਸਲਿਆਂ ਦਾ ਨਿਆਈਂ ਹੱਲ ਲੱਭੇ ਜਾਣ ਲਈ, ਆਪ ਸਰਕਾਰ ਦੀ ਨਾਕਸ ਨੀਤੀ-ਪਹੁੰਚ ਖਿਲਾਫ਼ 26 ਫਰਵਰੀ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਲੋਕ ਇਕੱਠ ਤੇ ਰੋਸ ਮਾਰਚ ਕੀਤਾ ਜਾਵੇਗਾ।ਰਾਜ ਕਮੇਟੀ ਨੇ ਪਾਰਟੀ ਸਫਾਂ ਨੂੰ 12 ਫਰਵਰੀ ਨੂੰ ਕੀਤੀ ਜਾਣ ਵਾਲੀ ਹੜਤਾਲ ਵਾਸਤੇ ਵਧੇਰੇ ਤੋਂ ਵਧੇਰੇ ਲਾਮਬੰਦੀ ਕਰਨ ਦਾ ਸੱਦਾ ਦਿੰਦਿਆਂ ਪ੍ਰਾਂਤ ਵਾਸੀਆਂ, ਖਾਸ ਕਰਕੇ ਮਿਹਨਤੀ ਵਰਗਾਂ ਨੂੰ ਹੜਤਾਲ ਦੀ ਬੇਮਿਸਾਲ ਕਾਮਯਾਬੀ ਲਈ ਹਰ ਪੱਖੋਂ ਯੋਗਦਾਨ ਦੇਣ ਦੀ ਅਪੀਲ ਕੀਤੀ ਹੈ। ਮੀਟਿੰਗ ਦੀ ਪ੍ਰਧਾਨਗੀ ਸਾਥੀ ਰਤਨ ਸਿੰਘ ਰੰਧਾਵਾ ਨੇ ਕੀਤੀ। ਆਰੰਭ ਵਿਚ ਲੰਘੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਾਥੀ ਪਿਆਰਾ ਸਿੰਘ ਪ੍ਰਿੰਸੀਪਲ, ਜਸਪਾਲ ਸਿੰਘ ਝਬਾਲ, ਬਲਵਿੰਦਰ ਸਿੰਘ ਛੇਹਰਟਾ, ਅਵਤਾਰ ਸਿੰਘ ਗੁਰਦਾਸਪੁਰ ਤੇ ਮਾਤਾ ਹਰਬੰਸ ਕੌਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

# ਵਧੀਆ ਕਾਰਗੁਜ਼ਾਰੀ ਵਾਲੇ ਪਟਵਾਰੀ-ਕਾਨੂੰਨਗੋ ਹੋਣਗੇ ਸਨਮਾਨਤ : ਮਾਲ ਮੰਤਰੀ



**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਦੇ ਮਾਲ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਵੱਖ-ਵੱਖ ਯੂਨੀਅਨਾਂ ਨਾਲ ਮੈਰਾਥਨ ਮੀਟਿੰਗਾਂ ਕੀਤੀਆਂ।ਇੱਥੇ ਪੰਜਾਬ ਭਵਨ ਵਿਖੇ ਰੈਵੇਨਿਊ ਪਟਵਾਰ ਯੂਨੀਅਨ, ਕਾਨੂੰਨਗੋ ਯੂਨੀਅਨ, ਸਾਂਝਾ ਮੁਲਾਜ਼ਮ ਮੰਚ ਪੁੱਡਾ ਤੇ ਆਲ ਇੰਡੀਆ ਅੱਤਵਾਦ ਪੀੜਤ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਵੱਖੋ-ਵੱਖ ਮੀਟਿੰਗਾਂ ਦੌਰਾਨ ਕੈਬਨਿਟ ਮੰਤਰੀ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਹਰ ਜਾਇਜ਼ ਮੰਗ ਨੂੰ ਤਰਜੀਹੀ ਆਧਾਰ 'ਤੇ ਪੂਰਾ ਕੀਤਾ ਜਾਵੇਗਾ। ਮਾਲ ਮੰਤਰੀ ਨੇ ਪਟਵਾਰੀ ਅਤੇ ਕਾਨੂੰਨਗੋ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਆਪਣੀ ਡਿਊਟੀ ਨਿਭਾਉਂਦਿਆਂ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਪਟਵਾਰੀਆਂ ਤੇ ਕਾਨੂੰਨਗੋਆਂ ਨੂੰ ਸਰਕਾਰ ਵੱਲੋਂ ਸਨਮਾਨਤ ਅਤੇ ਪ੍ਰੋਤਸਾਹਿਤ ਕੀਤਾ ਜਾਵੇਗਾ। ਉਨ੍ਹਾਂ ਸਾਰੇ ਮੁਲਾਜ਼ਮਾਂ ਨੂੰ ਆਪਣਾ ਕੰਮ ਪੂਰੀ ਤਨਦੇਹੀ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਕਰਨ ਦੀ ਅਪੀਲ ਕੀਤੀ।

# ਪ੍ਰਕਾਸ਼ ਪੁਰਬ ਸੰਬੰਧੀ ਹੁਸ਼ਿਆਰਪੁਰ 'ਚ ਸਜਾਇਆ ਨਗਰ ਕੀਰਤਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸ਼੍ਰੋਮਣੀ ਭਗਤ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਪ੍ਰਕਾਸ਼ ਪੁਰਬ ਸੰਬੰਧੀ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਜੀ ਨਗਰ ਕੀਰਤਨ ਪ੍ਰਬੰਧਕ ਕਮੇਟੀ ਵੱਲੋਂ ਜ਼ਿਲੇ ਭਰ ਦੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਸਹਿਯੋਗ ਨਾਲ ਹੁਸ਼ਿਆਰਪੁਰ ਸ਼ਹਿਰ ਵਿੱਚ ਮਹਾਨ ਨਗਰ ਕੀਰਤਨ ਇੰਜ. ਜਗਦੀਸ਼ ਲਾਲ ਬੱਧਣ ਸੇਵਾਮੁਕਤ ਐਕਸੀਅਨ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਚੈਰੀਟੇਬਲ ਸਭਾ ਪੰਜਾਬ ਅਤੇ ਠੇਕੇਦਾਰ ਭਗਵਾਨ ਦਾਸ ਦੇਖ-ਰੇਖ ਹੇਠ ਸਜਾਇਆ ਗਿਆ। ਜੁੱਗੋ-ਜੁੱਗ ਅਟੱਲ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਵਾਰੀ ਗੁਰਦੁਆਰਾ ਟਿੱਬਾ ਸਾਹਿਬ ਵੱਲੋਂ ਸੰਤ ਬਲਵੀਰ ਸਿੰਘ ਟਿੱਬਾ ਸਾਹਿਬ ਦੀ ਦੇਖ ਰੇਖ ਹੇਠ ਅਤਿਅੰਤ ਹੀ ਖੂਬਸੂਰਤੀ ਨਾਲ ਸਜਾਏ ਹੋਏ ਪਾਲਕੀ ਸਾਹਿਬ ਵਾਹਨ ਵਿੱਚ ਸੁਸ਼ੋਭਿਤ ਸੀ । ਕੇਸਰੀ ਪਹਿਰਾਵਿਆਂ ਵਿੱਚ ਸਜੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ਼ਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਤੋਂ ਆਰੰਭ ਹੋਇਆ ਕਈ ਕਿਲੋਮੀਟਰ ਲੰਬਾ ਇਹ ਮਹਾਨ ਨਗਰ ਕੀਰਤਨ ਡਾ.ਅੰਬੇਦਕਰ ਚੌਂਕ, ਕਮਾਲਪੁਰ ਚੌਂਕ,ਫਗਵਾੜਾ ਰੋਡ, ਸਰਕਾਰੀ ਕਾਲਜ ਚੌਂਕ, ਸੁਤਿਹਰੀ ਰੋਡ, ਸ਼ੈਸ਼ਨ ਚੌਂਕ, ਰੇਲਵੇ ਰੋਡ, ਘੰਟਾ ਘਰ ਚੌਂਕ,ਭਗਵਾਨ ਬਾਲਮੀਕ ਚੌਂਕ ਤੋਂ ਹੁੰਦਾ ਹੋਇਆ ਕਮਾਲਪੁਰ ਚੌਂਕ ਵਿਖੇ ਅਮਿੱਟ ਪੈੜਾਂ ਛੱਡਦਾ ਹੋਇਆ ਸੰਪੰਨ ਹੋ ਗਿਆ। ਜੁੱਗੋ-ਜੁੱਗ ਅਟੱਲ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਵਾਰੀ ਗੁਰਦੁਆਰਾ ਟਿੱਬਾ ਸਾਹਿਬ ਵੱਲੋਂ ਸੰਤ ਬਲਵੀਰ ਸਿੰਘ ਟਿੱਬਾ ਸਾਹਿਬ ਦੀ ਦੇਖ ਰੇਖ ਹੇਠ ਅਤਿਅੰਤ ਹੀ ਖੂਬਸੂਰਤੀ ਨਾਲ ਸਜਾਏ ਹੋਏ ਪਾਲਕੀ ਸਾਹਿਬ ਵਾਹਨ ਵਿੱਚ ਸੁਸ਼ੋਭਿਤ ਸੀ। ਇਸ ਤੋਂ ਪਿੱਛੇ ਵੱਖ-ਵੱਖ ਵਾਹਨਾਂ ਵਿੱਚ ਧਾਰਮਿਕ ਝਾਕੀਆਂ ਸੰਗਤਾਂ ਨੂੰ ਆਕਰਸ਼ਿਤ ਕਰ ਰਹੀਆਂ ਸਨ। ਇਸ ਮਹਾਨ ਨਗਰ ਕੀਰਤਨ ਵਿੱਚ ਜ਼ਿਲੇ ਭਰ ਤੋਂ ਸੰਗਤਾਂ ਆਪੋ ਆਪਣੇ ਵਾਹਨਾਂ ਟਰੈਕਟਰਾਂ ਟਰਾਲੀਆਂ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਮਹਿਮਾ ਦਾ ਗਾਇਨ ਕਰਦੀਆਂ ਹੋਈਆਂ ਸ਼ਾਮਿਲ ਹੋਈਆਂ। ਸੰਮੂਹ ਸ੍ਰੀ ਗੁਰੂ ਰਵਿਦਾਸ ਸਭਾ ਸੁਸਾਇਟੀਆਂ, ਭਗਵਾਨ ਵਾਲਮੀਕ ਸਭਾਵਾਂ, ਧਾਰਮਿਕ ਤੇ ਸਮਾਜਿਕ ਸਭਾ ਸੁਸਾਇਟੀਆਂ, ਬੇਗਮਪੁਰਾ ਟਾਈਗਰ ਫੋਰਸ, ਡਾ.ਅੰਬੇਡਕਰ ਫੋਰਸ ਪੰਜਾਬ, ਡਾ. ਅੰਬੇਡਕਰ ਮਿਸ਼ਨ ਐਂਡ ਵੈਲਫੇਅਰ ਸੁਸਾਇਟੀ ਸਭਾਵਾਂ, ਬਹੁਜਨ ਸਟੂਡੈਂਟ ਫਰੰਟ ਹੁਸ਼ਿਆਰਪੁਰ, ਸ਼੍ਰੀ ਗੁਰੂ ਰਵਿਦਾਸ ਫੋਰਸ ਪੰਜਾਬ, ਸ਼੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਪੰਜਾਬ, ਸੱਚ ਫਾਊਂਡੇਸ਼ਨ ਤੇ ਹੋਰ ਜਥੇਬੰਦੀਆਂ ਨੇ ਇਸ ਨਗਰ ਕੀਰਤਨ ਵਿੱਚ ਭਰਵੀਂ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰੀ ਸ਼ਾਮ ਸੁੰਦਰ ਅਰੋੜਾ ਸਾਬਕਾ ਕੈਬਨਿਟ ਮੰਤਰੀ ਪੰਜਾਬ, ਡਾ.ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ, ਵਿਜੇ ਸਾਂਪਲਾ ਸਾਬਕਾ ਕੇਂਦਰੀ ਮੰਤਰੀ, ਡਾ.ਐੱਸ ਕੇ ਹੀਰਾ, ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਚੈਰੀਟੇਬਲ ਸਭਾ ਪੰਜਾਬ ਦੇ ਪ੍ਰਧਾਨ ਜਗਦੀਸ਼ ਲਾਲ ਬੱਧਣ ਤੇ ਜਨਰਲ ਸਕੱਤਰ ਠੇਕੇਦਾਰ ਭਗਵਾਨ ਦਾਸ ਜਨਰਲ ਸਕੱਤਰ ਬਸਪਾ ਪੰਜਾਬ, ਸੰਜੀਵ ਤਲਵਾੜ ਸੂਬਾ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਦੀਵਾਨਾ ਚੇਅਰਮੈਨ ਬੇਗਮਪੁਰਾ ਟਾਈਗਰ ਫੋਰਸ, ਪ੍ਰੋ.ਬਹਾਦਰ ਸਿੰਘ ਸੁਨੇਤ, ਮਨੋਜ ਕੈਨੇਡੀ, ਪਿਆਰਾ ਸਿੰਘ ਬੱਧਣ,ਬਲਵਿੰਦਰ ਕੁਮਾਰ ਬਿੰਦੀ, ਐਡਵੋਕੇਟ ਡੀ.ਐੱਸ.ਬਾਗੀ, ਸਰਪੰਚ ਪ੍ਰੇਮ ਸਿੰਘ ਖਾਨਪੁਰ, ਪਿਆਰਾ ਸਿੰਘ ਬੱਧਣ, ਬਿਧੀ ਚੰਦ ਬੱਧਣ, ਪ੍ਰੇਮ ਸਿੰਘ ਸਬਕਾ ਜ਼ਿਲ੍ਹਾ ਸਪੋਰਟਸ ਅਫਸਰ, ਡਾ.ਸੁਰਿੰਦਰ ਸਿੰਘ ਦਰਦੀ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।



## ਯੁਵਤੀਆਂ ਦੇ ਸਸ਼ਕਤੀਕਰਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਵਿਸ਼ੇਸ਼ ਲੈਕਚਰ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਐਸ ਸੀ/ਐਸ ਟੀ/ਓ ਬੀ ਸੀ ਸੈਲ ਨੇ 'ਯੁਵਤੀਆਂ ਦਾ ਸਸ਼ਕਤੀਕਰਨ' ਨਾਮਕ ਇੱਕ ਰੋਚਕ ਵਿਚਾਰ ਵਟਾਂਦਰਾ ਦਾ ਆਯੋਜਨ ਕੀਤਾ, ਜੋ ਕਿ ਵਿਦਿਆਰਥਣਾਂ ਦੀ ਭੌਤਿਕ, ਭਾਵਨਾਤਮਕ ਅਤੇ ਮਾਨਸਿਕ ਭਲਾਈ ਨੂੰ ਉਤਸ਼ਾਹਤ ਕਰਨ ਲਈ ਲਗਾਇਆ ਗਿਆ ਸੀ। ਇਸ ਲੈਕਚਰ ਵਿੱਚ ਡਾ. ਨਾਜ਼ਬੀਰ ਕੌਰ, ਐਮ ਐਸ (ਪ੍ਰਸੂਤੀ ਅਤੇ ਇਸਤਰੀ ਰੋਗ ਵਿਗਿਆਨ), ਪਟਿਆਲਾ ਵੱਲੋਂ ਸੈਲਫ-ਕੇਅਰ, ਨਿੱਜੀ ਸਫਾਈ, ਰੋਕਥਾਮਕ ਸਿਹਤ ਸੰਭਾਲ ਅਤੇ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਦੇ ਮਹੱਤਵ ਨੂੰ ਯੁਵਤੀਆਂ ਦੇ ਕੁੱਲ ਵਿਕਾਸ ਲਈ ਜ਼ੋਰ ਦਿੱਤਾ।ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੋ. (ਡਾ.) ਪ੍ਰਿਤਪਾਲ ਸਿੰਘ, ਵਾਈਸ ਚਾਂਸਲਰ ਨੇ ਯੂਨੀਵਰਸਿਟੀ ਦੀ ਵਿਦਿਆਰਥੀ ਸਸ਼ਕਤੀਕਰਨ, ਲਿੰਗ ਸਮਾਨਤਾ ਅਤੇ ਸਮਾਵੇਸ਼ੀ ਵਿਕਾਸ ਪ੍ਰਤੀ ਅਟੱਲ ਸਮਰਪਣ ਦੀ ਪੁਸ਼ਟੀ ਕੀਤੀ।ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਅਜਿਹੇ ਜਾਗਰੂਕਤਾ ਕਾਰਜਾਂ ਦੇ ਮਹੱਤਵ ਨੂੰ ਰੌਸ਼ਨੀ ਵਿੱਚ ਲਿਆਂਦਾ, ਜੋ ਆਤਮਵਿਸ਼ਵਾਸੀ, ਜ਼ਿੰਮੇਵਾਰ ਅਤੇ ਸਮਾਜਿਕ ਭਾਵਨਾ ਵਾਲੇ ਵਿਅਕਤੀਆਂ ਨੂੰ ਪਾਲਣ-ਪੋਸ਼ਣ ਵਿੱਚ ਮਦਦ ਕਰਦੇ ਹਨ।ਸੈਸ਼ਨ ਦਾ ਡਾ. ਸੁਮਨਪ੍ਰੀਤ ਕੌਰ ਕੋਆਰਡੀਨੇਟਰ, ਐਸ ਸੀ/ ਐਸ ਟੀ/ਓ ਬੀ ਸੀ ਸੈਲ ਵੱਲੋਂ ਧੰਨਵਾਦ ਸ਼ਬਦਾਂ ਨਾਲ ਸਮਾਪਨ ਹੋਇਆ।ਇਹ ਪ੍ਰੋਗਰਾਮ ਰਜਨੀਤ ਕੌਰ ਨੇ ਐਸ ਸੀ/ ਐਸ ਟੀ ਸੈਲ ਟੀਮ ਨਾਲ ਮਿਲ ਕੇ ਕੁਸ਼ਲਤਾ ਨਾਲ ਨਿਭਾਇਆ ਤੇ ਵਿਦਿਆਰਥਣਾਂ ਵੱਲੋਂ ਸਕਰਿਆ ਭਾਗੀਦਾਰੀ ਨਾਲ ਇਹ ਇੱਕ ਅਰਥਪੂਰਨ ਪਲੇਟਫਾਰਮ ਬਣਿਆ।

## ਰੇਲਵੇ ਪਾਰਕ ਨੂੰ ਸੁੰਦਰ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ : ਡਾ. ਜੌਹਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਹਿਰ ਦੇ ਰੇਲਵੇ ਨੇਚਰ ਪਾਰਕ ਨੂੰ ਸੁੰਦਰ ਬਣਾਉਣ ਲਈ 24 ਦੇਸ਼ਾਂ ਦੇ ਝੰਡੇ ਲਗਾਏ ਗਏ ਹਨ, ਜੋ ਪਾਰਕ ਦੀ ਸੁੰਦਰਤਾ ਨੂੰ ਹੋਰ ਵਧਾਉਂਦਾ।ਇਹ ਜਾਣਕਾਰੀ ਦਿੰਦੇ ਹੋਏ ਗੁਰੂ ਨਾਨਕ ਸਪੋਰਟਸ ਕਲੱਬ ਦੇ ਜਨਰਲ ਸਕੱਤਰ ਵਾਤਾਵਰਣ ਪ੍ਰੇਮੀ ਡਾ. ਸ਼ਮਸ਼ੇਰ ਸਿੰਘ ਜੌਹਲ ਨੇ ਕਿਹਾ ਕਿ ਰੇਲਵੇ ਨੇਚਰ ਪਾਰਕ ਵਿੱਚ ਬਣੇ ਕਸ਼ਮੀਰ ਵੈਲੀ ਪੁਲ ਦੇ ਦੋਵੇਂ ਪਾਸੇ ਬੱਤਖਾਂ ਤੇ ਪੰਛੀਆਂ ਦੀ ਆਵਾਜ਼ ਪਾਰਕ ਨੂੰ ਇੱਕ ਸੁੰਦਰ ਦਿੱਖ ਦੇ ਰਹੀ ਹੈ, ਜੋ ਲੋਕਾਂ ਲਈ ਖਿੱਚ ਦਾ ਕੇਂਦਰ ਬਣ ਰਹੀ ਹੈ।ਉਨ੍ਹਾਂ ਕਿਹਾ ਕਿ ਸਵਰਗੀ ਸੁਰਿਆ ਪ੍ਰਕਾਸ਼ ਸ਼ਾਸਤਰੀ ਦੀ ਯਾਦ ਵਿੱਚ ਉਨ੍ਹਾਂ ਦੇ ਪੁੱਤਰ ਸ਼ਿਵ ਕੁਮਾਰ ਨੇ ਐਸ ਬੈਠਣ ਲਈ ਸੋਲਰ ਲਾਈਟਾਂ ਤੇ ਬੈਂਚ ਦਾਨ ਕੀਤੇ ਹਨ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਨੇਚਰ ਪਾਰਕ ਦਾ ਦੌਰਾ ਕਰਨ ਤੇ ਆਪਣੀ ਜ਼ਿੰਦਗੀ ਨੂੰ ਸਿਹਤਮੰਦ ਬਣਾਉਣ ਦੀ ਅਪੀਲ ਕੀਤੀ।ਗੁਰੂ ਨਾਨਕ ਸਪੋਰਟਸ ਕਲੱਬ ਉਨ੍ਹਾਂ ਨੂੰ ਸ਼ਾਸਤਰੀ ਪਰਿਵਾਰ ਦਾ ਇਸ ਮਹਾਨ ਯੋਗਦਾਨ ਲਈ ਧੰਨਵਾਦ ਕਰਦਾ ਹੈ।ਇਸ ਮੌਕੇ ਡਾ. ਸ਼ਮਸ਼ੇਰ ਸਿੰਘ ਮੌਤਾ ਜੌਹਲ, ਸਾਬਕਾ ਕੌਂਸਲਰ ਗੋਵਰਧਨ ਪੋਪਲੀ, ਸ਼ਿਵ ਕੁਮਾਰ, ਡਾ. ਪ੍ਰਕਾਸ਼ ਸ਼ਰਮਾ, ਡਾ. ਇੰਦਰਪਾਲ ਗਿੱਲ, ਗੋਪਾਲ ਰਾਏ, ਸਨਾ ਸਿੰਘ ਦੇਵਗਨ, ਜਸਪਾਲ ਸਿੰਘ ਪਲਟਾ ਮੌਜੂਦ ਸਨ।

## ਚਾਂਦੀ ਤਮਗਾ ਜੇਤੂ ਚੇਅਰਮੈਨ ਰਾਜਵੰਤ ਘੁੱਲੀ ਦਾ ਧੂਰੀ ਵਿਖੇ ਭਰਵਾਂ ਸਵਾਗਤ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿਨੀ ਗਰਗ)**-ਕੇਰਲਾ ਵਿਖੇ ਚੱਲ ਰਹੀ 46ਵੀਂ ਨੈਸ਼ਨਲ ਮਾਸਟਰ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਦੋ ਚਾਂਦੀ ਦੇ ਤਗਮੇਂ ਜਿੱਤ ਕੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਧੂਰੀ ਮਾਰਕਿਟ ਕਮੇਟੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਦਾ ਮੁੱਖ ਮੰਤਰੀ ਸਹਾਇਤਾ ਕੇਂਦਰ ਵਿਖੇ ਪਹੁੰਚਣ 'ਤੇ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਖੇਡ ਮੈਦਾਨ ਵਿੱਚ ਆਪਣੀ ਮਿਹਨਤ, ਲਗਨ ਅਤੇ ਅਨੁਸ਼ਾਸਨ ਨਾਲ ਸਾਬਤ ਕੀਤਾ ਹੈ ਕਿ ਉਮਰ ਕਦੇ ਵੀ ਕਾਮਯਾਬੀ ਦੇ ਰਾਹ ਵਿੱਚ ਰੁਕਾਵਟ ਨਹੀਂ ਬਣਦੀ।ਉਨ੍ਹਾਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਲਈ ਪ੍ਰੇਰਿਤ ਕਰਦੀਆਂ ਹਨ।ਇਸ ਮੌਕੇ ਰਾਜਵੰਤ ਸਿੰਘ ਘੁੱਲੀ ਨੇ ਆਪਣੀ ਜਿੱਤ ਦਾ ਸਿਹਰਾ ਪਰਿਵਾਰ ਅਤੇ ਸਾਥੀਆਂ ਦੇ ਸਹਿਯੋਗ ਸਿਰ ਬੰਨ੍ਹਦਿਆਂ ਕਿਹਾ ਕਿ ਖੇਡਾਂ ਇਨਸਾਨ ਨੂੰ ਅਨੁਸ਼ਾਸਨ ਅਤੇ ਸਿਹਤਮੰਦ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀਆਂ ਹਨ।ਇਸ ਮੌਕੇ ਡਾ. ਅਨਵਰ ਭਸੌੜ (ਮੈਂਬਰ, ਵਕਫ ਬੋਰਡ ਪੰਜਾਬ), ਐਡਵੋਕੇਟ ਹੈਪੀ ਗਰਗ, ਅਨਿਲ ਮਿੱਤਲ (ਡਾਇਰੈਕਟਰ, ਸਮਾਲ ਇੰਡਸਟਰੀਜ਼ ਪੰਜਾਬ), ਹਰਪ੍ਰੀਤ ਸਿੰਘ ਗਿੱਲ, ਦਰਸ਼ਨ ਸਿੰਘ ਪਾਠਕ, ਰਛਪਾਲ ਸਿੰਘ ਭੁੱਲਰ, ਸੁਖਪਾਲ ਸਿੰਘ, ਸਮੇਤ ਆਮ ਆਦਮੀ ਪਾਰਟੀ ਦੀ ਸਮੂਹ ਟੀਮ ਦੇ ਮੈਂਬਰ ਹਾਜ਼ਰ ਸਨ।

## ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਅਤੇ ਸ੍ਰੀ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਸੰਗਤ ਨੇ ਹਾਜ਼ਰੀ ਭਰੀ ਅਤੇ ਦਰਬਾਰ ਸਾਹਿਬ ਤੋਂ ਪੁੱਜੇ ਭਾਈ ਗੁਰਪ੍ਰੀਤ ਸਿੰਘ ਵਲੋਂ ਕਥਾ ਪ੍ਰਵਾਹ ਚਲਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਇਲਾਕੇ ਦੀਆਂ ਸੰਗਤਾਂ ਅਤੇ ਐੱਸ.ਜੀ.ਪੀ.ਸੀ. ਦੇ ਸਹਿਯੋਗ ਸਦਕਾ ਕਰਵਾਏ ਗਏ ਧਾਰਮਿਕ ਸਮਾਰੋਹ ਦੀ ਸ਼ੁਰੂਆਤ ਮੌਕੇ ਹਜ਼ੂਰੀ ਰਾਗੀ ਭਾਈ ਜਸਦੇਵ ਸਿੰਘ, ਭਾਈ ਸੁਖਵੀਰ ਸਿੰਘ ਅਤੇ ਭਾਈ ਗੁਰਵਿੰਦਰ ਸਿੰਘ ਵਲੋਂ ਰਸਭਿੰਨਾ ਕੀਰਤਨ ਕੀਤਾ ਗਿਆ। ਇਸ ਉਪਰੰਤ ਭਾਈ ਗੁਰਪ੍ਰੀਤ ਸਿੰਘ ਵਲੋਂ ਸੰਗਤਾਂ ਨੂੰ ਗੁਰੂ ਹਰਿ ਰਾਇ ਸਾਹਿਬ ਦੇ ਜੀਵਨ ਦੇ ਪ੍ਰਸੰਗ ਸਰਵਣ ਕਰਵਾਏ ਅਤੇ ਸੰਗਤਾਂ ਨੂੰ ਗੁਰੂ ਸਾਹਿਬ ਵਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਬਾਬਾ ਮੋਹਣ ਸਿੰਘ, ਹੈੱਡ ਗ੍ਰੰਥੀ ਹਰਪਾਲ ਸਿੰਘ ਗੁਰਮੁਖ, ਪ੍ਰਧਾਨ ਜਸਵੀਰ ਢਿੱਲੋਂ, ਹਰਦੀਪ ਸਿੰਘ ਗੁਰੂਗੜ੍ਹ, ਜੋਗਿੰਦਰ ਸਿੰਘ ਪੱਪੀ, ਭਾਈ ਅਮਰਜੀਤ ਸਿੰਘ, ਲੰਗਰ ਇੰਚਾਰਜ ਬਿੰਦਰ ਸਿੰਘ, ਹਰਬੰਤ ਸਿੰਘ ਮੁੱਤੋਂ ਵੀ ਮੌਜੂਦ ਸਨ। ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਗਿਆ।

## ਐਜੂਕੇਟ ਪੰਜਾਬ ਪ੍ਰੋਜੈਕਟ (ਲੁਧਿਆਣਾ) ਵੱਲੋਂ ਬੱਚਿਆਂ ਦੀ ਧਾਰਮਿਕ ਪ੍ਰੀਖਿਆ




**ਬਠਿੰਡਾ (ਰਾਜੀਵ ਗੋਇਲ)**-ਜ਼ਿਲ੍ਹੇ ਦੇ ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵਿਖੇ ਗੁਰੂ ਨਾਨਕ ਮਲਟੀਵਰਸਿਟੀ ਐਜੂਕੇਟ ਪੰਜਾਬ ਪ੍ਰੋਜੈਕਟ (ਲੁਧਿਆਣਾ) ਵੱਲੋਂ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਸੰਬੰਧ ਵਿੱਚ ਧਾਰਮਿਕ ਪ੍ਰੀਖਿਆ ਮੁਕਾਬਲੇ ਕਰਾਏ ਗਏ, ਜਿਸ ਵਿੱਚ ਤੀਜੀ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਪ੍ਰੀਖਿਆਵਾਂ ਦਾ ਨਤੀਜਾ ਅੰਮ੍ਰਿਤਸਰ ਸਾਹਿਬ ਮੰਜੀ ਹਾਲ ਵਿਖੇ ਐਲਾਨਿਆ ਗਿਆ, ਜਿਸ 'ਚ ਸਕੂਲ ਦੇ ਦੂਜਾ ਪੜਾਅ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਤੀਜਾ ਪੜਾਅ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ ਤੇ ਤੀਜੇ ਪੜਾਅ ਵਿਚੋਂ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਸੋਨੂੰ ਕੁਮਾਰ ਨੇ ਐਜੂਕੇਟ ਪੰਜਾਬ ਪ੍ਰੋਜੈਕਟ (ਲੁਧਿਆਣਾ) ਦੇ ਮੁੱਖ ਕਰਤਾ ਜਸਵਿੰਦਰ ਸਿੰਘ ਖਾਲਸਾ (ਯੂ.ਕੇ) ਵਾਲੇ, ਸੰਪੂਰਨ ਸਿੰਘ, ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਜਲਾਲ ਅਤੇ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਧਾਰਮਿਕ ਪ੍ਰੀਖਿਆਵਾਂ ਹਰ ਸਾਲ ਕਰਾਉਂਦੇ ਰਹਿਣੇ ਚਾਹੀਦੇ ਹਨ ਤਾਂ ਜੁ ਬੱਚਿਆਂ ਦਾ ਸਿੱਖੀ ਪ੍ਰਤੀ ਉਤਸ਼ਾਹ ਬਣਿਆ ਰਹੇ।

## ਵਿਦਿਆਰਥੀਆਂ ਨੂੰ ਐਮਰਜੈਂਸੀ ਸਥਿਤੀ 'ਚ ਮੱਦਦ ਬਾਰੇ ਦੱਸਿਆ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਗ੍ਰਿਹ ਮੰਤਰਾਲਾ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਡੀ.ਜੀ.ਪੀ ਪੰਜਾਬ ਹੋਮ ਗਾਰਡਜ ਸੰਜੀਵ ਕਾਲੜਾ ਦੀ ਰਹਿਨੁਮਾਈ ਹੇਠ ਤੇ ਕੰਟਰੋਲਰ ਸਿਵਲ ਡਿਫੈਂਸ ਮੈਡਮ ਅਮਰਪ੍ਰੀਤ ਕੌਰ ਸੰਧੂ ਆਈ.ਏ.ਐਸ ਤੇ ਜ਼ਿਲ੍ਹਾ ਕਮਾਂਡਰ ਕਮ-ਅਡੀਸ਼ਨਲ ਕੰਟਰੋਲਰ ਸਿਵਲ ਡਿਫੈਂਸ ਗੁਰਲਵਦੀਪ ਸਿੰਘ ਗਰੇਵਾਲ ਦੀ ਅਗਵਾਈ ਵਿੱਚ ਡੀ.ਏ.ਵੀ ਕਾਲਜ ਅਬੋਹਰ ਵਿੱਚ ਸੱਤ ਰੋਜ਼ਾ ਸਿਵਿਲ ਡਿਫੈਂਸ ਟ੍ਰੇਨਿੰਗ ਪ੍ਰੋਗਰਾਮ ਦੇ ਐਨ.ਡੀ.ਆਰ.ਐਫ 07 ਬਟਾਲੀਅਨ ਬਠਿੰਡਾ ਵੱਲੋਂ ਇੰਸਪੈਕਟਰ ਜੈਪਾਲ ਅਤੇ ਉਹਨਾਂ ਦੀ ਟੀਮ ਦੁਆਰਾ ਵਿਦਿਆਰਥੀਆਂ ਨੂੰ ਐਮਰਜੈਂਸੀ ਹਾਲਾਤਾਂ ਵਿੱਚ ਸਰਚ ਤੇ ਲੋਕੇਸ਼ਨ ਤਕਨੀਕ, ਸਟਰੈਚਰ ਦੀ ਸਹੀ ਵਰਤੋਂ ਤੇ ਜ਼ਖ਼ਮੀਆਂ ਨੂੰ ਸੁਰੱਖਿਅਤ ਤਰੀਕੇ ਨਾਲ ਬਾਹਰ ਕੱਢਣ ਦੇ ਪ੍ਰੈਕਟੀਕਲ/ਡੈਮੋ ਕਰਾ ਕੇ ਜਾਗਰੂਕ ਕੀਤਾ ਗਿਆ।ਐਮਰਜੈਂਸੀ ਹਾਲਾਤਾਂ ਵਿੱਚ ਸਰਚ ਤੇ ਲੋਕੇਸ਼ਨ ਤਕਨੀਕ, ਸਟਰੈਚਰ ਦੀ ਸਹੀ ਵਰਤੋਂ ਅਤੇ ਜ਼ਖ਼ਮੀਆਂ ਨੂੰ ਸੁਰੱਖਿਅਤ ਤਰੀਕੇ ਨਾਲ ਬਾਹਰ ਕੱਢਣ ਦੇ ਪ੍ਰੈਕਟੀਕਲ/ਡੈਮੋ ਕਰਾ ਕੇ ਜਾਗਰੂਕ ਕੀਤਾ। ਰੈੱਡ ਕਰਾਸ ਟੀਮ ਵੱਲੋਂ ਵਲੰਟੀਅਰਜ ਨੂੰ ਜ਼ਖ਼ਮੀ ਨੂੰ ਫਸਟ ਏਡ ਦੇਣ ਦਾ ਮਹੱਤਵ, ਫਸਟ ਏਡ ਦੇਣ ਵਾਲੇ ਦੀਆਂ ਜ਼ਿੰਮੇਵਾਰੀਆਂ, ਸੀ.ਪੀ.ਆਰ ਦੇਣ ਦੀ ਵਿਧੀ ਬਾਰੇ ਵਿਸਥਾਰ ਸਹਿਤ ਦੱਸਿਆ।

## ਸੋਹਣ ਸਿਕੰਦਰ ਲੈ ਕੇ ਹਾਜ਼ਰ ਹੈ 'ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ'



**ਹਠੂਰ (ਲਵਲੀ ਕੁਮਾਰ)**-ਪਿਛਲੇ ਚਾਰ ਦਹਾਕਿਆ ਤੋਂ ਪੰਜਾਬੀ ਸੱਭਿਆਚਾਰ ਦੀ ਸੇਵਾ ਕਰਦੇ ਆ ਰਹੇ ਫਿਲਮੀ ਪਲੇਅ ਸਿੰਗਰ ਪ੍ਰਸਿੱਧ ਲੋਕ ਗਾਇਕ ਸੋਹਣ ਸਿਕੰਦਰ ਆਪਣੇ ਸਰੋਤਿਆਂ ਦੀ ਕਚਹਿਰੀ ਵਿਚ ਲੈ ਕੇ ਹਾਜ਼ਰ ਹੈ ਆਪਣਾ ਭਜਨ 'ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ'। ਇਸ ਭਜਨ ਸੰਬੰਧੀ ਜਾਣਕਾਰੀ ਦਿੰਦਿਆਂ ਲੋਕ ਗਾਇਕ ਸੋਹਣ ਸਿਕੰਦਰ ਨੇ ਦੱਸਿਆ ਕਿ ਇਸ ਭਜਨ ਨੂੰ ਆਪਣੀ ਮਿਆਰੀ ਕਲਮ ਨਾਲ ਸ਼ਿਗਾਰਿਆ ਹੈ ਪ੍ਰਸਿੱਧ ਗੀਤਕਾਰ ਸੋਨੀ ਸੇਮੀ ਪਿੰਡ ਨੇ, ਉੱਘੇ ਸਮਾਜ ਸੇਵਕ ਅਵਤਾਰ ਧੀਮਾਨ ਦੀ ਪੇਸ਼ਕਸ਼ ਹੈ।ਸੰਗੀਤ ਨਿਰਮਲ ਸਹੋਤਾ ਨੇ ਦਿੱਤਾ ਹੈ, ਵੀਡੀਓ ਅਵਤਾਰ ਧੀਮਾਨ ਸਿੰਘ ਦੀ ਟੀਮ ਵੱਲੋਂ ਪੰਜਾਬ ਦੇ ਵੱਖ-ਵੱਖ ਧਾਰਮਿਕ ਸਥਾਨਾਂ 'ਤੇ ਫਿਲਮਾਈ ਗਈ ਹੈ।ਇਹ ਭਜਨ ਸ੍ਰੀ ਗੁਰੂ ਰਵਿਦਾਸ ਜੀ ਦੇ 649 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਹੈ ਜੋ ਸੋਸ਼ਲ ਮੀਡੀਆ 'ਤੇ ਰਿਲੀਜ਼ ਹੋ ਚੁੱਕਾ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਵੱਖ-ਵੱਖ ਟੀ ਵੀ ਚੈਨਲਾਂ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

# ਊਰਜਾ ਦੇ ਭਵਿੱਖ ਨੂੰ ਆਕਾਰ ਦੇਣ 'ਚ ਐੱਚ ਐੱਮ ਈ ਐੱਲ ਦੀ ਅਹਿਮ ਭੂਮਿਕਾ : ਗੋਹਿਲ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਐਚ ਪੀ ਸੀ ਐਲ-ਮਿੱਤਲ ਐਨਰਜੀ ਲਿਮਿਟਡ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਵੱਲੋਂ ਬਠਿੰਡਾ ਟਾਊਨਸ਼ਿਪ, ਪਾਈਪਲਾਈਨ ਦਫ਼ਤਰ ਸਮੇਤ ਵੱਖ-ਵੱਖ ਵਪਾਰਕ ਸਥਾਨਾਂ 'ਤੇ ਗਣਤੰਤਰ ਦਿਵਸ ਬੜੇ ਉਤਸ਼ਾਹ ਅਤੇ ਦੇਸ਼ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ। ਇਸ ਸਮਾਰੋਹ ਵਿੱਚ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਭਰਪੂਰ ਭਾਗੀਦਾਰੀ ਕੀਤੀ, ਜਿਸ ਨਾਲ ਇਹ ਦਿਨ ਰਾਸ਼ਟਰੀ ਮਾਣ ਅਤੇ ਏਕਤਾ ਦਾ ਪ੍ਰਤੀਕ ਬਣ ਗਿਆ। ਮਿਲੇਨੀਅਮ ਸਕੂਲ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤ ਗਾ ਕੇ ਸਮਾਗਮ ਨੂੰ ਚਾਰ ਚੰਨ੍ਹ ਲਾਏ। ਇਸ ਦੇ ਨਾਲ ਸੁਰੱਖਿਆ ਟੀਮ ਅਤੇ ਕਰਮਚਾਰੀਆਂ ਲਈ ਖੇਡ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਨਾਲ ਆਪਸੀ ਭਾਈਚਾਰੇ ਅਤੇ ਟੀਮ ਭਾਵਨਾ ਨੂੰ ਉਤਸ਼ਾਹ ਮਿਲਿਆ।ਐਚ ਐਮ ਈ ਐਲ ਬਠਿੰਡਾ ਟਾਊਨਸ਼ਿਪ ਵਿੱਚ ਹੋਏ ਸਮਾਰੋਹ ਦੌਰਾਨ ਐਚ ਐਮ ਈ ਐਲ ਦੇ ਸੀ ਈ ਓ ਸ੍ਰੀ ਐਮ. ਬੀ. ਗੋਹਿਲ ਨੇ ਰਾਸ਼ਟਰੀ ਝੰਡਾ ਲਹਿਰਾਇਆ ਅਤੇ ਸਮਾਗਮ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਰਿਫਾਇਨਰੀ ਦੇ ਸੁਰੱਖਿਅਤ ਅਤੇ ਸਫ਼ਲ ਟਰਨਅਰਾਊਂਡ ਲਈ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਉਨ੍ਹਾਂ ਦੀ ਸਮਰਪਣ ਭਾਵਨਾ ਅਤੇ ਮੇਹਨਤ ਨਾਲ ਹੀ ਸੰਭਵ ਹੋਈ ਹੈ। ਗਣਤੰਤਰ ਦਿਵਸ ਨੂੰ ਸਾਂਝੀ ਜ਼ਿੰਮੇਵਾਰੀ ਦੱਸਦਿਆਂ ਉਨ੍ਹਾਂ ਨੇ ਕਿਹਾ ਕਿ ਭਾਰਤ ਦੇ ਊਰਜਾ ਭਵਿੱਖ ਨੂੰ ਆਕਾਰ ਦੇਣ ਅਤੇ ਸਥਾਨਕ ਸਮੁਦਾਇਆਂ ਨੂੰ ਸਸ਼ਕਤ ਬਣਾਉਣ ਵਿੱਚ ਐਚ ਐਮ ਈ ਐਲ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ।ਸਥਾਨਕ ਸਮੁਦਾਇਆਂ ਨੂੰ ਸਸ਼ਕਤ ਬਣਾਉਣ ਲਈ ਐਚ ਐਮ ਈ ਐਲ ਸੈਲਫ ਹੈਲਪ ਗਰੁੱਪਾਂ ਰਾਹੀਂ ਮਹਿਲਾ ਸਸ਼ਕਤੀਕਰਨ ਨੂੰ ਪ੍ਰੋਤਸਾਹਨ ਦੇ ਰਿਹਾ ਹੈ, ਜਿਸ ਨਾਲ 7 ਹਜ਼ਾਰ ਤੋਂ ਵੱਧ ਮਹਿਲਾਵਾਂ ਰੋਜ਼ਗਾਰ ਹਾਸਲ ਕਰ ਰਹੀਆਂ ਹਨ। ਸਿੱਖਿਆ ਖੇਤਰ ਵਿੱਚ 59 ਪਿੰਡਾਂ ਦੇ 114 ਸਕੂਲ ਗੋਦ ਲੈ ਕੇ 21 ਹਜ਼ਾਰ ਵਿਦਿਆਰਥੀਆਂ ਦੇ ਭਵਿੱਖ ਨੂੰ ਸੰਵਾਰਨ ਵਿੱਚ ਅਹਿਮ ਯੋਗਦਾਨ ਪਾਇਆ ਗਿਆ ਹੈ, ਜਿਸ ਨਾਲ ਪਿੰਡਾਂ ਦੇ ਬੱਚੇ ਐਨ ਆਈ ਟੀ ਅਤੇ ਆਈ ਆਈ ਟੀ ਵਰਗੇ ਪ੍ਰਤਿਸ਼ਠਿਤ ਸੰਸਥਾਨਾਂ ਤੱਕ ਪਹੁੰਚ ਰਹੇ ਹਨ। ਇਸ ਸਮਾਰੋਹ ਵਿੱਚ ਐਚ ਐਮ ਈ ਐਲ ਦੇ ਸ੍ਰੀ ਅਰੁਣ ਭਾਰਦਵਾਜ (ਵੀ ਪੀ - ਓਪਰੇਸ਼ਨਲ ਐਕਸਲੈਂਸ), ਸ੍ਰੀ ਰਾਜੀਵ ਪਰਮਾਰ (ਵੀ ਪੀ - ਪ੍ਰੋਜੈਕਟਸ), ਸ੍ਰੀ ਹੈਕਟਰ ਸਲਾਜ਼ਾਰ (ਵੀ ਪੀ - ਸੇਫਟੀ) ਸਮੇਤ ਹੋਰ ਵਿਭਾਗੀ ਮੁਖੀ ਵੀ ਮੌਜੂਦ ਰਹੇ।

# ਮਜੀਠੀਆ ਦੀ ਰਿਹਾਈ ਨਾਲ ਸੱਚ ਦੀ ਹੋਈ ਜਿੱਤ : ਢਿੱਲੋਂ



**ਸਮਰਾਲਾ (ਸੁਰਜੀਤ ਸਿੰਘ)**-ਪਰਮਜੀਤ ਸਿੰਘ ਢਿੱਲੋਂ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੁਲਿਸ ਜ਼ਿਲ੍ਹਾ ਖੰਨਾ ਅਤੇ ਹਲਕਾ ਇੰਚਾਰਜ ਸਮਰਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਜੋ ਆਮ ਲੋਕਾਂ ਨੂੰ ਆਪਣੇ ਬਹਿਕਾਵੇ ਵਿੱਚ ਲੈ ਕੇ, ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ 2022 ਵਿੱਚ ਪੰਜਾਬ ਅੰਦਰ ਸਰਕਾਰ ਬਣਾਉਣ ਵਿੱਚ ਸਫਲ ਰਹੀ ਅੱਜ ਉਹੀ ਪੰਜਾਬ ਦੇ ਲੋਕ 'ਆਪ' ਦੀ ਸਰਕਾਰ ਬਣਾ ਕੇ ਪਛਤਾ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਨੇ ਸੱਤਾ ਦੇ ਨਸ਼ੇ ਵਿੱਚ ਆ ਕੇ ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਜਾਣਬੁੱਝ ਕੇ ਬਦਨਾਮ ਕਰਨ ਦੀ ਮਨਸ਼ਾ ਨਾਲ ਇਨ੍ਹਾਂ ਦੇ ਆਗੂਆਂ ਉੱਤੇ ਝੂਠੇ ਕੇਸ ਪਾਏ। ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਆਗੂ ਬਿਕਰਮਜੀਤ ਸਿੰਘ ਮਜੀਠੀਆਂ ਨੂੰ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ ਗਿਆ ਪਰ ਹੁਣ ਉਨ੍ਹਾਂ ਦੀ ਰਿਹਾਈ ਨਾਲ ਸਾਬਤ ਹੋ ਗਿਆ ਹੈ ਕਿ ਸਰਕਾਰ ਨੇ ਝੂਠਾ ਕੇਸ ਪਾਇਆ ਹੈ।ਬਿਕਰਮਜੀਤ ਸਿੰਘ ਮਜੀਠੀਆਂ ਨੂੰ ਜਮਾਨਤ ਮਿਲਣਾ ਇਹ ਸਾਬਤ ਕਰਦਾ ਹੈ ਕਿ ਜਿੱਤ ਹਮੇਸ਼ਾ ਸੱਚ ਦੀ ਹੁੰਦੀ ਹੈ, ਮਜੀਠੀਆ ਨੂੰ ਜੇਲ੍ਹ ਵਿੱਚ ਡੱਕ ਕੇ ਰੱਖਣ ਲਈ ਆਮ ਆਦਮੀ ਪਾਰਟੀ ਨੇ ਅੱਡੀ ਚੋਟੀ ਦਾ ਜੋਰ ਲਗਾ ਕੇ ਰੱਖਿਆ, ਹਰ ਤਰ੍ਹਾਂ ਦੇ ਵਸੀਲੇ ਵਰਤੇ, ਪ੍ਰੰਤੂ ਕਾਮਯਾਬ ਨਹੀਂ ਹੋ ਸਕੇ। ਸਮਰਾਲਾ ਵਿਖੇ ਉਨ੍ਹਾਂ ਦੀ ਜਮਾਨਤ ਦੀ ਖੁਸ਼ੀ ਮਨਾਈ ਗਈ ਅਤੇ ਲੱਡੂ ਵੰਡੇ ਗਏ। ਇਸ ਮੌਕੇ ਰਾਜਿੰਦਰ ਸਿੰਘ ਢਿੱਲੋਂ, ਸੁਰਿੰਦਰਪਾਲ ਸਿੰਘ ਢਿੱਲੋਂ, ਭੁਪਿੰਦਰ ਸਿੰਘ ਢਿੱਲੋਂ, ਜਸਮੇਲ ਸਿੰਘ ਬੌਂਦਲੀ, ਹਰਜਤਿੰਦਰ ਸਿੰਘ ਬਾਜਵਾ, ਜਥੇਦਾਰ ਅਮਰੀਕ ਸਿੰਘ ਹੇੜੀਆਂ, ਪਰਵਿੰਦਰ ਸਿੰਘ ਬੱਲੀ, ਬਹਾਦਰ ਸਿੰਘ ਮਾਣਕੀ, ਬੇਅੰਤ ਸਿੰਘ ਬਲਾਲਾ, ਸੁਰਜੀਤ ਸਿੰਘ ਨੀਲੋਂ, ਏਕਮਜੋਤ ਸਿੰਘ, ਕਮਲ ਸਮਰਾਲਾ, ਕਮਲਜੀਤ ਬੰਗੜ, ਅਵਤਾਰ ਸਿੰਘ ਐਮ. ਸੀ., ਮਨੀ ਕੋਲਾ, ਹਰਨੇਕ ਸਿੰਘ, ਜੱਸਾ ਦਿਆਲਪੁਰਾ, ਗੋਲਡੀ ਸਮਸ਼ਪੁਰ, ਕੈਪਟਨ ਹਰਜਿੰਦਰ ਸਿੰਘ, ਜਸਵੀਰ ਸਿੰਘ ਮੱਲ ਮਾਜਰਾ, ਕੁਲਦੀਪ ਸਿੰਘ ਸੰਗਤਪੁਰ, ਹਰਜੋਤ ਸਿੰਘ ਮਾਂਗਟ, ਅਨੰਤਵੀਰ ਸਿੰਘ ਢਿੱਲੋਂ, ਦਲਵੀਰ ਸਿੰਘ ਕੰਗ, ਸੁਰਿੰਦਰ ਸਿੰਘ ਸੇਖੋਂ, ਬਿੱਲੂ ਭੰਗਲਾਂ, ਜਗਜੀਤ ਸਿੰਘ ਬੌਂਦਲੀ, ਲੱਖੀ ਕਲਸੀ, ਸੈਬੀ ਊਰਨਾਂ, ਕੇਸਰ ਸਿੰਘ ਮੁਸ਼ਕਾਬਾਦ, ਸਨੀ ਨੰਬਰਦਾਰ, ਜਗਦੀਪ ਸਿੰਘ ਆਈ. ਟੀ. ਵਿੰਗ, ਅਰਸ਼ ਜੱਸੋਵਾਲ ਆਈ. ਟੀ. ਵਿੰਗ, ਦਲਜੀਤ ਸਿੰਘ ਬੁਲੇਵਾਲ, ਹਰਵਿੰਦਰ ਸਿੰਘ ਸ਼ੇਰੀਆਂ, ਡਾ.ਮਲੂਕ ਸਿੰਘ, ਹਰਵਿੰਦਰ ਸਿੰਘ ਚਕਲੀ ਆਦਲ, ਸੁਖਵਿੰਦਰ ਸਿੰਘ ਢਿੱਲੋਂ ਸਾਬਕਾ ਐਮ. ਸੀ., ਗੁਰਜੀਤ ਸਿੰਘ ਮਿੱਠੇਵਾਲ, ਨਿਰਮਲ ਸਿੰਘ ਮੰਜਾਲੀ ਕਲਾਂ, ਗਗਨ ਮੰਜਾਲੀ ਕਲਾਂ, ਬਿੱਲੂ ਮਾਦਪੁਰ, ਸੁਦਾਗਰ ਸਿੰਘ ਭਗਵਾਨਪੁਰਾ ਤੇ ਸਮਰਾਲਾ ਹਲਕੇ ਦੇ ਸ਼੍ਰੋਮਣੀ ਅਕਾਲੀ ਦੇ ਵਰਕਰ ਹਾਜਰ ਸਨ।

## ਸੇਵਾ ਕਰਨ ਵਾਲੀਆਂ ਲੜਕੀਆਂ ਨੂੰ ਸਨਮਾਨ ਚਿੰਨ੍ਹ ਭੇਟ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਜਯੰਤੀ ਮੌਕੇ ਕਰਾਏ ਸਮਾਗਮ ਦੌਰਾਨ ਸੰਗਤਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਤੇ ਪ੍ਰੋਗਰਾਮ ਦੌਰਾਨ ਸੇਵਾ ਨਿਭਾਉਣ ਵਾਲੀਆਂ ਲੜਕੀਆਂ ਨੂੰ ਮੈਡਮ ਖੁਸ਼ਬੂ ਸਵਨਾ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਉਨ੍ਹਾਂ ਜਿੱਥੇ ਸਮੂਹ ਸੰਗਤਾਂ ਨੂੰ ਗੁਰੂ ਸਾਹਿਬ ਦੀ ਜਯੰਤੀ ਦੀਆਂ ਵਧਾਈਆਂ ਦਿੱਤੀਆਂ, ਉਥੇ ਇਸ ਦਿਹਾੜੇ ਨੂੰ ਸਫ਼ਲ ਬਣਾਉਣ ਵਾਲਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਦੀ ਗੁਰੂ ਸਾਹਿਬ ਪ੍ਰਤੀ ਆਸਥਾ ਤੇ ਪਿਆਰ ਬੇਮਿਸਾਲ ਹੈ। ਉਨ੍ਹਾਂ ਕਿਹਾ ਕਿ ਲੜਕੀਆਂ ਦੀ ਉਤਸਵ ਨੂੰ ਸਫ਼ਲ ਬਣਾਉਣ ਵਿਚ ਅਹਿਮ ਭੂਮਿਕਾ ਰਹੀ ਹੈ। ਉਨ੍ਹਾਂ ਕਿਹਾ ਕਿ ਲੜਕੀਆਂ ਕਿਸੇ ਵੀ ਪੱਖੋਂ ਘੱਟ ਨਹੀਂ ਹਨ। ਉਨ੍ਹਾਂ ਕਿਹਾ ਕਿ ਲੜਕੀਆਂ ਨੂੰ ਜੋ ਵੀ ਕਾਰਜ ਸੌਂਪਿਆ ਜਾਂਦਾ ਹੈ, ਉਹ ਤਨਦੇਹੀ ਨਾਲ ਮੁਕੰਮਲ ਕਰਦੀਆਂ ਹਨ।

# ਸਰਕਾਰ ਸਫਾਈ ਕਰਮਚਾਰੀਆਂ ਦੀ ਬਿਹਤਰੀ ਲਈ ਦ੍ਰਿੜ੍ਹ ਸੰਕਲਪ : ਚੇਅਰਮੈਨ ਚੰਦਨ ਗਰੇਵਾਲ

### ਸਫ਼ਾਈ ਕਰਮਚਾਰੀਆਂ ਦੀਆਂ ਸੁਣੀਆਂ ਸਮੱਸਿਆਵਾਂ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸਫਾਈ ਕਰਮਚਾਰੀਆਂ ਦੀ ਬਿਹਤਰੀ ਲਈ ਵਚਨਬੱਧ ਹੈ।ਪੰਜਾਬ ਰਾਜ ਸਫਾਈ ਕਰਮਚਾਰੀ ਕਮਿਸ਼ਨ ਵੱਲੋਂ ਸੂਬੇ ਦੇ ਵੱਖ-ਵੱਖ ਸਰਕਾਰੀ ਵਿਭਾਗਾਂ 'ਚ ਕੰਮ ਕਰਦੇ ਸਫ਼ਾਈ ਕਰਮਚਾਰੀਆਂ ਦੀ ਭਲਾਈ ਯਕੀਨੀ ਬਣਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਰਾਜ ਸਫਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ ਨੇ ਬੱਚਤ ਭਵਨ ਵਿਖੇ ਵੱਖ-ਵੱਖ ਵਿਭਾਗਾਂ ਤੇ ਨਗਰ ਕੌਂਸਲ ਸਰਹਿੰਦ, ਅਮਲੋਹ, ਮੰਡੀ ਗੋਬਿੰਦਗੜ੍ਹ, ਬੱਸੀ ਪਠਾਣਾ ਤੇ ਨਗਰ ਪੰਚਾਇਤ ਖਮਾਣੋਂ ਦੇ ਅਧਿਕਾਰੀਆਂ ਤੇ ਸਫਾਈ ਕਰਮਚਾਰੀ ਯੂਨੀਅਨ ਦੇ ਨੁਮਾਇੰਦਿਆਂ ਨਾਲ ਇਕ ਮਹੱਤਵਪੂਰਨ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਇਸ ਮੌਕੇ ਸਫਾਈ ਕਰਮਚਾਰੀਆਂ ਨੂੰ ਦਰਪੇਸ਼ ਮੁਸ਼ਕਲਾਂ ਵੀ ਸੁਣੀਆਂ। ਇਸ ਮੌਕੇ ਉਨ੍ਹਾਂ ਕਿਹਾ ਕਿ ਸਫ਼ਾਈ ਕਰਮਚਾਰੀ ਸਮਾਜ ਦੀ ਰੀੜ੍ਹ ਦੀ ਹੱਡੀ ਹਨ ਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਕਿ ਉਨ੍ਹਾਂ ਨੂੰ ਸਨਮਾਨਜਨਕ ਜੀਵਨ ਤੇ ਜ਼ਰੂਰੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ।ਇਸ ਮੌਕੇ ਮੁੱਖ ਮੰਤਰੀ ਫੀਲਡ ਅਫਸਰ ਸ਼ੰਕਰ ਸ਼ਰਮਾ, ਡੀ ਐੱਸ ਪੀ ਇੰਦਰਪ੍ਰੀਤ ਸਿੰਘ, ਐੱਸ ਐੱਮ ਓ ਡਾ. ਕੇ. ਡੀ. ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਗਰੇਵਾਲ ਨੇ ਕਿਹਾ ਕਿ ਬਹੁਤ ਸਾਰੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕਰ ਦਿੱਤਾ ਗਿਆ।ਇਸ ਦੇ ਨਾਲ ਹੀ, ਕੁਝ ਮੰਗਾਂ ਹਨ ਜੋ ਸੂਬਾ ਪੱਧਰ 'ਤੇ ਹਨ, ਜਿਨ੍ਹਾਂ ਨੂੰ ਸੂਬਾ ਸਰਕਾਰ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ, ਤਾਂ ਜੋ ਉਨ੍ਹਾਂ ਦਾ ਵੀ ਜਲਦੀ ਹੱਲ ਕੀਤਾ ਜਾ ਸਕੇ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਫ਼ਾਈ ਕਰਮਚਾਰੀਆਂ ਨੂੰ ਉਨ੍ਹਾਂ ਦੀ ਤਨਖਾਹ ਸਮੇਂ ਸਿਰ ਦਿੱਤੀ ਜਾਵੇ, ਸੁਰੱਖਿਆ ਉਪਕਰਣ ਤੇ ਲੋੜੀਂਦੀ ਸਿਖਲਾਈ ਪ੍ਰਦਾਨ ਕੀਤੀ ਜਾਵੇ। ਮੀਟਿੰਗ ਦੇ ਅੰਤ ਵਿੱਚ ਉਨ੍ਹਾਂ ਮੌਜੂਦ ਸਫ਼ਾਈ ਕਰਮਚਾਰੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

# ਖਿਆਲੀ 'ਚ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



**ਮਹਿਲ ਕਲਾਂ (ਅਵਤਾਰ ਸਿੰਘ ਅਣਖੀ)**

ਪਿੰਡ ਖਿਆਲੀ ਵਿਖੇ ਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਪੂਰਵਕ ਮਨਾਇਆ ਗਿਆ।

ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪ੍ਰਸਿੱਧ ਰਾਗੀ ਭਾਈ ਜਗਸੀਰ ਸਿੰਘ ਖ਼ਾਲਸਾ ਦੇ ਜਥੇ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਰਵਿਦਾਸ ਮਹਾਰਾਜ ਜੀ ਜੀਵਨ ਤੇ ਉਨ੍ਹਾਂ ਦੇ ਉਪਦੇਸ਼ਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਜਾਤ-ਪਾਤ, ਭੇਦਭਾਵ ਖਤਮ ਕਰਕੇ ਬਰਾਬਰਤਾ ਦਾ ਸਮਾਜ ਸਿਰਜਣ ਲਈ ਦਿੱਤੇ ਸ਼ੰਦੇਸ਼ ਨੂੰ ਅਮਲ ਵਿੱਚ ਲਾਗੂ ਕਰਨਾ ਸਮੇਂ ਦੀ ਮੁੱਖ ਲੋੜ ਹੈ।ਇਸ ਮੌਕੇ ਬਾਬਾ ਜਗਤਾਰ ਦਾਸ, ਹਰਵਿੰਦਰ ਸਿੰਘ ਫੌਜੀ, ਕਬੱਡੀ ਕੁਮੈਂਟੇਟਰ ਲੱਖਾ ਖਿਆਲੀ, ਕਾਮਰੇਡ ਬਵਨ ਸਿੰਘ ਖਿਆਲੀ, ਬਾਬਾ ਮੱਖਣ ਸਿੰਘ, ਰਾਜਾ ਰਾਮ ਬੱਗੂ ਆਦਿ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਅਵਤਾਰ ਦਿਹਾੜੇ ਦੀ ਵਧਾਈ ਦਿੱਤੀ।

ਕਮੇਟੀ ਪ੍ਰਧਾਨ ਗੁਰਮੇਲ ਸਿੰਘ, ਹਰਬੰਸ ਸਿੰਘ, ਚਤਰ ਸਿੰਘ, ਗੁਰਤੇਜ ਸਿੰਘ, ਜਸਵੰਤ ਸਿੰਘ, ਜਗਸੀਰ ਸਿੰਘ, ਨਵਦੀਪ ਸਿੰਘ, ਜਗਤਾਰ ਸਿੰਘ, ਸਤਨਾਮ ਸਿੰਘ, ਤਰਸੇਮ ਸਿੰਘ, ਹਰਪ੍ਰੀਤ ਸਿੰਘ ਆਦਿ ਸਮੂਹ ਪ੍ਰਬੰਧਕਾਂ ਅਗਵਾਈ ਹੇਠ ਪ੍ਰਸਿੱਧ ਰਾਗੀ ਭਾਈ ਜਗਸੀਰ ਸਿੰਘ ਖ਼ਾਲਸਾ ਸਮੇਤ ਵੱਖ-ਵੱਖ ਸ਼ਖਸੀਅਤਾਂ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਤ ਕੀਤਾ ਗਿਆ।

## ਆਂਗਣਵਾੜੀ ਵਰਕਰਾਂ ਦੀ 'ਪੋਸ਼ਣ ਵੀ ਪੜ੍ਹਾਈ ਵੀ' ਟ੍ਰੇਨਿੰਗ ਕਰਾਈ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ੍ਰੀਮਤੀ ਰਤਿੰਦਰਪਾਲ ਕੌਰ ਧਾਰੀਵਾਲ ਦੀ ਅਗਵਾਈ ਹੇਠ ਬਲਾਕ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਆਂਗਣਵਾੜੀ ਵਰਕਰਾਂ ਦੀ ਪੋਸ਼ਣ ਵੀ ਪੜ੍ਹਾਈ ਵੀ ਦੀ ਟ੍ਰੇਨਿੰਗ ਦੀ ਸ਼ੁਰੂਆਤ ਕੀਤੀ ਗਈ ਹੈ।ਸੀ.ਡੀ.ਪੀ.ਓ ਹਰਬੰਸ ਸਿੰਘ ਨੇ ਦੱਸਿਆ ਕਿ ਇਸ ਟ੍ਰੇਨਿੰਗ ਦਾ ਮੁੱਖ ਉਦੇਸ਼ ਆਂਗਣਵਾੜੀ ਸੈਂਟਰਾਂ ਵਿੱਚ 0-6 ਸਾਲ ਦੇ ਬੱਚਿਆਂ ਨੂੰ ਕੇਅਰ ਐਂਡ ਐਜੂਕੇਸ਼ਨ ਸਿੱਖਿਆ ਦੇਣ ਲਈ ਆਂਗਣਵਾੜੀ ਵਰਕਰਜ਼ ਦੇ ਹੁਨਰ ਵਿਚ ਨਿਖ਼ਾਰ ਲਿਆਉਣਾ ਹੈ ਤਾਂ ਜੁ ਖੇਡ ਗਤੀਵਿਧੀਆਂ ਰਾਹੀਂ ਅਤੇ ਰੌਚਕ ਤਰੀਕੇ ਨਾਲ ਆਂਗਣਵਾੜੀ ਸੈਂਟਰਾਂ ਵਿੱਚ ਬੱਚਿਆਂ ਦਾ ਸਰਵਪੱਖੀ ਵਿਕਾਸ ਤੇ ਸੈਂਟਰਾਂ ਨੂੰ ਲਰਨਿੰਗ ਤੇ ਵਾਈਬ੍ਰੇਟਿੰਗ ਸੈਂਟਰਾਂ ਵਜੋਂ ਵਿਕਸਿਤ ਕੀਤਾ ਜਾ ਸਕੇ।ਇਸ ਨੂੰ ਮੁੱਖ ਰੱਖਦੇ ਹੋਏ ਪੋਸ਼ਣ 2.0 ਤਹਿਤ ਆਂਗਣਵਾੜੀ ਵਰਕਰਾਂ ਦੇ ਹੁਨਰ ਦਾ ਨਿਖ਼ਾਰ ਜਿਵੇਂ ਬੱਚਿਆਂ ਦੀ ਚੰਗੀ ਸਿਹਤ, ਚੰਗੇ ਪੋਸ਼ਣ, ਬੱਚਿਆਂ ਦੀ ਸੁਰੱਖਿਆ, ਗੁਣਵੱਤਾ, ਸਰਵਪੱਖੀ ਵਿਕਾਸ ਤੇ ਦਿਵਿਆਂਗ ਬੱਚਿਆਂ ਦੇ ਵਿਕਾਸ ਨੂੰ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਸਬੰਧੀ ਟ੍ਰੇਨਿੰਗ ਦਿੱਤੀ ਗਈ ਜਾਵੇਗੀ।ਉਨ੍ਹਾਂ ਦੱਸਿਆ ਕਿ ਇਹ ਟ੍ਰੇਨਿੰਗ 2 ਬੈਚਾਂ 'ਚ ਮੁਕੰਮਲ ਕਰਾਈ ਜਾਵੇਗੀ, ਜਿਸ ਵਿੱਚ 171 ਵਰਕਰਜ਼ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ।

# ਭਾਰਤੀ ਸਾਹਿਤ ਅਕਾਦਮੀ ਯੁਵਾ ਪੁਰਸਕਾਰ ਜੇਤੂ ਕਵੀ ਪ੍ਰੋ. ਸ਼ਰਮਾ ਨਾਲ ਰੂ-ਬ-ਰੂ




**ਖੰਨਾ (ਸੁਖਵਿੰਦਰ ਸਿੰਘ ਭਾਦਲਾ)**

ਏ.ਐਸ. ਕਾਲਜ ਖੰਨਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਜਿਲ੍ਹਾ ਭਾਸ਼ਾ ਦਫ਼ਤਰ,ਲੁਧਿਆਣਾ ਦੇ ਸਹਿਯੋਗ ਨਾਲ ਭਾਰਤੀ ਸਾਹਿਤ ਅਕਾਦਮੀ ਯੁਵਾ ਪੁਰਸਕਾਰ ਜੇਤੂ ਕਵੀ ਪ੍ਰੋ. ਗਗਨਦੀਪ ਸ਼ਰਮਾ (ਮੈਨੇਜਮੈਂਟ ਸਟੱਡੀਜ਼, ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਵਰਸਿਟੀ ਨਵੀਂ ਦਿੱਲੀ ) ਦੇ ਰੂ-ਬ-ਰੂ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਪ੍ਰਸਿੱਧ ਨਾਵਲਕਾਰ ਅਤੇ ਕਹਾਣੀਕਾਰ ਕਰਨੈਲ ਸਿੰਘ ਵਜ਼ੀਰਾਬਾਦ ਨੇ ਵੀ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਕਾਲਜ ਸਕੱਤਰ ਅਜੇ ਸੂਦ ਅਤੇ ਕਾਲਜ ਪ੍ਰਿੰਸੀਪਲ ਡਾ ਕੇ ਕੇ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤਿਆਂ ਨਾਲ ਸਵਾਗਤ ਕੀਤਾ। ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾ. ਰਾਜਪ੍ਰੀਤ ਕੌਰ ਬੈਨੀਪਾਲ ਨੇ ਆਏ ਹੋਏ ਮਹਿਮਾਨਾਂ ਦਾ ਮੰਚ ਤੋਂ ਸਵਾਗਤ ਕੀਤਾ। ਪ੍ਰੋਗਰਾਮ ਦੇ ਪ੍ਰਬੰਧਕ ਜਿਲ੍ਹਾ ਭਾਸ਼ਾ ਅਫ਼ਸਰ ਡਾ. ਸੰਦੀਪ ਸ਼ਰਮਾ ਨੇ ਪ੍ਰਮੁੱਖ ਵਕਤਾ ਪ੍ਰੋ. ਗਗਨਦੀਪ ਸ਼ਰਮਾ ਦੀ ਜਾਣ ਪਛਾਣ ਕਰਵਾਉਂਦਿਆਂ ਉਹਨਾਂ ਦੇ ਸਾਹਿਤਕ ਸਫ਼ਰ ਬਾਰੇ ਚਾਨਣਾ ਪਾਇਆ। ਆਪਣੇ ਰੂ-ਬ-ਰੂ ਭਾਸ਼ਣ ਦੌਰਾਨ ਪ੍ਰੋ.ਗਗਨਦੀਪ ਸ਼ਰਮਾ ਨੇ ਕਾਲਜ ਨਾਲ ਆਪਣੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਵਿਦਿਆਰਥੀਆਂ ਨੂੰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਸੁਣਾਉਂਦੇ ਹੋਏ ਵਿਦਿਆਰਥੀਆਂ ਨਾਲ ਆਪਣੀ ਨਿੱਜੀ ਜ਼ਿੰਦਗੀ ਦੇ ਅਨੁਭਵ ਨੂੰ ਖੂਬਸੂਰਤ ਅਤੇ ਭਾਵਪੂਰਤ ਅੰਦਾਜ਼ ਰਾਹੀਂ ਸਾਂਝਾ ਕੀਤਾ । ਕਰਨੈਲ ਸਿੰਘ ਵਜ਼ੀਰਾਬਾਦ ਨੇ ਵਿਦਿਆਰਥੀਆਂ ਨੂੰ ਨਿੱਠ ਕੇ ਮਿਹਨਤ ਕਰਨ ਲਈ ਪ੍ਰੇਰਿਆ।

ਕਾਲਜ ਪ੍ਰਿੰਸੀਪਲ ਡਾ.ਕੇ.ਕੇ.ਸ਼ਰਮਾ ਅਤੇ ਕਾਲਜ ਸਕੱਤਰ ਸ਼੍ਰੀ ਅਜੇ ਸੂਦ ਨੇ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਅਤੇ ਪੰਜਾਬੀ ਵਿਭਾਗ ਵੱਲੋਂ ਵੱਖ-ਵੱਖ ਸਮੇਂ 'ਤੇ ਕਰਵਾਏ ਕੋਲਾਜ ਮੇਕਿੰਗ ਅਤੇ ਮੌਲਿਕ ਲੇਖਣ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਰੂਪ ਵਿੱਚ ਸਾਹਿਤਕ ਪੁਸਤਕਾਂ ਵੰਡੀਆਂ । ਮੰਚ ਸੰਚਾਲਨ ਪੰਜਾਬੀ ਵਿਭਾਗ ਦੇ ਪ੍ਰੋ. ਲਵਪ੍ਰੀਤ ਸਿੰਘ ਵੱਲੋਂ ਕੀਤਾ ਗਿਆ ਅਤੇ ਸਮਾਰੋਹ ਦੀ ਸਫਲਤਾ ਵਿੱਚ ਪੰਜਾਬੀ ਵਿਭਾਗ ਦੇ ਅਧਿਆਪਕ ਡਾ. ਮਨਦੀਪ ਕੌਰ ,ਪ੍ਰੋ. ਹਰਜੋਤ ਕੌਰ, ਪ੍ਰੋ. ਰਮਨਦੀਪ ਕੌਰ ਨੇ ਵੀ ਆਪਣੀ ਮਹੱਤਵਪੂਰਣ ਭੂਮਿਕਾ ਨਿਭਾਈ। ਇਸ ਮੌਕੇ ਕਾਲਜ ਦੇ ਵੱਖ-ਵੱਖ ਵਿਭਾਗਾਂ ਤੋਂ ਪ੍ਰੋ. ਰਵਿੰਦਰਜੀਤ ਸਿੰਘ, ਡਾ. ਸ਼ਿਵ ਕੁਮਾਰ, ਪ੍ਰੋ. ਮਨੂ ਵਰਮਾ, ਡਾ. ਮੋਹਿਤ ਕੁਮਾਰ, ਡਾ. ਯਾਸ਼ਮੀਨ ਸੋਫਤ, ਪ੍ਰੋ. ਰਜਨੀ ਕਾਂਤ ਸ਼ਰਮਾਂ, ਪ੍ਰੋ. ਦਿਸ਼ਾ, ਡਾ. ਹਰਮਨਜੋਤ ਕੌਰ ਭੱਟੀ, ਡਾ. ਅਰੁਣ ਕੁਮਾਰ ਸ਼ਰਮਾ, ਡਾ. ਪ੍ਰਿੰਸਪਾਲ ਮੁਖੀਜਾ, ਡਾ.ਸ਼ਸ਼ੀ ਸ਼ਰਮਾ, ਪ੍ਰੋ. ਸੌਰਵ ਸ਼ਰਮਾ ਸ਼ਾਮਿਲ ਸਨ, ਜਿਹਨਾਂ ਨੇ ਸਮਾਰੋਹ ਵਿੱਚ ਵਿਦਿਆਰਥੀਆਂ ਦਾ ਹੌਸਲਾ ਵਧਾਇਆ।ਕਾਲਜ ਮੈਨੇਜਮੈਂਟ ਦੇ ਪ੍ਰਧਾਨ ਸੰਜੀਵ ਧਮੀਜਾ, ਉਪ- ਪ੍ਰਧਾਨ ਨਵੀਨ ਥੰਮਨ, ਜਨਰਲ ਸਕੱਤਰ ਰਾਜੇਸ਼ ਡਾਲੀ, ਸੰਯੁਕਤ ਜਨਰਲ ਸਕੱਤਰ ਜਤਿੰਦਰ ਦੇਵਗਨ ਅਤੇ ਕਾਲਜ ਸਕੱਤਰ ਅਜੇ ਸੂਦ ਨੇ ਇਸ ਸ਼ਾਨਦਾਰ ਪ੍ਰੋਗਰਾਮ ਲਈ ਪੰਜਾਬੀ ਵਿਭਾਗ ਨੂੰ ਵਧਾਈ ਦਿੱਤੀ।ਆਖਿਰ 'ਚ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਮੁਖੀ ਡਾ. ਰਾਜਪ੍ਰੀਤ ਕੌਰ ਬੈਨੀਪਾਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ।

## ਕੇਂਦਰੀ ਬਜਟ ਵਿਕਾਸ ਦੀ ਦਿਸ਼ਾ ਵੱਲ ਇਤਿਹਾਸਕ ਕਦਮ : ਡਾ. ਹਰਜੋਤ ਕਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਸੰਸਦ ਵਿੱਚ ਪੇਸ਼ ਕੀਤੇ ਗਏ ਕੇਂਦਰੀ ਬਜਟ ਦਾ ਸਵਾਗਤ ਕਰਦੇ ਹੋਏ ਇਸ ਨੂੰ ਜਨ-ਹਿਤੈਸ਼ੀ, ਵਿਕਾਸ-ਕੇਂਦਰਿਤ ਤੇ ਸੁਧਾਰ-ਆਧਾਰਿਤ ਬਜਟ ਕਰਾਰ ਦਿੰਦਿਆਂ ਕਿਹਾ ਕਿ ਇਹ ਬਜਟ ਵਿਕਸਿਤ ਭਾਰਤ 2047 ਤੇ ਆਧਾਰਤ ਹੈ।ਉਨ੍ਹਾਂ ਕਿਹਾ ਕਿ ਇਹ ਬਜਟ ਦੇਸ਼ ਦੇ ਹਰ ਵਰਗ ਕਿਸਾਨ, ਮਜ਼ਦੂਰ, ਮੱਧ ਵਰਗ, ਨੌਜਵਾਨ, ਮਹਿਲਾਵਾਂ ਤੇ ਉਦਯੋਗਪਤੀਆਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ।ਡਾ. ਹਰਜੋਤ ਕਮਲ ਨੇ ਕਿਹਾ ਕਿ ਇਹ ਬਜਟ ਸਭ ਦਾ ਸਾਥ, ਸਭ ਦਾ ਵਿਕਾਸ, ਸਭ ਦਾ ਵਿਸ਼ਵਾਸ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਦਾ ਹੈ।ਇਸ ਵਿੱਚ ਆਰਥਿਕ ਸਥਿਰਤਾ ਦੇ ਨਾਲ-ਨਾਲ ਆਮ ਲੋਕਾਂ ਨੂੰ ਰਾਹਤ ਦੇਣ ਵਾਲੇ ਕਈ ਮਹੱਤਵਪੂਰਨ ਫ਼ੈਸਲੇ ਕੀਤੇ ਗਏ ਹਨ। ਉਨ੍ਹਾਂ ਬਜਟ ਦੇ ਮੁੱਖ ਸਕਾਰਾਤਮਕ ਬਿੰਦੂਆਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਮੱਧ ਵਰਗ ਨੂੰ ਰਾਹਤ ਦੇਣ ਲਈ ਕਰ ਪ੍ਰਣਾਲੀ ਨੂੰ ਸਰਲ ਤੇ ਹੋਰ ਵਿਹਾਰਕ ਬਣਾਉਣ 'ਤੇ ਜ਼ੋਰ ਦਿੱਤਾ ਗਿਆ ਹੈ, ਜਿਸ ਨਾਲ ਆਮ ਪਰਿਵਾਰਾਂ ਦੀ ਬਚਤ ਵਧੇਗੀ।ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਖੇਤੀਬਾੜੀ ਖੇਤਰ ਵਿੱਚ ਨਿਵੇਸ਼, ਸਿੰਚਾਈ, ਆਧੁਨਿਕ ਤਕਨੀਕ ਤੇ ਪਿੰਡਾਂ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਦੇ ਯਤਨ ਪ੍ਰਸ਼ੰਸਾ ਯੋਗ ਹਨ।ਨੌਜਵਾਨਾਂ ਲਈ ਰੋਜ਼ਗਾਰ ਤੇ ਹੁਨਰ ਵਿਕਾਸ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਆਤਮਨਿਰਭਰ ਭਾਰਤ ਦਾ ਸੁਪਨਾ ਹੋਰ ਮਜ਼ਬੂਤ ਹੋਵੇਗਾ।ਡਾ. ਹਰਜੋਤ ਕਮਲ ਨੇ ਕਿਹਾ ਕਿ ਇਹ ਬਜਟ ਕੇਵਲ ਅੰਕੜਿਆਂ ਦਾ ਦਸਤਾਵੇਜ਼ ਨਹੀਂ, ਬਲਕਿ ਭਾਰਤ ਦੇ ਭਵਿੱਖ ਦਾ ਰੋਡਮੈਪ ਹੈ।ਇਹ ਬਜਟ ਆਤਮਨਿਰਭਰਤਾ, ਨਵੀਨਤਾ ਅਤੇ ਸਮਾਵੇਸ਼ੀ ਵਿਕਾਸ ਨੂੰ ਨਵੀਆਂ ਉਚਾਈਆਂ ਤੱਕ ਲੈ ਜਾਣ ਵਿੱਚ ਮੀਲ ਦਾ ਪੱਥਰ ਸਾਬਿਤ ਹੋਵੇਗਾ।

## ਡੇਰਾ ਬਿਆਸ ਮੁਖੀ ਗੁਰਿੰਦਰ ਢਿੱਲੋਂ ਦਾ ਨਾਭਾ ਪਹੁੰਚਣ 'ਤੇ ਵਿਧਾਇਕ ਦੇਵ ਮਾਨ ਵੱਲੋਂ ਸਵਾਗਤ



**ਨਾਭਾ (ਵਰਿੰਦਰ ਵਰਮਾ)**-ਨਾਭਾ ਦੇ ਹੀਰਾ ਮਹਿਲ ਵਿਖੇ ਰਿਆਸਤ-ਏ-ਨਾਭਾ ਦੇ ਮਹਾਰਾਜਾ ਹੀਰਾ ਸਿੰਘ ਤੇ ਮਹਾਰਾਜਾ ਰਿਪੁਦਮਨ ਸਿੰਘ ਦੇ ਵੰਸ਼ਜ ਭਾਨੂੰਪ੍ਰਤਾਪ ਸਿੰਘ ਤੇ ਰਾਣੀ ਪ੍ਰੀਤੀ ਸਿੰਘ ਨਾਭਾ ਦੇ ਪੁੱਤਰ ਕੰਵਰ ਅਭੀਉਦੇਪ੍ਰਤਾਪ ਸਿੰਘ ਦੀ ਦਸਤਾਰ ਬੰਦੀ ਦੀ ਰਸਮ ਦਾ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ ਡੇਰਾ ਬਿਆਸ ਮੁਖੀ ਗੁਰਿੰਦਰ ਢਿੱਲੋ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਹਨਾਂ ਦਾ ਨਾਭਾ ਪਹੁੰਚਣ 'ਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਉਨਾਂ ਨੂੰ ਗੁਲਦਸਤਾ ਭੇਂਟ ਕਰਕੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਸਾਡੇ ਹਲਕੇ ਲਈ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਡੇਰਾ ਬਿਆਸ ਮੁਖੀ ਗੁਰਿੰਦਰ ਢਿੱਲੋ ਨਾਭਾ ਪਹੁੰਚੇ ਹਨ, ਉਹਨਾਂ ਦੇ ਆਉਣ ਨਾਲ ਸੰਗਤਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਬਾਬਾ ਸਿਮਰ ਸਿੰਘ, ਰਾਜਵੀਰ ਸਿੰਘ ਪਟਿਆਲਾ, ਜਗਤ ਸਿੰਘ, ਸਾਬਕਾ ਚੇਅਰਮੈਨ ਅਮਰਦੀਪ ਸਿੰਘ ਖੰਨਾ, ਤੇਜਿੰਦਰ ਸਿੰਘ ਖਹਿਰਾ, ਕਸ਼ਮੀਰ ਸਿੰਘ ਲਾਲਕਾ, ਮਨਪ੍ਰੀਤ ਸਿੰਘ ਧਾਰੋਂਕੀ ਪ੍ਰਧਾਨ ਟਰੱਕ ਯੂਨੀਅਨ, ਭੁਪਿੰਦਰ ਸਿੰਘ ਕਲਰਮਾਜਰੀ, ਜਸਵੀਰ ਸਿੰਘ ਛਿੰਦਾ, ਸੁਖਦੀਪ ਸਿੰਘ ਖਹਿਰਾ, ਆਦਿ ਹਾਜ਼ਰ ਸਨ।

## ਸੀ ਬੀ ਐੱਸ ਈ ਅਧਿਆਪਕ ਟ੍ਰੇਨਿੰਗ ਪ੍ਰੋਗਰਾਮ ਕੀਤਾ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦੇਸ਼ ਭਗਤ ਗਲੋਬਲ ਸਕੂਲ ਵਿਖੇ ਇਕਰੋਜ਼ਾ ਸੀਬੀਐਸਈ ਅਧਿਆਪਕ ਟ੍ਰੇਨਿੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਨੂੰ ਪੇਸ਼ ਕਰਨ ਲਈ ਡਾ. ਧਵਨ ਕੁਮਾਰ ਤੇ ਗੁਰਜੋਤ ਸਿੰਘ ਰੰਧਾਵਾ ਉਚੇਚੇ ਤੌਰ 'ਤੇ ਪਹੁੰਚੇ।ਉਨ੍ਹਾਂ ਸੈਸ਼ਨ ਦੌਰਾਨ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਤਰੀਕੇ ਅਤੇ ਬੱਚਿਆਂ ਵਿੱਚ ਵਿਕਾਸ ਕਿਵੇਂ ਕਰੀਏ ਜਾਂ ਫਿਰ ਉਨ੍ਹਾਂ ਨੇ ਕੀ ਸਿੱਖਿਆ ਹੈ, ਇਸ ਬਾਰੇ ਕਿਵੇਂ ਪਤਾ ਕਰੀਏ, ਵਿਸਥਾਰ ਪੂਰਵਕ ਦੱਸਿਆ।ਸੀਬੀਐਸਈ ਟ੍ਰੇਨਿੰਗ ਦੌਰਾਨ ਰਿਸੋਰਸ ਪਰਸਨ ਡਾਕਟਰ ਧਵਨ ਕੁਮਾਰ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਅਧਿਆਪਕ ਸਿਰਫ਼ ਵਿਸ਼ੇ ਦੀ ਜਾਣਕਾਰੀ ਦੇਣ ਵਾਲਾ ਨਹੀਂ, ਸਗੋਂ ਵਿਦਿਆਰਥੀਆਂ ਦੇ ਸਰਵਾਂਗੀਣ ਵਿਕਾਸ ਦਾ ਮਾਰਗਦਰਸ਼ਕ ਹੈ।ਉਨ੍ਹਾਂ ਨਵੀਂ ਸਿੱਖਿਆ ਨੀਤੀ ਦੇ ਅਸੂਲਾਂ 'ਤੇ ਰੌਸ਼ਨੀ ਪਾਉਂਦਿਆਂ ਵਿਦਿਆਰਥੀ-ਕੇਂਦਰਤ ਅਧਿਆਪਨ, ਅਨੁਭਵਾਤਮਕ ਸਿੱਖਿਆ ਤੇ ਮੁੱਲ ਅਧਾਰਤ ਸਿੱਖਿਆ ਦੀ ਮਹੱਤਤਾ ਨੂੰ ਉਭਾਰਿਆ।ਰਿਸੋਰਸ ਪਰਸਨ ਸਰਦਾਰ ਗੁਰਜੋਤ ਸਿੰਘ ਰੰਧਾਵਾ ਨੇ ਕਿਹਾ ਕਿ ਟ੍ਰੇਨਿੰਗ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਨਵੀਂਆਂ ਅਧਿਆਪਨ ਤਕਨੀਕਾਂ, ਆਧੁਨਿਕ ਮੁਲਾਂਕਣ ਪ੍ਰਕਿਰਿਆ ਤੇ ਡਿਜ਼ੀਟਲ ਟੂਲਜ਼ ਨਾਲ ਰੂਬਰੂ ਕਰਾਉਣਾ ਹੈ, ਤਾਂ ਜੁ ਕਲਾਸਰੂਮ ਸਿੱਖਣ ਪ੍ਰਕਿਰਿਆ ਹੋਰ ਦਿਲਚਸਪ ਤੇ ਪ੍ਰਭਾਵਸ਼ਾਲੀ ਬਣ ਸਕੇ।ਉਨ੍ਹਾਂ ਅਧਿਆਪਕਾਂ ਨੂੰ ਲਗਾਤਾਰ ਸਿੱਖਣ ਤੇ ਨਵੀਨਤਾ ਅਪਣਾਉਣ ਲਈ ਪ੍ਰੇਰਤ ਕੀਤਾ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਸੀਬੀਐਸਈ ਵੱਲੋਂ ਆਯੋਜਤ ਟਰੇਨਿੰਗ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਹ ਟ੍ਰੇਨਿੰਗ ਅਧਿਆਪਕਾਂ ਤੇ ਸਕੂਲ ਪ੍ਰਸ਼ਾਸਨ ਲਈ ਬਹੁਤ ਹੀ ਲਾਭਕਾਰੀ ਸਾਬਤ ਹੋਈ।ਇਸ ਟ੍ਰੇਨਿੰਗ ਰਾਹੀਂ ਨਵੀਂ ਸਿੱਖਿਆ ਨੀਤੀ, ਵਿਦਿਆਰਥੀ-ਕੇਂਦਰਤ ਅਧਿਆਪਨ, ਨਵੀਨ ਤਕਨੀਕਾਂ ਅਤੇ ਮੁੱਲ-ਆਧਾਰਿਤ ਸਿੱਖਿਆ ਬਾਰੇ ਮਹੱਤਵਪੂਰਨ ਜਾਣਕਾਰੀ ਮਿਲੀ।

## ਲਹਿਰਾ ਥਰਮਲ ਠੇਕਾ ਮੁਲਾਜ਼ਮ ਦਿੜ੍ਹਬਾ ਰੈਲੀ 'ਚ ਪਰਵਾਰਾਂ ਸਮੇਤ ਹੋਣਗੇ ਸ਼ਾਮਲ : ਜਗਰੂਪ ਸਿੰਘ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਜੀ.ਐੱਚ.ਟੀ.ਪੀ.ਠੇਕਾ ਮੁਲਾਜ਼ਮ ਯੂਨੀਅਨ ਆਜ਼ਾਦ ਵੱਲੋਂ ਥਰਮਲ ਪਲਾਂਟ ਦੇ ਮੁੱਖ ਗੇਟ 'ਤੇ 7 ਫ਼ਰਵਰੀ ਦੀ ਦਿੜ੍ਹਬਾ ਰੈਲੀ ਦੀ ਤਿਆਰੀ ਸਬੰਧੀ ਕੀਤੀ ਗੇਟ ਰੈਲੀ ਦੌਰਾਨ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਆਗੂਆਂ ਜਗਰੂਪ ਸਿੰਘ, ਜਗਸੀਰ ਭੰਗੂ, ਬਾਦਲ ਸਿੰਘ ਭੁੱਲਰ, ਬਲਜਿੰਦਰ ਸਿੰਘ ਮਾਨ, ਹਰਦੀਪ ਸਿੰਘ ਤੱਗੜ ਤੇ ਗੁਰਸ਼ਰਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਪਿਛਲੇ ਲੰਬੇ ਅਰਸੇ ਤੋਂ ਲਗਾਤਾਰ ਨਿਗੁਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਸੇਵਾਵਾਂ ਦਿੰਦੇ ਆ ਰਹੇ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ ਕਰਕੇ ਪੱਕਾ ਕਰਨ ਲਈ 'ਆਪ ਸਰਕਾਰ' ਨੇ ਆਪਣੇ ਚਾਰ ਸਾਲਾਂ ਦੇ ਕਾਰਜਕਾਲ ਵਿੱਚ ਅਜੇ ਤੱਕ ਕੋਈ ਵੀ ਨੀਤੀ ਨਹੀਂ ਬਣਾਈ, ਜਿਸ ਦੇ ਵਿਰੋਧ ਵਜੋਂ 'ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ' ਦੇ ਬੈਨਰ ਹੇਠ ਠੇਕਾ ਮੁਲਾਜ਼ਮਾਂ ਵੱਲੋਂ 7 ਫ਼ਰਵਰੀ ਨੂੰ ਦਿੜ੍ਹਬਾ ਦੀ ਅਨਾਜ ਮੰਡੀ ਵਿੱਚ ਸੂਬਾ ਪੱਧਰੀ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿੱਚ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਠੇਕਾ ਮੁਲਾਜ਼ਮ ਆਪਣੇ ਪਰਵਾਰਾਂ/ਬੱਚਿਆਂ ਸਮੇਤ ਸ਼ਾਮਲ ਹੋਣਗੇ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ, ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਪਹਿਲ ਅਤੇ ਤਜਰਬੇ ਦੇ ਆਧਾਰ 'ਤੇ ਵਿਭਾਗਾਂ ਵਿੱਚ ਮਰਜ ਕਰਕੇ ਪੱਕਾ ਕੀਤਾ ਜਾਵੇ।

## ਸਰਕਾਰ ਮਜ਼ਦੂਰਾਂ, ਕਿਸਾਨਾਂ 'ਤੇ ਲਗਾਤਾਰ ਮਾਰੂ ਕਾਨੂੰਨ ਲਾਗੂ ਕਰ ਰਹੀ : ਲਖਵੀਰ ਦੌਧਰ



**ਅਜੀਤਵਾਲ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ ਏਕਤਾ ਦੀ ਮੀਟਿੰਗ ਜ਼ਿਲ੍ਹਾ ਆਗੂ ਜੁਗਰਾਜ ਸਿੰਘ ਦੱਦਾਹੂਰ ਦੀ ਅਗਵਾਈ ਹੇਠ ਪਿੰਡ ਦੱਦਾਹੂਰ ਵਿੱਚ ਕੀਤੀ ਗਈ। ਸੂਬਾਈ ਆਗੂ ਲਖਵੀਰ ਸਿੰਘ ਜੰਗ ਦੌਧਰ ਨੇ ਕਿਹਾ ਕੇਂਦਰ ਦੀ ਸਰਕਾਰ ਲਗਭਗ ਕਿਸਾਨ ਵਿਰੋਧੀ ਮਜ਼ਦੂਰਾਂ ਵਿਰੋਧੀ ਦੇ ਲੋਕ ਵਿਰੋਧੀ ਕਾਨੂੰਨਾਂ ਨੇ ਜਿਹੜੇ ਧੜਾਧੜ ਲੋਕਾਂ ਉੱਪਰ ਦਿਨੋਂ ਦਿਨ ਨਵੇਂ ਹਮਲੇ ਦੇ ਰੂਪ ਵਿੱਚ ਲੈ ਕੇ ਆ ਰਹੀ ਹੈ।ਬਿਜਲੀ ਬਿੱਲ 2025 ਜੀਹਦੇ ਨਾਲ ਕਿਸਾਨਾਂ ਲਈ ਗਰੀਬ ਲੋਕਾਂ ਦੇ ਕੋਲੋਂ ਬਿਜਲੀ ਪੂਰੀ ਤਰ੍ਹਾਂ ਪਹੁੰਚ ਤੋਂ ਬਾਹਰ ਹੋ ਜਾਵੇਗੀ, ਕਿਉਂਕਿ ਬਿਜਲੀ ਦਾ ਖੇਤਰ ਪੂਰੀ ਤਰ੍ਹਾਂ ਕਾਰਪੋਰੇਟ ਅਧੀਨ ਚੱਲਿਆ ਜਾਵੇਗਾ, ਫਿਰ ਕਾਰਪੋਰੇਟ ਘਰਾਣੇ ਮਹਿੰਗੇ ਭਾਅ ਦੇ ਉੱਪਰ ਬਿਜਲੀ ਲੋਕਾਂ ਨੂੰ ਮਨਮਰਜ਼ੀ ਦੇ ਭਾਵ ਵੇਚਣਗੇ ਤੇ ਖੇਤਾਂ ਦੀ ਬਿਜਲੀ ਤੇ ਮਿਲਦੀ ਸਬਸਿਡੀ ਇਹ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ।ਜੁਗਰਾਜ ਸਿੰਘ ਦੱਦਾਹੂਰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੀ ਇਨ੍ਹਾਂ ਸਾਰੇ ਬਿੱਲਾਂ ਨੂੰ ਭਾਵੇਂ ਲੋਕਾਂ ਵਿੱਚ ਪ੍ਰਚਾਰਿਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਟਵੀਟ ਕਰਕੇ ਬਿਜਲੀ ਬਿੱਲ ਦਾ ਵਿਰੋਧ ਕਰ ਰਹੇ ਹਨ, ਪਰ ਬਿਜਲੀ ਪਹਿਲੋਂ ਜਿੱਥੇ ਵਿਸ਼ੇਸ਼ ਸੱਦਾ ਦੇ ਕੇ ਮੁੱਢੋ ਰੱਦ ਕੀਤਾ ਜਾਣਾ ਚਾਹੀਦਾ ਸੀ, ਉਹ ਸਿਰਫ ਟਵੀਟ ਕਰਕੇ ਸਾਰ ਰਹੇ ਹਨ।ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ 'ਤੇ ਪੰਜ ਫਰਵਰੀ ਨੂੰ ਪੰਜਾਬ ਦੇ ਮੰਤਰੀਆਂ ਅਤੇ ਐਮ ਐਲ ਏ ਦੇ ਇੱਕ ਦਿਨ ਦੇ ਪ੍ਰੋਗਰਾਮ ਦੇ ਸੱਦੇ 'ਤੇ ਮੁੱਖ ਸਥਿਤ ਰਿਹਾਇਸ਼ ਅੱਗੇ ਵੱਡਾ ਇਕੱਠ ਕੀਤੇ ਜਾਣਗੇ। ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੀ ਸ਼ਹਿ ਤੇ ਸ਼ੰਭੂ ਖਨੌਰੀ ਬਾਰਡਰ ਤੇ ਕਿਸਾਨਾਂ ਦਾ ਮੋਰਚਾ ਉਜਾੜ ਕੇ ਤਕਰੀਬਨ ਚਾਰ ਕਰੋੜ ਦਾ ਨੁਕਸਾਨ ਕੀਤਾ ਗਿਆ। ਉਸ ਨੁਕਸਾਨ ਦੀ ਭਰਪਾਈ ਸਮੇਤ ਕਿਸਾਨਾਂ 'ਤੇ ਪਏ ਪਰਾਲੀ ਦੇ ਪਰਚੇ 'ਤੇ ਕਿਸਾਨ ਆਗੂਆਂ ਤੇ ਪਿਛਲੇ ਸਮੇਂ ਵਿੱਚ ਰੇਲਵੇ ਅਤੇ ਹੋਰ ਪਏ ਪਰਚੇ ਰੱਦ ਕਰਾਉਣ ਲਈ ਨਾਲ ਦੀ ਨਾਲ ਜੋ ਪੁਲਸ ਰਾਜ ਸਥਾਪਤ ਕੀਤੇ ਕਰਕੇ ਕਿਸਾਨ ਮਜ਼ਦੂਰਾਂ ਤੇ ਜਬਰ ਕਰਕੇ ਲੋਕਾਂ ਨੂੰ ਦਬਾਉਣਾ ਚਾਹੁੰਦੀ ਹੈ, ਉਹ ਦਹਿਸ਼ਤ ਨੂੰ ਤੋੜਨ ਲਈ ਵੱਡੀ ਗਿਣਤੀ ਕਿਸਾਨ ਮਜ਼ਦੂਰ ਮਾਵਾਂ ਭੈਣਾਂ ਕੋਠੀ ਅੱਗੇ ਵੱਡੀ ਗਿਣਤੀ ਵਿੱਚ ਕਾਫਲੇ ਲੈ ਕੇ ਪਹੁੰਚਣਗੇ।

4-FEB-2026-Page-11-Majha.qxd 2/3/2026 9:34 PM Page 1



# ਕਾਮਰੇਡ ਸੇਖੋਂ ਵੱਲੋਂ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਦਾ ਸੱਦਾ

ਪਠਾਨਕੋਟ (ਦਵਿੰਦਰ ਸਿੰਘ)-12 ਫਰਵਰੀ ਦੀ ਹੜਤਾਲ ਨੂੰ ਸਫਲ ਕਰਨ ਦਾ ਸੱਦਾ ਦਿੰਦਿਆਂ ਕਾ. ਸੇਖੋਂ ਨੇ ਪਾਰਟੀ ਮੈਂਬਰਾਂ ਨੂੰ ਕਿਹਾ ਕਿ ਦੇਸ਼ ਵਿਆਪੀ ਹੜਤਾਲ ਨੂੰ ਸਫਲ ਕਰਨ ਲਈ ਤਿਆਰੀ ਕਰੋ।ਇਹ ਸ਼ਬਦ ਉਨ੍ਹਾਂ ਨੇ ਸੀਪੀਆਈ (ਐੱਮ) ਜ਼ਿਲ੍ਹਾ ਪਠਾਨਕੋਟ ਦੀ ਜਨਰਲ ਬਾਡੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਹੇ।

ਸੀਪੀਆਈ (ਐੱਮ) ਦੀ ਜ਼ਿਲ੍ਹਾ ਜਨਰਲ ਬਾਡੀ ਮੀਟਿੰਗ ਕਾ. ਰਾਮ ਸਰਨ ਦੀ ਪ੍ਰਧਾਨਗੀ ਹੇਠ ਪਾਰਟੀ ਦਫ਼ਤਰ ਗਾਂਧੀ ਚੌਕ ਪਠਾਨਕੋਟ ਵਿਖੇ ਹੋਈ।ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਕਾਨੂੰਨਾਂ ਅਤੇ ਨੀਤੀਆਂ ਦੀ ਵਿਰੋਧਤਾ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣੇ ਪੈਣਗੇ ਅਤੇ ਮਜ਼ਦੂਰਾਂ ਦਾ ਸੰਘਰਸ਼ ਇਨ੍ਹਾਂ ਦੀ ਸਮਾਪਤੀ ਤੱਕ ਜਾਰੀ ਰਹੇਗਾ।ਲੇਬਰ ਕਾਨੂੰਨਾਂ ਦੀ ਥਾਂ ਲਿਆਂਦੇ ਚਾਰ ਕੋਡ ਮਜ਼ਦੂਰਾਂ ਦੇ ਹੱਕਾਂ ਦੀ ਸੁਰੱਖਿਆ ਨਹੀਂ ਕਰਦੇ।ਇਹ ਕੋਡ ਮਜ਼ਦੂਰਾਂ ਕੋਲੋਂ ਸੰਗਠਿਤ ਹੋਣ ਦਾ ਜਮਹੂਰੀ ਹੱਕ ਵੀ ਖੋਹ ਲੈਂਦਾ ਹੈ।ਕੰਮ ਦੇ ਘੰਟੇ 8 ਘੰਟਿਆਂ ਤੋਂ ਵਧਾ ਕੇ 12 ਘੰਟੇ ਕਰ ਦਿੱਤੇ ਹਨ।ਇਨ੍ਹਾਂ ਨੀਤੀਆਂ ਨਾਲ ਸਥਾਈ ਰੁਜ਼ਗਾਰ ਨਹੀਂ ਰਹਿੰਦਾ।ਪੈਨਸ਼ਨ ਲਾਭ ਖੋਹ ਲਏ ਗਏ ਹਨ।ਇਹ ਸਭ ਕਾਰਪੋਰੇਟ ਘਰਾਣਿਆਂ ਨੂੰ ਲਾਭ ਪੁਚਾਉਣ ਲਈ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਬਿਜਲੀ ਵੰਡ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ।ਜਦੋਂਕਿ ਬਿਜਲੀ ਉਤਪਾਦਨ ਅਤੇ ਵੰਡ ਜਨਤਾ ਦੀ ਮਲਕੀਅਤ ਹਨ। ਡੈਮ ਅਤੇ ਨਦੀਆਂ ਅਤੇ ਬਿਜਲੀ ਲਾਈਨਾਂ ਲੋਕਾਂ ਦੀਆਂ ਜ਼ਮੀਨਾਂ ਵਿੱਚ ਬਣੀਆਂ ਹਨ ਪਰ ਬਿਜਲੀ ਦੀ ਵੰਡ ਦਾ ਨਿੱਜੀਕਰਨ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਦਿੱਤਾ ਜਾ ਰਿਹਾ ਹੈ।ਹੁਣ ਲੋਕਾਂ ਨੂੰ ਬਿਜਲੀ ਸਸਤੀ ਨਹੀਂ ਮਿਲੇਗੀ ਕਿਉਂਕਿ



ਕਾਰਪੋਰੇਟ ਘਰਾਣੇ ਮੁਨਾਫ਼ੇ ਲਈ ਕੰਮ ਕਰਦੇ ਹਨ।ਇਸ ਨਾਲ ਲੋਕਾਂ ਦੀਆਂ ਸਹੂਲਤਾਂ ਤੇ ਸਬਸਿਡੀਆਂ ਖੋਹ ਲੈਣਗੇ।ਮਨਰੇਗਾ ਦਾ ਨਾਂ ਬਦਲ ਕੇ ਮਜ਼ਦੂਰਾਂ ਦੇ ਰੁਜ਼ਗਾਰ ਦਾ ਹੱਕ ਖੋਹਿਆ ਜਾ ਰਿਹਾ।ਮਨਰੇਗਾ ਅਧੀਨ ਰੁਜ਼ਗਾਰ ਦੀ ਗਰੰਟੀ ਖਤਮ ਕਰ ਦਿੱਤੀ ਗਈ ਹੈ।ਹੁਣ ਪੰਚਾਇਤ ਦੀ ਥਾਂ ਰੁਜ਼ਗਾਰ ਕੇਂਦਰ ਸਰਕਾਰ ਨੋਟੀਫਿਕੇਸ਼ਨ ਕਰੇਗਾ।ਕੇਂਦਰ ਸਰਕਾਰ ਆਪਣਾ ਹਿੱਸਾ 90 ਪ੍ਰਤੀਸ਼ਤ ਤੋਂ ਘਟਾ ਕੇ 60 ਪ੍ਰਤੀਸ਼ਤ ਕਰੇਗਾ ਤੇ 40 ਪ੍ਰਤੀਸ਼ਤ ਹਿੱਸਾ ਰਾਜ ਸਰਕਾਰ ਕਰੇਗੀ।ਆਮਦਨ ਦੇ ਸਾਧਨ ਸੀਮਤ ਹੋਣ ਕਰਕੇ ਰਾਜ ਸਰਕਾਰ ਨਹੀਂ ਦੇ ਸਕੇਗੀ ਤੇ ਮਜ਼ਦੂਰਾਂ ਦਾ ਰੁਜ਼ਗਾਰ ਖਤਮ ਹੋ ਜਾਵੇਗਾ।ਬੀਜ ਬਿਲ ਬਾਰੇ ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਬੀਜਾਂ 'ਤੇ ਅਧਿਕਾਰ ਖਤਮ ਹੋ ਜਾਵੇਗਾ ਤੇ ਕਾਰਪੋਰੇਟ ਘਰਾਣਿਆਂ ਦਾ ਇਸ 'ਤੇ ਕਬਜ਼ਾ ਹੋਵੇਗਾ।ਅਪਣਾ ਬੀਜ ਜਾਂ ਕਿਸੇ ਕੋਲੋਂ ਲੈ ਕੇ ਬੀਜ ਨਹੀਂ ਸਕੇਗਾ। ਬੀਜ ਦੇਣ ਵਾਲਾ ਤੇ ਬੀਜਣ ਵਾਲਾ ਜੇਲ੍ਹ ਦਾ ਹੱਕਦਾਰ ਹੋਵੇਗਾ।ਇਹ ਬਿਲ ਕਿਸਾਨ ਵਿਰੋਧੀ ਹੈ। ਇਨ੍ਹਾਂ ਮੰਗਾਂ ਨੂੰ ਲੈ ਕੇ ਮਜ਼ਦੂਰ ਹੜਤਾਲ ਕਰ ਰਹੇ ਹਨ ਜਿਸਨੂੰ ਸਫਲ ਕਰਨ ਦਾ ਉਨ੍ਹਾਂ ਸੱਦਾ ਦਿੱਤਾ।ਪੰਜਾਬ ਦੇ ਅਮਨ ਕਾਨੂੰਨ ਦੀ ਹਾਲਤ ਬਾਰੇ ਬੋਲਦਿਆਂ ਜ਼ਿਲ੍ਹਾ ਇੰਚਾਰਜ ਕਾ. ਡੰਗਲ ਨੇ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਹਾਲਤ ਬਹੁਤ ਨਾਜ਼ੁਕ ਹੈ।ਦਿਨ-ਦਿਹਾੜੇ ਗੋਲੀਆਂ ਚੱਲਦੀਆਂ ਹਨ, ਕਤਲ ਹੋ ਰਹੇ ਹਨ।ਫਿਰੌਤੀਆਂ ਵਸੂਲੀਆਂ ਜਾ ਰਹੀਆਂ ਹਨ। ਨਸ਼ਾ ਖਤਮ ਹੋਣ ਦੀ ਥਾਂ ਵਧ ਰਹੇ ਹਨ। ਬਿਆਨ ਜਾਰੀ ਕਰਦਿਆਂ ਜ਼ਿਲ੍ਹਾ ਸਕੱਤਰ ਕਾ., ਸਹਿਗਲ ਨੇ ਕਿਹਾ ਕਿ ਮੀਟਿੰਗ ਦੇ ਫੈਸਲੇ ਲਾਗੂ ਕੀਤੇ ਜਾਣਗੇ।ਇਨ੍ਹਾਂ ਕਾਨੂੰਨਾਂ ਸਬੰਧੀ ਪਿੰਡਾ ਵਿਚ ਮੀਟਿੰਗਾਂ ਕਰਵਾਈਆ ਜਾਣਗੀਆਂ । ਮੈਂਬਰਸ਼ਿਪ ਦਾ ਨਵੀਨੀਕਰਨ ਤਹਿ ਸਮੇਂ ਵਿੱਚ ਮੁਕੰਮਲ ਕੀਤਾ ਜਾਵੇਗਾ ਅਤੇ ਮਜ਼ਦੂਰਾਂ ਦੀ ਹੜਤਾਲ ਨੂੰ ਸਫਲ ਕੀਤਾ ਜਾਵੇਗਾ।ਇਸ ਵੇਲੇ ਹੋਰਨਾਂ ਤੋਂ ਇਲਾਵਾ ਕੇਵਲ ਕਾਲੀਆ, ਪਰਸ਼ੋਤਮ ਕੁਮਾਰ, ਬਿਕਰਮਜੀਤ, ਪਰਸ਼ੋਤਮ ਕੁਮਾਰ, ਚਮਨ ਲਾਲ, ਗੁੱਡੋ ਦੇਵੀ, ਸਤਪ੍ਰਕਾਸ਼ ਰਾਜੇਸ਼ ਜਸਰੋਟੀਆ ਹਾਜ਼ਰ ਸਨ।

## ਪਾਵਰਕਾਮ ਤੇ ਟਰਾਂਸਕੋ ਦੇ ਪੈਨਸ਼ਨਰਾਂ ਦੀ ਮੀਟਿੰਗ ਅੱਜ

ਗੁਰਦਾਸਪੁਰ, (ਜਨਕ ਮਹਾਜਨ)-ਪਾਵਰਕਾਮ ਅਤੇ ਟਰਾਂਸਕੋ ਦੇ ਪੈਨਸ਼ਨਰ ਐਸੋਸੀਏਸ਼ਨ ਦੇ ਸਰਕਲ ਗੁਰਦਾਸਪੁਰ ਦੇ ਸਕੱਤਰ ਤੇ ਟੀਐੱਸਯੂ ਦੇ ਪੰਜਾਬ ਦੇ ਸਾਬਕਾ ਵਿੱਚ ਸਕੱਤਰ ਸੁਰਿੰਦਰ ਪੱਪੂ ਨੇ ਵਿਸ਼ੇਸ਼ ਤੌਰ ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ



ਪਾਵਰਕਾਮ ਤੇ ਟਰਾਂਸਕੋ ਦੇ ਸਰਕਲ ਗੁਰਦਾਸਪੁਰ ਦੇ ਪੈਨਸ਼ਨਰਾਂ ਦੀ ਹੰਗਾਮੀ ਮੀਟਿੰਗ ਅੱਜ 4 ਜਨਵਰੀ ਨੂੰ ਸਵੇਰੇ 11 ਵਜੇ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਬੁਲਾਈ ਗਈ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਸੂਬਾ ਕਮੇਟੀ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਮਨਵਾਉਣ ਲਈ ਸ਼ੁਰੂ ਕੀਤੇ ਸੰਘਰਸ਼ ਨੂੰ ਕਾਮਯਾਬ ਕਰਨ ਲਈ ਪੈਨਸ਼ਨਰਾਂ ਦੀਆਂ ਡਿਊਟੀਆਂ ਲਗਾਈਆਂ ਜਾਣਗੀਆਂ। ਸ਼੍ਰੀ ਪੱਪੂ ਨੇ ਸਮੂਹ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਇਸ ਮੀਟਿੰਗ ਵਿੱਚ ਪਹੁੰਚਣ।

## ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀ ਅਗਵਾਈ 'ਚ ਕਾਦੀਆਂ ਵਿਖੇ ਵਿਕਾਸ ਕਾਰਜ ਜਾਰੀ

ਧਾਰੀਵਾਲ, (ਮਨਦੀਪ ਵਿੱਕੀ)-ਆਮ ਆਦਮੀ ਪਾਰਟੀ ਦੇ ਹਲਕਾ ਕਾਦੀਆਂ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀ ਅਗਵਾਈ ਹੇਠ ਕਾਦੀਆਂ ਹਲਕੇ ਅੰਦਰ ਚਹੁੰਪੱਖੀ ਵਿਕਾਸ ਨਿਰੰਤਰ ਜਾਰੀ ਹਨ, ਜਿਸ ਦੇ ਚੱਲਦਿਆਂ ਉਨ੍ਹਾਂ ਵੱਲੋਂ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਬਟਾਲਾ-ਕਾਹਨੂੰਵਾਨ ਮਾਰਗ ਤੋਂ ਕਾਲਾ ਬਾਲਾ-ਜੋਗੀ ਚੀਮਾਂ-ਠੀਕਰੀਵਾਲ-ਕਾਦੀਆਂ ਸੜਕ ਦੇ ਵਿਸ਼ੇਸ਼ ਮੁਰੰਮਤ ਪ੍ਰੋਜੈਕਟ ਦੀ ਸ਼ੁਰੂਆਤ ਲਈ ਨੀਂਹ ਪੱਥਰ ਰੱਖਿਆ।ਇਸ ਮੌਕੇ ਪਿੰਡਾਂ ਦੇ ਪੰਚ, ਸਰਪੰਚ ਤੇ ਮੋਹਤਬਰ ਸਖਸ਼ੀਅਤਾਂ ਮੌਜੂਦ ਸਨ।ਇਸ ਮੌਕੇ ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਹਲਕਾ ਇੰਚਾਰਜ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਹਲਕੇ ਅੰਦਰ ਪਾਰਦਰਸ਼ੀ ਢੰਗ ਨਾਲ ਸਰਬਪੱਖੀ ਵਿਕਾਸ ਕਾਰਜ ਜਾਰੀ ਹਨ ਅਤੇ ਲੋਕਾਂ ਦੀਆਂ ਸਹੂਲਤਾਂ ਨੂੰ ਮੁੱਖ ਰੱਖਦਿਆਂ ਵਿਕਾਸ ਕੰਮ ਕਰਵਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਕਾਦੀਆਂ ਹਲਕੇ ਅੰਦਰ ਕਰੋੜਾਂ ਰੁਪਏ ਦੀ ਲਾਗਤ ਨਾਲ ਵੱਖ-ਵੱਖ ਪਿੰਡਾਂ ਵਿੱਚ ਸੜਕ ਬਣਾਉਣ ਦੇ ਕੰਮ ਕਰਵਾਏ ਗਏ ਹਨ ਅਤੇ ਵੱਖ ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ। ਉਨ੍ਹਾਂ ਅੱਗੇ ਕਿਹਾ ਕਿ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜਾਂ ਦਾ ਨਵੀਨੀਕਰਨ, ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਖੇਡ ਸਟੇਡੀਅਮ ਬਣਾਉਣ, ਛੱਪੜਾਂ ਦੇ ਰਸਤੇ ਪੱਕੇ ਕਰਨ ਸਮੇਤ ਵੱਖ-ਵੱਖ ਵਿਕਾਸ ਕਾਰਜ ਪਾਰਦਰਸ਼ੀ ਢੰਗ ਨਾਲ ਕਰਵਾਏ ਜਾ ਰਹੇ ਹਨ।ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਉਹ ਹਲਕਾ ਵਾਸੀਆਂ ਦੀ ਸੇਵਾ ਵਿੱਚ ਚੌਵੀ ਘੰਟੇ ਹਾਜ਼ਰ ਹਨ ਅਤੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਕੀਤਾ ਜਾ ਰਿਹਾ ਹੈ।ਇਸ ਮੌਕੇ ਲੋਕ ਨਿਰਮਾਣ ਵਿਭਾਗ ਦੇ ਐੱਸਡੀਓ ਬਲਵਿੰਦਰ ਸਿੰਘ, ਜੇ ਈ ਨਿਤਿਨ ਸ਼ਰਮਾ, ਬੀਡੀਪੀਓ ਕਾਹਨੂੰਵਾਨ ਸੁਖਜੀਤ ਸਿੰਘ, ਪੰਚਾਇਤ ਸੈਕਟਰੀ ਤਰਸੇਮ ਸਿੰਘ ਸੋਨੂੰ, ਆਪ ਪਾਰਟੀ ਦੇ ਸੀਨੀਅਰ ਆਗੂ ਸੋਹਣ ਸਿੰਘ ਨੈਨੇਕੋਟ, ਪੀਏ ਦਲਜੀਤ ਸਿੰਘ, ਹਰਵਿੰਦਰ ਸਿੰਘ ਕਾਲਾ ਬਾਲਾ ਆਦਿ ਤੋਂ ਇਲਾਵਾ ਵੀ ਆਮ ਆਦਮੀ ਪਾਰਟੀ ਦੇ ਆਗੂ ਹਾਜ਼ਰ ਸਨ।





## ਭਗਤ ਬਲਦੇਵ ਰਾਜ ਜੋਸ਼ੀ ਦਾ ਦਿਹਾਂਤ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਕਸਬਾ ਚਵਿੰਡਾ ਦੇਵੀ ਦੇ ਵਾਸੀ ਜੋਸ਼ੀ ਪਰਿਵਾਰ ਨੂੰ ਉਸ ਵੇਲੇ ਬਹੁਤ ਵੱਡਾ ਸਦਮਾ ਲੱਗਾ ਜਦ ਜੋਸ਼ੀ ਪਰਿਵਾਰ ਦੇ ਮੁਖੀ ਭਗਤ ਬਲਦੇਵ ਰਾਜ ਜੋਸ਼ੀ ਪ੍ਰਭੂ ਚਰਨਾਂ ਵਿੱਚ ਜਾ ਨਿਵਾਜੇ ਹਨ। ਸਵਰਗੀ ਬਲਦੇਵ ਰਾਜ ਜੋਸ਼ੀ ਦੀ ਰਸਮ ਕਿਰਿਆ 6 ਫਰਵਰੀ ਦਿਨ ਸ਼ੁੱਕਰਵਾਰ ਨੂੰ ਮਾਤਾ ਮੰਦਰ ਚਵਿੰਡਾ ਦੇਵੀ ਦੇ ਮੇਨ ਹਾਲ ਵਿੱਚ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗੀ।ਇਹ ਜਾਣਕਾਰੀ ਪ੍ਰੈੱਸ ਨੂੰ ਉਨ੍ਹਾਂ ਦੇ ਬੇਟੇ ਵਿਕਾਸ ਜੋਸ਼ੀ ਅਤੇ ਵਿਸ਼ਾਲ ਜੋਸ਼ੀ ਨੇ ਸਾਂਝੇ ਤੌਰ 'ਤੇ ਦਿੱਤੀ।



## ਹੈਰੋਇਨ ਸਮੇਤ ਵਿਅਕਤੀ ਕਾਬੂ, ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਪੁਲਸ ਦੇ ਐੱਸਆਈ ਸੋਮ ਲਾਲ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਗੁਰੂ ਰਵਿਦਾਸ ਚੌਕ ਗੁਰਦਾਸਪੁਰ ਤੋਂ ਗੁਰਪ੍ਰੀਤ ਕੁਮਾਰ ਪੁੱਤਰ ਮਹਿੰਦਰ ਪਾਲ ਵਾਸੀ ਗਾਂਧੀ ਕੈਂਪ ਸਿਵਲ ਲਾਇਨ ਬਟਾਲਾ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਕਤ ਵਿਅਕਤੀ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈੱਕ ਕੀਤਾ ਜਿਸ ਵਿੱਚੋਂ 6 ਗਰਾਮ ਹੈਰੋਇਨ ਬਰਾਮਦ ਹੋਈ ਹੈ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਅੱਜ ਬਿਜਲੀ ਸਪਲਾਈ ਬੰਦ ਰਹੇਗੀ

ਬਿਆਸ (ਪਰਮਜੀਤ ਸਿੰਘ ਰੱਖੜਾ)-ਐਕਸੀਅਨ ਰਾਜ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 220 ਕੇ ਵੀ ਗਰਿਡ ਬੁਟਾਰੀ ਦੇ 11 ਕੇ ਵੀ ਬਸ ਬਾਰ ਨੰਬਰ 1 ਅਤੇ 2 ਦੀ ਮੁਰੰਮਤ ਕਰਨ ਲਈ ਸਪਲਾਈ ਪ੍ਰਭਾਵਿਤ ਹੋਵੇਗੀ ਜਿਸ ਕਾਰਨ 4 ਫਰਵਰੀ ਦਿਨ ਬੁੱਧਵਾਰ ਨੂੰ ਸ਼ੈੱਡ ਡਾਊਨ ਮਨਜ਼ੂਰ ਕੀਤੀ ਗਈ ਹੈ। ਇਸ ਕਰਕੇ ਸਾਰੇ 11 ਕੇ ਵੀ ਫੀਡਰ ਦੀ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ।

## ਵਿਰਸਾ ਵਿਹਾਰ ਵਿਖੇ ਅੱਜ ਦੋ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਵਿਰਸਾ ਵਿਹਾਰ ਅੰਮ੍ਰਿਤਸਰ ਵੱਲੋਂ ਪਿਛਲੀਂ ਦਿਨੀਂ ਆਪਣੀ ਸੰਸਾਰਿਕ ਯਾਤਰਾ ਨੂੰ ਪੂਰੀ ਕਰਦੇ ਅਲਵਿਦਾ ਕਹਿ ਗਏ ਪ੍ਰਸਿੱਧ ਨਾਟਕਕਾਰ ਅਤੇ ਵਿਰਸਾ ਵਿਹਾਰ ਸੁਸਾਇਟੀ ਦੇ ਫਾਊਂਡਰ ਮੈਂਬਰ ਜਤਿੰਦਰ ਬਰਾੜ ਅਤੇ ਪ੍ਰਸਿੱਧ ਚਿੱਤਰਕਾਰ ਬਲਦੇਵ ਗੰਭੀਰ ਦੀ ਯਾਦ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ 4 ਫਰਵਰੀ ਦਿਨ ਬੁੱਧਵਾਰ ਸ਼ਾਮ 4 ਵਜੇ ਵਿਰਸਾ ਵਿਹਾਰ ਦੇ ਸ੍ਰ. ਨਾਨਕ ਸਿੰਘ ਸੈਮੀਨਾਰ ਹਾਲ 'ਚ ਕੀਤਾ ਜਾ ਰਿਹਾ ਹੈ।ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਵਿਰਸਾ ਵਿਹਾਰ ਸੁਸਾਇਟੀ ਦੇ ਪ੍ਰਧਾਨ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਅਤੇ ਸਕੱਤਰ ਰਮੇਸ਼ ਯਾਦਵ ਨੇ ਕਿਹਾ ਕਿ ਇਸ ਸਮਾਗਮ ਵਿੱਚ ਅੰਮ੍ਰਿਤਸਰ ਦੇ ਸਥਾਨਕ ਕਲਾਕਾਰ, ਲੇਖਕ, ਬੁੱਧੀਜੀਵੀ, ਨਾਟ ਪ੍ਰੇਮੀ ਸ਼ਾਮਲ ਹੋਣਗੇ ਤੇ ਵਿੱਛੜ ਚੁੱਕੇ ਨਾਟਕਕਾਰ ਸ੍ਰੀ ਜਤਿੰਦਰ ਬਰਾੜ ਅਤੇ ਬਲਦੇਵ ਗੰਭੀਰ ਨੂੰ ਸ਼ਰਧਾਂਜਲੀ ਅਰਪਿਤ ਕਰਨਗੇ।

## ਦਿੱਲੀ ਪਾਰਲੀਮੈਂਟ ਦੇ ਘਿਰਾਓ ਲਈ ਤਿਆਰੀਆਂ ਮੁਕੰਮਲ: ਬੱਲੀ

ਜਲੰਧਰ, (ਰਾਜੇਸ਼ ਥਾਪਾ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਸੂਬਾ ਪੱਧਰੀ ਮੀਟਿੰਗ ਸੂਬਾ ਪ੍ਰਧਾਨ ਨਵਪ੍ਰੀਤ ਸਿੰਘ ਬੱਲੀ ਦੀ ਅਗਵਾਈ ਵਿੱਚ ਹੋਈ ਮੀਟਿੰਗ ਸਬੰਧੀ ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ ਤੇ ਸੂਬਾ ਪ੍ਰੈੱਸ ਸਕੱਤਰ ਐਨ ਡੀ ਤਿਵਾੜੀ ਨੇ ਪ੍ਰੈੱਸ ਨੂੰ ਜਾਣਕਾਰੀ



ਦਿੰਦਿਆਂ ਦੱਸਿਆ ਕਿ ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ ਦੀ ਅਗਵਾਈ ਵਿੱਚ ਭਾਰਤ ਦੇ ਸਮੂਹ ਪ੍ਰਾਂਤਾਂ ਦੀਆਂ ਅਧਿਆਪਕ ਜਥੇਬੰਦੀਆਂ ਟੈਟ ਤੇ ਨਵੀਂ ਸਿੱਖਿਆ ਨੀਤੀ 2020 ਦੇ ਵਿਰੋਧ ਵਿੱਚ, ਪੁਰਾਣੀ ਪੈਨਸ਼ਨ ਬਹਾਲੀ ਦੇ ਮੁੱਦੇ ਉਪਰ ਪਾਰਲੀਮੈਂਟ ਦੇ ਘਿਰਾਓ ਲਈ ਜੰਤਰ ਮੰਤਰ ਨਵੀਂ ਦਿੱਲੀ ਵਿਖੇ 5 ਫਰਵਰੀ ਨੂੰ ਪਾਰਲੀਮੈਂਟ ਮਾਰਚ ਵਿੱਚ ਸ਼ਾਮਿਲ ਹੋਣਗੀਆਂ।

## 'ਕਿਸੇ ਵਿਅਕਤੀ ਦੇ ਸਿਰ 'ਤੇ ਛੱਤਰ ਤੇ ਚੌਰ ਸਾਹਿਬ ਝੁਲਾਉਣਾ ਸਿੱਖ ਮਰਿਆਦਾ ਦੇ ਉਲਟ'

ਝਬਾਲ, (ਹਰਜਿੰਦਰ ਸਿੰਘ ਸੋਨੀ)-ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ (ਪੰਜਾਬ) ਵੱਲੋਂ ਪ੍ਰਧਾਨ ਭਾਈ ਤਰਲੋਚਨ ਸਿੰਘ ਸੋਹਲ, ਭਾਈ ਕੁਲਦੀਪ ਮੋਦੇ, ਭਾਈ ਸਰੂਪ ਸਿੰਘ ਭੁੱਚਰ, ਭਾਈ ਬਿਕਰਮਜੀਤ ਸਿੰਘ, ਭਾਈ ਹਰਪ੍ਰੀਤ ਸਿੰਘ, ਭਾਈ ਰਜਵੰਤ ਸਿੰਘ, ਭਾਈ ਚੈਂਚਲ ਸਿੰਘ, ਭਾਈ ਮਨਜੀਤ ਸਿੰਘ, ਭਾਈ ਨਾਨਕ ਸਿੰਘ ਅਤੇ ਬਲਵਿੰਦਰ ਸਿੰਘ



ਨੇ ਥਾਣਾ ਝਬਾਲ ਵਿਖੇ ਥਾਣਾ ਮੁਖੀ ਝਬਾਲ ਨੂੰ ਦਰਖਾਸਤ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਜੋ ਸੋਸ਼ਲ ਮੀਡੀਆ ਉਪਰ ਗੋਵਿੰਦ ਸਿੰਘ ਜੋ ਕਿ ਸਿਮਰਨਜੀਤ ਸਿੰਘ ਮਾਨ ਦਾ ਦੋਹਤਾ ਦੱਸਿਆ ਜਾ ਰਿਹਾ ਹੈ, ਦੇ ਵਿਆਹ 'ਚ ਉਸਦੇ ਸਿਰ ਉਪਰ ਛੱਤਰ ਅਤੇ ਚੌਰ ਸਾਹਿਬ ਝੁਲਾਇਆ ਗਿਆ ਜੋ ਕਿ ਸਿੱਖ ਰਹਿਤ ਮਰਿਆਦਾ, ਸਿੱਖ ਪ੍ਰੰਪਰਾਵਾਂ ਦੇ ਬਿਲਕੁਲ ਉਲਟ ਹੈ ਕਿਉਂਕਿ ਛੱਤਰ ਅਤੇ ਚੌਰ ਸਾਹਿਬ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਹੀ ਕੀਤਾ ਜਾ ਸਕਦਾ ਹੈ।ਇਸ ਵਿਅਕਤੀ ਨੇ ਇਹ ਸਵਾਂਗ ਰਚਾ ਕੇ ਗੁਰੂ ਨਾਨਕ ਨਾਮ ਲੇਵਾ ਸੰਗਤ ਦੇ ਮਨਾਂ ਨੂੰ ਭਾਰੀ ਠੇਸ ਪਹੁੰਚਾਈ ਹੈ।ਉਕਤ ਵਿਅਕਤੀ ਖਿਲਾਫ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਗੁਰੂ ਸਾਹਿਬ ਦੀ ਨਕਲ ਕਰਨ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਵਰਲਡ ਕੈਂਸਰ ਡੇਅ 'ਤੇ ਦੁਨੀਆ ਕੈਂਸਰ ਦੇ ਖਿਲਾਫ਼ ਇਕਜੁੱਟ: ਡਾ. ਪ੍ਰੀਕਸ਼ਿਤ ਜੈਪ੍ਰਕਾਸ਼

ਲੁਧਿਆਣਾ : ਹਰ ਸਾਲ ਵਰਲਡ ਕੈਂਸਰ ਡੇਅ 'ਤੇ ਦੁਨੀਆ ਕੈਂਸਰ ਦੇ ਖਿਲਾਫ਼ ਇਕਜੁੱਟ ਹੁੰਦੀ ਹੈ।ਇਸ ਦਿਨ ਦਾ ਮਕਸਦ ਜਾਗਰੂਕਤਾ ਫੈਲਾਉਣਾ ਅਤੇ ਜਾਨਾਂ ਬਚਾਉਣ ਲਈ ਕਦਮ ਚੁੱਕਣਾ ਹੈ।ਭਾਰਤ ਵਿੱਚ ਔਰਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਸਭ ਤੋਂ ਆਮ ਅਤੇ ਗੰਭੀਰ ਕੈਂਸਰਾਂ ਵਿੱਚੋਂ ਇੱਕ ਅਰਲੀ ਬ੍ਰੈਸਟ ਕੈਂਸਰ ਬਣਿਆ ਹੋਇਆ ਹੈ।ਹੁਣ ਨਾ ਸਿਰਫ਼ ਇਸ ਬਿਮਾਰੀ ਦੇ ਇਲਾਜ ਸਗੋਂ ਇਸ ਤੋਂ ਉਭਰਨ ਵਾਲਿਆਂ (ਸਰਵਾਈਵਰਜ਼) ਦੀ ਜ਼ਿੰਦਗੀ ਦੀ ਗੁਣਵੱਤਾ ਸੁਧਾਰਨ ਵੱਲ ਵੀ ਵੱਡੇ ਕਦਮ ਚੁੱਕੇ ਜਾ ਰਹੇ ਹਨ।ਸਮੇਂ 'ਤੇ ਪਛਾਣ ਅਤੇ ਅਧੁਨਿਕ ਇਲਾਜ ਤਕਨੀਕਾਂ ਦੀ ਮਦਦ ਨਾਲ ਬ੍ਰੈਸਟ ਕੈਂਸਰ ਹੁਣ ਜਾਨਲੇਵਾ ਹਾਲਤ ਤੋਂ ਬਦਲ ਕੇ ਇੱਕ ਸੰਭਾਲੀ ਜਾ ਸਕਣ ਵਾਲੀ ਸਥਿਤੀ ਬਣਦਾ ਜਾ ਰਿਹਾ ਹੈ।ਹਾਲਾਂਕਿ ਹੁਣ ਧਿਆਨ ਸਿਰਫ਼ ਜਿਊਂਦੇ ਰਹਿਣ ਤੱਕ ਸੀਮਤ ਨਹੀਂ, ਬਲਕਿ ਉਸ ਤੋਂ ਅੱਗੇ ਦੀ ਬਿਹਤਰ ਜ਼ਿੰਦਗੀ 'ਤੇ ਵੀ ਹੈ।

ਡਾ. ਪ੍ਰੀਕਸ਼ਿਤ ਜੈਪ੍ਰਕਾਸ਼, ਸਲਾਹਕਾਰ ਮੈਡੀਕਲ ਓਂਕੋਲੋਜਿਸਟ, ਓਸਵਾਲ ਹਸਪਤਾਲ, ਲੁਧਿਆਣਾ ਨੇ ਕਿਹਾ ਕਿ ਅਰਲੀ ਬ੍ਰੈਸਟ ਕੈਂਸਰ ਵਿੱਚ ਸਟੇਜ 1 ਤੋਂ 3 ਤੱਕ ਦੇ ਮਾਮਲੇ ਸ਼ਾਮਲ ਹੁੰਦੇ ਹਨ।ਇਸ ਦੌਰਾਨ ਬਿਮਾਰੀ ਜਾਂ ਤਾਂ ਸੀਮਤ ਰਹਿੰਦੀ ਹੈ ਜਾਂ ਸਿਰਫ਼ ਨੇੜਲੇ ਲਿੰਫ ਨੋਡਜ਼ ਤੱਕ ਫੈਲਦੀ ਹੈ।ਇੱਥੇ ਸਾਡਾ ਮਕਸਦ ਕੇਵਲ ਟਿਊਮਰ ਨੂੰ ਕੱਢਣਾ ਨਹੀਂ, ਸਗੋਂ ਆਧੁਨਿਕ ਥੈਰੇਪੀ ਰਾਹੀਂ ਇਸਦੇ ਦੁਬਾਰਾ ਹੋਣ ਦੇ ਖਤਰੇ ਨੂੰ ਘਟਾਉਣਾ ਵੀ ਹੈ।ਅੱਜ ਹਰ ਮਰੀਜ਼ ਦਾ ਕੈਂਸਰ ਵੱਖਰਾ ਹੁੰਦਾ ਹੈ, ਇਸ ਲਈ ਨਿੱਜੀ ਇਲਾਜ ਸਭ ਤੋਂ ਜ਼ਰੂਰੀ ਹੈ।



*ਸ਼੍ਰੋਮਣੀ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਨੋਨੀ ਪਹਿਲਵਾਨ ਦੀ ਅਗਵਾਈ ਹੇਠ ਨਿਊ ਕਾਲੋਨੀ, ਬਾਹਰਵਾਰ ਡੀਟੀਓ ਦਫ਼ਤਰ, ਰਾਮ ਤੀਰਥ ਰੋਡ ਵਿਖੇ ਮਨਾਇਆ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਐੱਸਸੀ. ਵਿੰਗ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਇੰਦਰ ਪਾਲ ਵਿਸ਼ੇਸ਼ ਤੌਰ 'ਤੇ ਪੁੱਜੇ, ਜਿਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਮਿੱਕੀ ਖੱਤਰੀ, ਗੌਰਵ ਬਾਕਸਰ, ਵਿਪੀ ਪਹਿਲਵਾਨ, ਸਾਹਿਲ, ਵਿੱਕੀ ਤੇ ਮੁਹੱਲੇ ਨਿਵਾਸੀ ਹਾਜ਼ਰ ਸਨ। (ਤਸਵੀਰ ਤੇ ਵੇਰਵਾ: ਮਨੋਜ ਕੁਮਾਰ, ਛੇਹਰਟਾ)*

## ਖਾਣ ਵਾਲੇ ਤੇਲ ਬੀਜ ਸੰਬੰਧੀ ਦੋ ਦਿਨਾ ਸਿਖਲਾਈ ਕੈਂਪ ਦਾ ਆਯੋਜਨ

ਪੱਟੀ (ਬਲਦੇਵ ਸਿੰਘ ਸੰਧੂ)-ਮੁੱਖ ਖੇਤੀਬਾੜੀ ਅਫਸਰ ਤਰਨ ਤਰਨ ਡਾ. ਤੇਜਬੀਰ ਸਿੰਘ ਦੇ ਦਿਸ਼ਾ ਨਿਰਦੇਸ਼ ਹੇਠ ਨੈਸ਼ਨਲ ਮਿਸ਼ਨ ਆਫ ਐਡੀਬਲ ਆਇਲ ਸਕੀਮ ਅਧੀਨ ਪੱਟੀ ਅਤੇ ਪਿੰਡ ਬੂਹ ਹਵੇਲੀਆਂ ਵਿਖੇ ਦੋ ਰੋਜ਼ਾ ਕਿਸਾਨ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਬਲਾਕ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ, ਪਰਮਿੰਦਰ ਕੌਰ ਏਡੀਓ, ਗੁਰਪ੍ਰੀਤ ਸਿੰਘ ਬੀਟੀਐੱਮ, ਹਰਮਨਦੀਪ ਕੌਰ ਏਡੀਓ, ਕ੍ਰਿਸ਼ੀ ਵਿਗਿਆਨ ਕੇਂਦਰ ਬੂਹ ਤੋਂ ਡਾ. ਨਵਜੋਤ ਸਿੰਘ ਬਰਾੜ, ਡਾ. ਸੁਰਿੰਦਰ ਸਿੰਘ ਰੰਧਾਵਾ, ਡਾ. ਸੁਖਜਿੰਦਰ ਸਿੰਘ ਨੇ ਦੋ ਰੋਜ਼ਾ ਤਕਨੀਕੀ ਸੈਸ਼ਨ ਦੌਰਾਨ ਇਸ ਦੀ ਸਫਲ ਕਾਸ਼ਤ, ਸ਼ਹਿਦ ਮੱਖੀ ਪਾਲਣ ਤੇ ਪਸ਼ੂਆਂ ਦੀ ਚੰਗੀ ਸਿਹਤ ਸਬੰਧੀ ਤਕਨੀਕੀ ਨੁਕਤੇ ਸਾਂਝੇ ਕਰਦਿਆਂ ਦੱਸਿਆ ਕਿ ਕਨੋਲਾ ਸਰ੍ਹੋਂ ਤੇਲ ਵਿੱਚ ਦੋ ਪ੍ਰਤੀਸ਼ਤ ਤੋਂ ਘੱਟ ਇਰੂਸਿਕ ਐਸਿਡ ਅਤੇ ਖਲ ਵਿੱਚ 30 ਮਾਈਕਰੋ ਮੂਲ ਪ੍ਰਤੀ ਗਰਾਮ ਤੋਂ ਘੱਟ ਗਲੂਕੋ ਸਿਨੋਲੇਟਸ ਹੁੰਦੇ ਹਨ।ਕਨੋਲਾ ਕਿਸਮਾਂ ਦੇ ਤੇਲ ਵਿੱਚ ਇਰੂਸਿਕ ਐਸਿਡ ਦੀ ਮਾਤਰਾ ਘੱਟ ਹੋਣ ਨਾਲ ਔਲਿਕ ਐਸਿਡ ਦੀ ਮਾਤਰਾ ਗੈਰ ਕਨੋਲਾ ਕਿਸਮਾਂ ਦੇ ਮੁਕਾਬਲੇ 60 ਤੋਂ 67% ਹੁੰਦੀ ਹੈ।ਇਸ ਲਈ ਕਨੋਲਾ ਕਿਸਮਾਂ ਦਾ ਤੇਲ ਮਨੁੱਖੀ ਸਿਹਤ ਲਈ ਅਤੇ ਖਲ ਪਸ਼ੂਆਂ ਦੀ ਖੁਰਾਕ ਲਈ ਬਹੁਤ ਵਧੀਆ ਹੁੰਦੇ ਹਨ।ਇਸ ਲਈ ਪੀਏਯੂ ਵੱਲੋਂ ਕਨੋਲਾ ਲਈ ਸਿਫਾਰਸ਼ ਰਾਇਆ ਦੀ ਕਿਸਮ ਆਰ ਐੱਲ ਸੀ 3, ਆਰਸੀਐੱਚ 1 ਅਤੇ ਗੋਭੀ ਸਰ੍ਹੋਂ ਦੀਆਂ ਜੀਐੱਸਸੀ 6, ਜੀਐੱਸਸੀ 7, ਪੀਜੀਐੱਸਐੱਚ 1707 ਅਤੇ ਪੀਜੀਐੱਸ ਐੱਚ 2155 ਪ੍ਰਮਾਣਿਤ ਕਿਸਮਾਂ ਦੀ ਬਿਜਾਈ ਕਰਨ ਨਾਲ ਮਿਆਰੀ ਤੇਲ ਅਤੇ ਵਧੀਆ ਝਾੜ ਲਿਆ ਜਾ ਸਕਦਾ ਹੈ।ਇਸ ਮੌਕੇ ਕਿਸਾਨਾਂ ਨੂੰ ਨਦੀਨਾਂ ਦੀ ਰੋਕਥਾਮ, ਮਿੱਟੀ ਪਰਖ, ਸਰ੍ਹੋਂ ਅਤੇ ਕਣਕ ਦੀ ਫਸਲ ਵਿੱਚ ਸੰਭਾਵਿਤ ਕੀੜੇ ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਅਤੇ ਮਹਿਕਮੇ




ਵੱਲੋਂ ਦਿੱਤੀਆਂ ਜਾ ਰਹੀਆਂ ਸਹਾਇਤਾ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ। ਸੈਸ਼ਨ ਦੌਰਾਨ ਮਨਮੋਹਨ ਸਿੰਘ ਏਈਓ ਨੇ ਸਟੇਜ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ।ਇਸ ਮੌਕੇ ਸੁਰਿੰਦਰ ਸਿੰਘ, ਪਰਮਜੀਤ ਸਿੰਘ, ਨਿਸ਼ਾਨ ਸਿੰਘ, ਹੀਰਾ ਸਿੰਘ, ਹਰਜੀਤ ਸਿੰਘ, ਪ੍ਰਤਾਪ ਸਿੰਘ, ਤਰਸੇਮ ਸਿੰਘ, ਸੁਖਚੈਨ ਸਿੰਘ, ਗੁਰਜਿੰਦਰ ਸਿੰਘ, ਸੂਬਾ ਸਿੰਘ, ਬਲਿਹਾਰ ਸਿੰਘ, ਗੁਰਜੰਟ ਸਿੰਘ,ਪਲਵਿੰਦਰ ਸਿੰਘ ਪਰਗਟ ਸਿੰਘ, ਸੂਬਾ ਸਿੰਘ, ਨਿਸ਼ਾਨ ਸਿੰਘ, ਗੁਰਸਿਮਰਨ ਸਿੰਘ ਖੇਤੀ ਉਪ ਨਿਰੀਖਕ, ਗੁਰਲਾਲ ਸਿੰਘ, ਫੀਲਡ ਵਰਕਰ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।ਇਸ ਦੌਰਾਨ ਜਾਣਕਾਰੀ ਸਾਂਝੀ ਕੀਤੀ ਗਈ ਕਿ ਤੇਲ ਬੀਜ ਫਸਲ ਹੇਠ ਰਕਬਾ ਲਿਆਉਣ ਨਾਲ ਜਿੱਥੇ ਘਰੇਲੂ ਲੋੜ ਪੂਰੀ ਹੋਵੇਗੀ ਉਥੇ ਫਸਲਾਂ ਦੇ ਪਰ ਪਰਾਗਨ ਲਈ ਮਹੱਤਵਪੂਰਨ ਰੋਲ ਨਿਭਾਉਣ ਵਾਲੀ ਸ਼ਹਿਦ ਮੱਖੀ ਦਾ ਵੀ ਵਾਧਾ ਹੋਵੇਗਾ।

## ਲੋਕਾਂ ਦਾ ਪੈਸਾ ਲੋਕਾਂ ਦੀ ਸੇਵਾ 'ਚ ਲਾਉਣਾ ਹੀ ਸਾਡੀ ਨੀਤੀ ਤੇ ਨੀਅਤ: ਕਟਾਰੂਚੱਕ

ਪਠਾਨਕੋਟ (ਦਵਿੰਦਰ ਸਿੰਘ)-ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਲਾਲਚੰਦ ਕਟਾਰੂਚੱਕ ਨੇ ਵਿਧਾਨ ਸਭਾ ਹਲਕਾ ਭੋਆ ਅਧੀਨ ਕੋਹਲੀਆ-ਤਾਸ਼-ਮਾਖਨਪੁਰ, ਸਿਹੋੜਾ-ਤਾਰਾਗੜ੍ਹ ਅਤੇ ਧੋਬੜਾ-ਤਾਰਾਗੜ੍ਹ ਸੜਕਾਂ 'ਤੇ ਚੱਲ ਰਹੇ ਨਿਰਮਾਣ ਕਾਰਜਾਂ ਦਾ ਅਚਾਨਕ ਨਿਰੀਖਣ ਕੀਤਾ।ਇਸ ਮੌਕੇ ਮੰਤਰੀ ਕਟਾਰੂਚੱਕ ਨੇ ਮੌਜੂਦ ਸੰਬੰਧਿਤ ਠੇਕੇਦਾਰਾਂ ਅਤੇ ਵਿਭਾਗੀ ਅਧਿਕਾਰੀਆਂ ਨੂੰ ਸਪੱਸ਼ਟ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਕਿ ਨਿਰਮਾਣ ਕਾਰਜਾਂ ਵਿੱਚ ਕਿਸੇ ਵੀ ਕਿਸਮ ਦੀ ਲਾਪਰਵਾਹੀ ਜਾਂ ਬੇਨਿਯਮਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਨਿਰੀਖਣ ਦੌਰਾਨ ਕੈਬਨਿਟ ਮੰਤਰੀ ਨੇ ਨਿਰਮਾਣ ਸਮੱਗਰੀ, ਸੜਕ ਦੀ ਮੋਟਾਈ, ਲੇਅਰਿੰਗ ਅਤੇ ਕੰਮ ਦੀ ਗਤੀ ਦੀ ਬਰੀਕੀ ਨਾਲ ਜਾਂਚ ਕੀਤੀ।ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਦੇ ਪੈਸੇ ਨਾਲ ਵਿਕਾਸ ਕਾਰਜ ਕਰਵਾ ਰਹੀ ਹੈ, ਇਸ ਲਈ ਗੁਣਵੱਤਾ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਕਬੂਲ ਨਹੀਂ ਹੋਵੇਗਾ।ਕੰਮ ਨਿਰਧਾਰਤ ਸਮੇਂ ਅੰਦਰ ਪੂਰਾ ਹੋਣਾ ਚਾਹੀਦਾ ਹੈ।ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਜੇ ਕਿਤੇ ਵੀ ਘਟੀਆ ਸਮੱਗਰੀ ਮਿਲਦੀ ਹੈ ਤਾਂ ਸੰਬੰਧਿਤ ਠੇਕੇਦਾਰ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।ਉਨ੍ਹਾਂ ਸਾਫ਼ ਕਿਹਾ ਕਿ ਰਾਜਨੀਤਿਕ ਦਬਾਅ ਜਾਂ ਸਿਫ਼ਾਰਸ਼ ਦੇ ਆਧਾਰ 'ਤੇ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ।ਮੰਤਰੀ ਕਟਾਰੂਚੱਕ ਨੇ ਦੱਸਿਆ ਕਿ ਇਨ੍ਹਾਂ ਸੜਕਾਂ ਦੇ ਬਣਨ ਨਾਲ



ਇਲਾਕੇ ਦੇ ਪਿੰਡ ਵਾਸੀਆਂ ਨੂੰ ਆਵਾਜਾਈ ਵਿੱਚ ਵੱਡੀ ਰਾਹਤ ਮਿਲੇਗੀ।ਕਿਸਾਨਾਂ, ਵਪਾਰੀਆਂ ਅਤੇ ਆਮ ਲੋਕਾਂ ਲਈ ਇਹ ਸੜਕਾਂ ਵਿਕਾਸ ਦੀ ਨਵੀਂ ਰਹਿ ਖੋਲ੍ਹਣਗੀਆਂ।ਉਨ੍ਹਾਂ ਕਿਹਾ ਕਿ ਭੋਆ ਵਿਧਾਨ ਸਭਾ ਹਲਕੇ ਵਿੱਚ ਸੜਕ ਨੈੱਟਵਰਕ ਨੂੰ ਮਜ਼ਬੂਤ ਕਰਨਾ ਮੇਰੀ ਪਹਿਲ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੀ ਪਹਿਲ ਲੋਕਾਂ ਦੇ ਟੈਕਸ ਦੇ ਹਰ ਰੁਪਏ ਨੂੰ ਜਨਹਿਤ ਵਿੱਚ ਖਰਚਣਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦਾ ਪੈਸਾ ਲੋਕਾਂ ਦੀ ਸੇਵਾ ਵਿੱਚ ਲੱਗਣਾ ਚਾਹੀਦਾ ਹੈ—ਇਹੀ ਸਾਡੀ ਨੀਤੀ ਅਤੇ ਨੀਅਤ ਹੈ।ਸੜਕਾਂ, ਸਿਹਤ, ਸਿੱਖਿਆ ਅਤੇ ਬੁਨਿਆਦੀ ਸੁਵਿਧਾਵਾਂ 'ਤੇ ਕੀਤੇ ਜਾ ਰਹੇ ਕੰਮ ਇਸ ਸੋਚ ਦਾ ਨਤੀਜਾ ਹਨ। ਮੰਤਰੀ ਨੇ ਭਰੋਸਾ ਦਿੱਤਾ ਕਿ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਅਤੇ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਹਰ ਯੋਜਨਾ ਦਾ ਲਾਭ ਆਖ਼ਰੀ ਵਿਅਕਤੀ ਤੱਕ ਪਹੁੰਚੇਗਾ।ਕੈਬਨਿਟ ਮੰਤਰੀ ਲਾਲਚੰਦ ਕਟਾਰੂਚੱਕ ਨੇ ਕਿਹਾ ਕਿ ਹਲਕਾ ਭੋਆ ਦੇ ਸਮੂਹਿਕ ਵਿਕਾਸ ਲਈ ਹੁਣ ਤੱਕ ਕਰੋੜਾਂ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਕਈ ਨਵੀਆਂ ਯੋਜਨਾਵਾਂ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾਂ ਕਿਹਾ, ਸਰਕਾਰ ਦਾ ਲਕਸ਼ ਸਿਰਫ਼ ਕੰਮ ਗਿਣਾਉਣਾ ਨਹੀਂ, ਸਗੋਂ ਜ਼ਮੀਨ 'ਤੇ ਬਦਲਾਅ ਦਿਖਾਉਣਾ ਹੈ।ਸੜਕਾਂ, ਸਿਹਤ, ਸਿੱਖਿਆ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਨਿਵੇਸ਼ ਕੀਤਾ ਜਾ ਰਿਹਾ ਹੈ। ਮੰਤਰੀ ਨੇ ਭਰੋਸਾ ਦਿੱਤਾ ਕਿ ਆਉਣ ਵਾਲੀਆਂ ਯੋਜਨਾਵਾਂ ਨਾਲ ਹਲਕਾ ਭੋਆ ਨੂੰ ਹੋਰ ਤੇਜ਼ ਵਿਕਾਸ ਦੀ ਦਿਸ਼ਾ ਵੱਲ ਲਿਆਂਦਾ ਜਾਵੇਗਾ।ਇਸ ਮੌਕੇ 'ਤੇ ਨਰੇਸ਼ ਸੈਨੀ ਸਟੇਟ ਜਨਰਲ ਸਕੱਤਰ ਬੀ. ਸੀ. ਵਿੰਗ, ਬਲਾਕ ਪ੍ਰਧਾਨ ਲਵਲੀ, ਸਰਪੰਚ ਹੈਰੀ, ਸਰਪੰਚ ਮੰਗਾ ਮਾਖਨਪੁਰ, ਸੂਬੇਦਾਰ ਸੋਹਣ, ਬਲਾਕ ਪ੍ਰਧਾਨ ਸੁਰਿੰਦਰ ਸ਼ਾਹ, ਬਲਾਕ ਸਮਿਤੀ ਮੈਂਬਰ ਆਰਤੀ, ਰਿੰਕਾ ਸੈਨੀ ਆਦਿ ਹਾਜ਼ਰ ਸਨ।

## ਪੱਤਰਕਾਰ ਨਿਰਵੈਲ ਗਿੱਲ ਨੂੰ ਸਦਮਾ, ਪਿਤਾ ਦਾ ਦੇਹਾਂਤ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਪੱਤਰਕਾਰ ਡਾ. ਨਿਰਵੈਲ ਸਿੰਘ ਗਿੱਲ, ਪਵਿੱਤਰ ਸਿੰਘ ਗਿੱਲ ਅਤੇ ਕੋਮਲ ਸਿੰਘ ਗਿੱਲ ਨੂੰ ਉਸ ਵੇਲੇ ਗਹਿਰਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਪਿਤਾ ਸ: ਸਤਪਾਲ ਸਿੰਘ ਗਿੱਲ (83) ਦਾ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ।



ਉਨ੍ਹਾਂ ਦਾ ਸਸਕਾਰ ਪਿੰਡ ਚੇਤਨਪੁਰਾ ਦੇ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ ਹੈ।ਉਨ੍ਹਾਂ ਦੀ ਬੇਵਕਤੀ ਹੋਈ ਮੌਤ 'ਤੇ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ, ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਕੰਵਰ ਪ੍ਰਤਾਪ ਸਿੰਘ ਅਜਨਾਲਾ, ਮਾਰਕੀਟ ਕਮੇਟੀ ਅਜਨਾਲਾ ਦੇ ਚੇਅਰਮੈਨ ਬਲਦੇਵ ਸਿੰਘ, ਸਮਾਜ ਸੇਵੀ ਦਿਲਬਾਗ ਸਿੰਘ ਖਤਰਾਏ ਕਲਾਂ, ਅੰਮ੍ਰਿਤ ਪਾਲ ਸਿੰਘ ਰਾਣਾ ਸੀਮੈਂਟ ਸਟੋਰ, ਖੇਤੀ ਵਿਸਥਾਰ ਅਫਸਰ ਪ੍ਰਭਦੀਪ ਸਿੰਘ ਲਾਡਾ, ਜਸਬੀਰ ਸਿੰਘ ਰਾਜਾ ਸਰਪੰਚ ਚੇਤਨਪੁਰਾ, ਡਾ: ਸੰਦੀਪ ਸਿੰਘ ਲਸ਼ਕਰੀ ਨੰਗਲ, ਨੰਬਰਦਾਰ ਸੁਰਜੀਤ ਸਿੰਘ, ਬਾਬਾ ਦਲੇਰ ਸਿੰਘ, ਬਾਬਾ ਗੁਰਭੇਜ ਸਿੰਘ, ਡਾ. ਰਣਜੀਤ ਸਿੰਘ ਰਾਣਾ, ਸਾਬਕਾ ਸਰਪੰਚ ਗੁਰਦੀਪ ਸਿੰਘ, ਤਰਸੇਮ ਸਿੰਘ ਗਿੱਲ, ਮਲਕੀਤ ਸਿੰਘ ਭੱਟੀ, ਪੱਤਰਕਾਰ ਰਕੇਸ਼ ਭੱਟੀ, ਸੁਖਦੇਵ ਸਿੰਘ ਖਾਲਸਾ, ਰਣਬੀਰ ਸਿੰਘ ਮਿੰਟੂ, ਸੁਖਵੰਤ, ਸ਼ਰਨਜੀਤ ਸਿੰਘ ਗਿੱਲ, ਕੁਲਦੀਪ ਸਿੰਘ, ਮਨਪ੍ਰੀਤ ਸੰਧੂ, ਜਸਵਿੰਦਰ ਸਿੰਘ ਸੰਧੂ, ਪ੍ਰਭ ਸਿਮਰਨ ਸਿੰਘ, ਕੁੱਲ ਸਿਮਰਨ ਸਿੰਘ, ਸ਼ਮਸ਼ੇਰ ਸਿੰਘ ਗਿੱਲ, ਸਾਬਕਾ ਸਰਪੰਚ ਸਤਪਾਲ ਸਿੰਘ, ਸ਼ੇਰਾ ਮੱਝੂਪੁਰੀਆ, ਮੈਂਬਰ ਪੰਚਾਇਤ ਭੁਪਿੰਦਰ ਸਿੰਘ, ਡਾ. ਹੁਸ਼ਿਆਰ ਸਿੰਘ, ਅਮਰੀਕ ਸਿੰਘ, ਡਾਕਟਰ ਇਕਬਾਲ ਸਿੰਘ, ਅਮਨਦੀਪ ਸਿੰਘ, ਪਰਸ਼ੋਤਮ ਸਿੰਘ ਬਾਠ, ਸੁਖਚੈਨ ਸਿੰਘ, ਡਾਕਟਰ ਮਹਾਂਬੀਰ ਸਿੰਘ ਗਿੱਲ, ਗੁਰਸ਼ਿੰਦਰ ਸਿੰਘ ਸੈਂਸਰਾ, ਰੇਸ਼ਮ ਸਿੰਘ, ਸਰਵਣ ਸਿੰਘ ਨਿਜ਼ਾਮਪੁਰਾ, ਮੈਂਬਰ ਪੰਚਾਇਤ ਅਰਜਨ ਸਿੰਘ, ਨਵਦੀਪ ਸਿੰਘ ਨਵੀ, ਬਲਵਿੰਦਰ ਸਿੰਘ ਪੁਤਲੀ ਆਦਿ ਨੇ ਪੀੜਤ ਪਰਿਵਾਰ ਨਾਲ ਦੁੱਖ ਪ੍ਰਗਟਾਇਆ।

## ਯਾਦਗਾਰੀ ਹੋ ਨਿੱਬੜਿਆ ਲਾਈਟ ਐਂਡ ਸਾਊਂਡ 'ਜੀਵੇ ਪੰਜਾਬ' ਤੇ ਸਾਲਾਨਾ ਦਿਵਸ ਸਮਾਰੋਹ-2026

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਤਰਨ ਤਾਰਨ ਨੇ ਸਕੂਲ ਦੇ ਵਿਹੜੇ ਵਿੱਚ ਲਾਈਟ ਐਂਡ ਸਾਊਂਡ ਜੀਵੇ ਪੰਜਾਬ ਅਤੇ ਸਾਲਾਨਾ ਦਿਵਸ ਸਮਾਰੋਹ-2026 ਬਹੁਤ ਉਤਸ਼ਾਹ, ਸ਼ਰਧਾ ਅਤੇ ਸੱਭਿਆਚਾਰਕ ਰੰਗਾਂ ਨਾਲ ਮਨਾਇਆ।ਇਹ ਸਾਲਾਨਾ ਸਮਾਗਮ ਸੰਸਥਾ ਦੀ ਅਕਾਦਮਿਕ ਉੱਤਮਤਾ, ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਸੁੰਦਰਤਾ ਨਾਲ ਦਰਸਾਉਣ ਹਿੱਤ ਕਰਵਾਇਆ ਗਿਆ।ਇਸ ਮੌਕੇ ਮੈਂਬਰ ਲੈਜਿਸਲੇਟਿਵ ਅਸੈਂਬਲੀ ਅਤੇ ਪ੍ਰੈਜ਼ੀਡੈਂਟ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਡਾ : ਇੰਦਰਬੀਰ ਸਿੰਘ ਨਿੱਜਰ ਉਚੇਚੇ ਤੌਰ ਤੇ ਮੁੱਖ ਮਹਿਮਾਨ ਦੇ ਰੂਪ ਵਿੱਚ ਸ਼ਾਮਿਲ ਹੋਏ। ਇਨ੍ਹਾਂ ਤੋਂ ਇਲਾਵਾ ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਰਮਨੀਕ ਸਿੰਘ ਆਨਰੇਰੀ ਸਕੱਤਰ, ਆਦਰਸ਼ਪਿੰਦਰ ਸਿੰਘ ਮਾਨ, ਰਣਦੀਪ ਸਿੰਘ, ਕਵਲਜੀਤ ਸਿੰਘ, ਸਰਜੋਤ ਸਿੰਘ ਸਾਹਨੀ ਸਮੇਤ ਸੀਕੇਡੀ ਅੰਮ੍ਰਿਤਸਰ ਕਮੇਟੀ ਦੇ ਹੋਰ ਬਹੁਤ ਸਾਰੇ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ। ਲੋਕਲ ਕਮੇਟੀ ਮੈਂਬਰ ਰਵਿੰਦਰ ਸਿੰਘ, ਆਨਰੇਰੀ ਸਕੱਤਰ ਲੋਕਲ ਕਮੇਟੀ ਗੁਰਬੀਰ ਸਿੰਘ ਢਿੱਲੋਂ, ਬਲਦੇਵ ਸਿੰਘ, ਕੁਲਦੀਪ ਸਿੰਘ ਕੋਹਾੜਕਾ, ਮਨਜੀਤ ਸਿੰਘ ਢਿੱਲੋਂ, ਗੁਰਚਰਨਪ੍ਰੀਤ ਸਿੰਘ, ਅਮਰਿੰਦਰ ਸਿੰਘ, ਜਗਜੀਤ ਸਿੰਘ, ਸਤਵਿੰਦਰ ਸਿੰਘ, ਹਰਿੰਦਰ ਪਾਲ ਸਿੰਘ ਚਾਵਲਾ, ਗੁਰਦਰਸ਼ਨ ਸਿੰਘ, ਪ੍ਰਭਜੋਤ ਸਿੰਘ, ਰੇਸ਼ਮ ਸਿੰਘ ਆਦਿ ਨੇ ਸਮਾਗਮ ਦੀ ਸ਼ੋਭਾ ਵਧਾਈ। ਅਦਾਕਾਰ ਮਹਾਵੀਰ ਸਿੰਘ ਭੁੱਲਰ ਅਤੇ ਰੰਗ ਮੰਚ ਇੰਡੀਆ ਦੇ ਪ੍ਰਧਾਨ ਕੇਵਲ



ਧਾਲੀਵਾਲ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਸਨਮਾਨ ਸਮਾਗਮ ਦੀ ਸ਼ੁਰੂਆਤ ਸ਼ਬਦ ਨਾਲ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਵਿੱਚ ਸ਼ਾਨਦਾਰ ਕਲਾਸੀਕਲ ਸਵਾਗਤ ਡਾਂਸ ਨੇ ਦਰਸ਼ਕਾਂ ਦਾ ਦਿਲ ਜਿੱਤਿਆ।ਕਿੰਡਰਗਾਰਟਨ ਦੇ ਨੰਨ੍ਹੇ-ਮੁੰਨੇ ਬੱਚਿਆਂ ਦੁਆਰਾ ਬਾਰਬੀ ਡਾਂਸ ਨੇ ਸਾਰਿਆਂ ਨੂੰ ਮੰਤਰਮੁਗਧ ਕਰ ਦਿੱਤਾ। ਇਸ ਤੋਂ ਇਲਾਵਾ ਛੋਟੇ ਬੱਚਿਆਂ ਦੁਆਰਾ ਵੱਖ-ਵੱਖ ਡਾਂਸ ਪੇਸ਼ ਕੀਤੇ ਗਏ ਅਤੇ ਦਰਸ਼ਕਾਂ ਦਾ ਮਨ ਮੋਹਿਆ ਗਿਆ।ਉਪਰੰਤ ਪ੍ਰਿੰਸੀਪਲ ਸਤਵੰਤ ਸਿੰਘ ਬੈਂਸ ਦੁਆਰਾ ਪੇਸ਼ ਕੀਤੀ ਗਈ ਸਕੂਲ ਰਿਪੋਰਟ ਵਿੱਚ ਸਾਲ ਦੌਰਾਨ ਸਕੂਲ ਦੁਆਰਾ ਪ੍ਰਾਪਤ ਕੀਤੀਆਂ ਅਕਾਦਮਿਕ ਪ੍ਰਾਪਤੀਆਂ, ਸਹਿ-ਪਾਠਕ੍ਰਮ ਸਫਲਤਾਵਾਂ ਅਤੇ ਮੀਲ ਪੱਥਰਾਂ ਨੂੰ ਉਜਾਗਰ ਕੀਤਾ ਗਿਆ।ਉਪਰੰਤ ਸਕੂਲ ਦੇ ਸਾਬਕਾ ਵਿਦਿਆਰਥੀਆਂ ਨੂੰ ਸਨਮਾਨਿਤ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਨਿਵਾਜਿਆ ਗਿਆ ਜੋ ਕਿ ਮੌਜੂਦਾ ਸਮੇਂ ਵਿੱਚ ਵੱਖ-ਵੱਖ ਉੱਚ ਅਹੁਦਿਆਂ ਤੇ ਬਿਰਾਜਮਾਨ ਹਨ।ਹੋਣਹਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਲਈ ਸਨਮਾਨਿਤ ਕੀਤਾ ਗਿਆ।

ਮੁੱਖ ਮਹਿਮਾਨ ਡਾ : ਇੰਦਰਬੀਰ ਸਿੰਘ ਨਿੱਜਰ ਨੇ ਸਮੂਹ ਸਮਾਗਮ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਪ੍ਰੇਰਨਾਦਾਇਕ ਸ਼ਬਦਾਂ ਨਾਲ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ।ਉਪਰੰਤ ਸੀਕੇਡੀ ਦੇ ਸਮੂਹ ਮੈਂਬਰ ਸਾਹਿਬਾਨ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸਕੂਲ ਦੇ ਵਿਕਾਸ ਵਿੱਚ ਉਨ੍ਹਾਂ ਦੇ ਕੀਮਤੀ ਯੋਗਦਾਨ ਅਤੇ ਸਮਰਥਨ ਨੂੰ ਮਾਨਤਾ ਦਿੱਤੀ ਗਈ।ਸਮਾਗਮ ਵਿੱਚ ਸਭ ਤੋਂ ਜ਼ਿਆਦਾ ਖਿੱਚ ਦਾ ਕੇਂਦਰ ਲਾਈਟ ਐਂਡ ਸਾਊਂਡ ਜੀਵੇ ਪੰਜਾਬ ਜੋ ਕਿ ਪ੍ਰਸਿੱਧ ਪਲੇ ਰਾਈਟ ਅਤੇ ਥੀਏਟਰ ਡਾਇਰੈਕਟਰ ਸ੍ਰੀ ਕੇਵਲ ਧਾਲੀਵਾਲ ਦੀ ਡਾਇਰੈਕਸ਼ਨ ਹੇਠ ਕਰਵਾਇਆ ਗਿਆ, ਵਿੱਚ ਪੰਜਾਬ ਦੇ ਪੁਰਾਤਨ ਇਤਿਹਾਸ ਤੋਂ ਲੈ ਕੇ ਆਧੁਨਿਕ ਕਦਰਾਂ ਕੀਮਤਾਂ ਤੱਕ ਪੇਸ਼ ਕੀਤਾ ਗਿਆ। ਸਕੂਲ ਪ੍ਰਿੰਸੀਪਲ ਸਤਵੰਤ ਸਿੰਘ ਬੈਂਸ ਨੇ ਇਸ ਮੌਕੇ ਦੱਸਿਆ ਕਿ ਅੱਜ ਦਾ ਸਮਾਗਮ ਨੌਜਵਾਨ ਪੀੜ੍ਹੀ ਨੂੰ ਨਵੀਂ ਸੇਧ ਦੇਣ ਦੇ ਨਾਲ-ਨਾਲ ਯਾਦਗਾਰੀ ਹੋ ਨਿੱਬੜੇਗਾ।

## ਬੈਲਜੀਅਮ ਦੇ ਖੋਜ ਵਿਦਵਾਨਾਂ ਵੱਲੋਂ ਇਤਿਹਾਸਕ ਖਾਲਸਾ ਕਾਲਜ ਦੀ ਫੇਰੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਇਤਿਹਾਸਕ ਖਾਲਸਾ ਕਾਲਜ ਕੈਂਪਸ ਦਾ ਬੈਲਜੀਅਮ ਦੀ ਲੂਵਨ ਯੂਨੀਵਰਸਿਟੀ ਤੋਂ ਆਏ ਅਧਿਆਪਕਾਂ, ਖੋਜ ਵਿਦਵਾਨਾਂ ਅਤੇ ਵਿਦਿਆਰਥੀਆਂ ਸਮੇਤ 16 ਮੈਂਬਰੀ ਉਚ ਪੱਧਰੀ ਵਫ਼ਦ ਨੇ ਦੌਰਾ ਕੀਤਾ।ਸੰਨ 1892 'ਚ ਬਣੇ ਇਸ ਸ਼ਾਨਦਾਰ ਵਿਰਾਸਤੀ ਭਵਨ ਅਤੇ ਸਿੱਖ ਇਤਿਹਾਸ ਰਿਸਰਚ ਸੈਂਟਰ 'ਚ ਸੰਭਾਲੀਆਂ ਗਈਆਂ ਵਿਰਾਸਤਾਂ ਨੂੰ ਦੇਖ ਕੇ ਵਫ਼ਦ ਦੇ ਮੈਂਬਰ ਬਹੁਤ ਪ੍ਰਭਾਵਿਤ ਹੋਏ।ਇਸ ਦੌਰਾਨ ਉਨ੍ਹਾਂ ਨੇ ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਸੰਖੇਪ ਵਿਚਾਰ-ਵਟਾਂਦਰਾ ਵੀ ਕੀਤਾ। ਇਹ ਵਫ਼ਦ ਡਾ. ਬਰਟ ਬਰੂਕਆਰਟ, ਪ੍ਰੋਫੈਸਰ ਵਰਲਡ ਰਿਲੀਜਨ, ਲੂਵਨ ਯੂਨੀਵਰਸਿਟੀ (ਬਰੱਸਲਜ਼ ਨੇੜੇ) ਦੀ ਅਗਵਾਈ 'ਚ ਕੈਂਪਸ ਪੁੱਜਾ।ਉਕਤ ਵਫ਼ਦ ਦਾ ਕੈਂਪਸ 'ਚ ਪਹੁੰਚਣ 'ਤੇ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਅਤੇ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਵਫ਼ਦ ਦਾ ਸਵਾਗਤ ਕੀਤਾ।ਕੌਂਸਲ ਦੇ ਮੈਂਬਰ ਅਤੇ ਕਾਲਜ ਦੇ ਗਲੋਬਲ ਐਲੂਮਨੀ ਕਨਵੀਨਰ ਡਾ. ਦਵਿੰਦਰ ਸਿੰਘ ਛੀਨਾ ਦੇ ਸਹਿਯੋਗ ਨਾਲ ਪਹੁੰਚੇ ਉਕਤ ਯੂਰਪੀ ਵਫ਼ਦ ਨੇ ਕਿਹਾ ਕਿ ਉਹ ਪੰਜਾਬ ਦੀ ਧਨੀ ਸੱਭਿਆਚਾਰਕ ਵਿਰਾਸਤ ਨੂੰ ਸਮਝਣ ਅਤੇ ਸਿੱਖ ਵਾਸਤੂਕਲਾ ਤੇ ਇਤਿਹਾਸ ਦੀ ਖੋਜ ਲਈ ਪੰਜਾਬ ਦੌਰੇ 'ਤੇ ਆਏ ਹਨ।ਇਸ ਮੌਕੇ ਡਾ. ਛੀਨਾ ਨੇ ਕਿਹਾ ਕਿ ਵਫ਼ਦ ਨੇ ਸਿੱਖ ਇਤਿਹਾਸ ਖੋਜ ਕੇਂਦਰ ਦੇ 100



ਸਾਲ ਤੋਂ ਵਧੇਰੇ ਇਤਿਹਾਸਕ ਦਸਤਾਵੇਜ਼ੀ ਭੰਡਾਰ ਜਿਨ੍ਹਾਂ 'ਚ ਨਾਯਾਬ ਵਸਤੂਆਂ, ਦੁਲੱਭ ਕਿਤਾਬਾਂ, ਜਰਨਲਾਂ ਅਤੇ ਮਿਊਜ਼ੀਅਮ ਨੂੰ ਵੇਖਿਆ।ਇਸ ਦੇ ਨਾਲ ਉਨ੍ਹਾਂ 300 ਏਕੜ 'ਚ ਫੈਲੇ ਵਿਸ਼ਾਲ ਕੈਂਪਸ ਅਤੇ ਇੰਡੋ-ਸਾਰਾਸੈਨਿਕ ਵਾਸਤੂਕਲਾ ਲਈ ਪ੍ਰਸਿੱਧ ਸ਼ਾਨਦਾਰ ਭਵਨ ਦਾ ਜਾਇਜ਼ਾ ਲਿਆ।ਵਫ਼ਦ 'ਚ ਨੇਲੇ ਆਰਮਾਂਡ ਐੱਮ., ਜੋਨਾਥਨ, ਈਸਾਈ, ਡਗਮਾਰ ਯੂਲਾਲੀ ਆਰ., ਜੋਹਾਨ, ਜੈਨੀਫਰ, ਕੈਰਲ ਫਿਲਿਪ ਲੁਈਸ, ਮੈਰੀ ਐਗਨੇਸ ਆਈ., ਨੇਟਰ-ਜਾਨ ਹੈਂਡਰਿਕ ਐਲ, ਐਕਸਲ ਰੋਜਰ ਜੇ.ਜੇ., ਗ੍ਰਿਸਜਾ ਗਿਨੋ ਸੀ, ਮਾਲਿਸ ਕ੍ਰਿਸਟੀਨ ਐੱਚ., ਕਾਟੇ, ਰਿਕ ਆਦਿ ਸ਼ਾਮਿਲ ਸਨ।

## ਸ਼ਹੀਦ ਭਾਈ ਸਰਵਣ ਸਿੰਘ ਲਾਧੂਪੁਰ ਦੀ 33ਵੀਂ ਬਰਸੀ 'ਤੇ ਸਮਾਗਮ

ਧਾਰੀਵਾਲ/ਕਾਹਨੂੰਵਾਨ, (ਮਨਦੀਪ ਵਿੱਕੀ)-ਸੁਤੰਤਰਤਾ ਸੰਗਰਾਮੀ ਬਾਪੂ ਗੁਰਚਰਨ ਸਿੰਘ ਸਮਾਰਕ ਲਾਧੂਪੁਰ ਵਿਖੇ ਸ਼ਹੀਦ ਭਾਈ ਸਰਵਨ ਸਿੰਘ ਲਾਧੂਪੁਰ ਦੀ 33ਵੀਂ ਬਰਸੀ 'ਤੇ ਕੌਮ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸ਼ਹੀਦੀ ਸਮਾਗਮ ਬਾਪੂ ਗੁਰਚਰਨ ਸਿੰਘ ਫਰੀਡਮ ਫਾਈਟਰ ਚੈਰੀਟੇਬਲ ਟਰੱਸਟ ਤੇ ਪਰਿਵਾਰ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਬਾਪੂ ਗੁਰਚਰਨ ਸਿੰਘ ਫਰੀਡਮ ਫਾਈਟਰ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਬਖਤਾਵਰ ਸਿੰਘ ਨੇ ਦੱਸਿਆ ਸ਼ਹੀਦੀ ਸਮਾਗਮ ਦੌਰਾਨ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪੈਣ ਉਪਰੰਤ ਭਾਈ ਸਤਨਾਮ ਸਿੰਘ ਹਜ਼ੂਰੀ ਰਾਗੀ ਦੇ ਜੱਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਉਪਰੰਤ ਕਵੀਸ਼ਰ ਭਾਈ ਅਜੀਤ ਸਿੰਘ ਦਰਦੀ ਦੇ ਜੱਥੇ ਨੇ ਸ਼ਹੀਦੀ ਵਾਰਾਂ ਸੁਣਾ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸਿੱਖ ਇਤਿਹਾਸ ਨਾਲ ਜੋੜਿਆ। ਇਸ ਮੌਕੇ ਸ਼ਹੀਦੀ ਸਮਾਗਮ ਵਿਚ ਹਰਬੰਸ ਸਿੰਘ ਮੰਜਪੁਰ, ਪ੍ਰਿੰਸੀਪਲ ਸੁਲੱਖਣ ਸਿੰਘ ਗੁਰਾਇਆ, ਸ਼ਹੀਦ ਭਾਈ ਨੰਦ ਤੁਗਲਵਾਲਾ ਦੀ ਪਤਨੀ ਬੀਬੀ ਕੁਲਵਿੰਦਰ ਕੌਰ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਸਿੱਖ ਯੂਥ ਭਿੰਡਰਾਂਵਾਲਾ, ਦਿਲਬਾਗ ਸਿੰਘ ਦਲ ਖਾਲਸਾ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਨ੍ਹਾਂ ਤੋਂ ਇਲਾਵਾ ਬਲਵਿੰਦਰ ਸਿੰਘ ਭਿੰਦਾ,



ਜਸਪਾਲ ਸਿੰਘ ਨੈਨੇਕੋਟ, ਸਰਦਾਰ ਜਗੀਰ ਸਿੰਘ ਬਹਿਰੀਨ, ਐਡਵੋਕੇਟ ਨਗਿੰਦਰ ਸਿੰਘ ਸਿੱਧਵਾਂ, ਬਲਵੀਰ ਸਿੰਘ ਮੱਲੀ ਨੇ ਸ਼ਹੀਦ ਭਾਈ ਸਰਵਣ ਸਿੰਘ ਦੇ ਜੀਵਨ ਤੇ ਪਰਿਵਾਰ ਦੇ ਪਿਛੋਕੜ ਬਾਰੇ ਦੱਸਦੇ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ। ਪ੍ਰਧਾਨ ਬਖਤਾਵਰ ਸਿੰਘ ਨੇ ਸਰਕਾਰ ਦੀ ਮਨੂਵਾਦੀ ਨੀਤੀ ਨੂੰ ਲਾਗੂ ਕਰਨ ਅਤੇ ਸਿੱਖ ਕੌਮ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂਆਂ ਤੋਂ ਇਲਾਵਾ ਭਗਤਾਂ ਦੀ ਬਾਣੀ ਦੇ ਬਾਰੇ ਪਾਏ ਜਾ ਰਹੇ ਭੁਲੇਖਿਆਂ ਤੋਂ ਜਾਣੂ ਕਰਵਾਇਆ। ਸਮਾਗਮ ਦੌਰਾਨ ਸਟੇਜ ਸੈਕਟਰੀ ਦੀ ਡਿਊਟੀ ਭਾਈ ਜਸਵਿੰਦਰ ਸਿੰਘ ਕਥਾਵਾਚਕ ਕਾਹਨੂੰਵਾਨ ਨੇ ਨਿਭਾਈ। ਸ਼ਹੀਦ ਭਾਈ ਸਰਵਣ ਸਿੰਘ ਦੀ ਬੇਟੀ ਰਮਨੀਤ ਕੌਰ, ਭਰਾ ਅਮਰਜੀਤ ਸਿੰਘ, ਜਗੀਰ ਸਿੰਘ ਵਿਸ਼ੇਸ਼ ਤੌਰ 'ਤੇ ਬਹਿਰੀਨ ਤੋਂ ਇਸ ਪ੍ਰੋਗਰਾਮ ਵਿੱਚ ਪਹੁੰਚੇ। ਸਮਾਗਮ ਵਿੱਚ ਸ਼ਹੀਦ ਪਰਿਵਾਰਾਂ ਨੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਸ਼ਹੀਦਾਂ ਦੇ ਪਰਿਵਾਰਾਂ ਦਾ ਬਾਪੂ ਗੁਰਚਰਨ ਸਿੰਘ ਫਰੀਡਮ ਫਾਈਟਰ ਚੈਰੀਟੇਬਲ ਟਰੱਸਟ ਵੱਲੋਂ ਸਨਮਾਨ ਚਿੰਨ੍ਹ ਤੇ ਸਿਰੋਪੇ ਦੇ ਕੇ ਸਨਮਾਨ ਕੀਤਾ ਗਿਆ। ਸਮਾਗਮ ਵਿੱਚ ਸਤਨਾਮ ਸਿੰਘ ਸੱਤਾ ਨੰਗਲ ਝੋਰ ਦਾ ਵਿਸ਼ੇਸ਼ ਸਹਿਯੋਗ ਰਿਹਾ।

ਇਨ੍ਹਾਂ ਤੋਂ ਇਲਾਵਾ ਅਵਤਾਰ ਸਿੰਘ ਰੰਧਾਵਾ ਸਿੰਘਪੁਰਾ, ਮਾਸਟਰ ਭਜਨ ਸਿੰਘ, ਮੇਹਰ ਸਿੰਘ, ਸਲਵੰਤ ਸਿੰਘ, ਕੁਲਵੰਤ ਸਿੰਘ ਬਿੱਲੂ, ਭਗਤ ਸਿੰਘ, ਭੁਪਿੰਦਰ ਸਿੰਘ, ਮਨਜੀਤ ਸਿੰਘ , ਗਿਆਨੀ ਗੁਰਪਾਲ ਸਿੰਘ, ਅਮਰਿੰਦਰ ਸਿੰਘ ਸਰਪੰਚ, ਬਲਵਿੰਦਰ ਸਿੰਘ ਨੰਬਰਦਾਰ, ਦਰਸ਼ਨ ਸਿੰਘ ਸੱਲੋਪੁਰ ਆਦਿ ਸਮੇਤ ਹੋਰ ਲੋਕਾਂ ਨੇ ਹਾਜ਼ਰੀ ਭਰੀ।

## ਮੋਦੀ ਨੇ ਟਰੰਪ ਅੱਗੇ ਗੋਡੇ ਟੇਕ ਦਿੱਤੇ, ਸੰਘਰਸ਼ਸ਼ੀਲ ਲੋਕ ਇਕੱਠੇ ਹੋਣ: ਵਲਟੋਹਾ

ਝਬਾਲ, (ਹਰਜਿੰਦਰ ਸਿੰਘ ਸੋਨੀ)-ਅਖੀਰ ਵਿੱਚ ਮੋਦੀ ਟਰੰਪ ਅੱਗੇ ਝੁਕ ਗਿਆ। ਨਰਸਿਮ੍ਹਾ ਰਾਓ ਵੇਲੇ ਹੋਇਆ ਗੈਟ ਸਮਝੌਤਾ ਬੀਜੇਪੀ ਦੀ ਸਰਕਾਰ ਦੇ ਆਗੂ ਮੋਦੀ ਨੇ ਪੂਰੀ ਤਰ੍ਹਾਂ ਲਾਗੂ ਕਰ ਦਿੱਤਾ ਹੈ ਜੋ ਕਿ ਅਤਿ ਨਿੰਦਣਯੋਗ ਹੈ।ਪ੍ਰੈੱਸ ਨੂੰ ਇਹ ਬਿਆਨ ਜਾਰੀ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਪ੍ਰੈੱਸ ਸਕੱਤਰ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਭਾਰਤ ਵੱਲੋਂ ਪਾਕਿਸਤਾਨ ਵਿਰੁੱਧ ਆਪ੍ਰੇਸ਼ਨ ਸਿੰਦੂਰ ਦੌਰਾਨ ਟਰੰਪ ਦੇ ਦਾਬਿਆਂ ਤੋਂ ਲੈ ਕੇ ਅੱਜ ਤੱਕ ਮੋਦੀ ਲਗਾਤਾਰ ਸਿਰ ਨੀਵਾਂ ਕਰਕੇ ਗੁੱਛੀ ਮਾਰ ਰਿਹਾ ਸੀ। ਅਖੀਰ ਵਿੱਚ ਟਰੰਪ ਅੱਗੇ ਝੁਕ ਗਿਆ ਹੈ, ਭਾਵੇਂ ਗੋਦੀ ਮੀਡੀਆ ਜੋ ਮਰਜ਼ੀ ਪ੍ਰਚਾਰ ਕਰੇ, ਸੱਚ ਸਾਹਮਣੇ ਆ ਗਿਆ ਹੈ।ਮੋਦੀ ਤੇ ਅਡਾਨੀ ਦੀਆਂ ਨਿੱਜੀ ਚਰਚਾਵਾਂ ਨੇ ਵੀ ਟਰੰਪ ਦੀ ਸਾਮਰਾਜੀ ਧੌਂਸ ਮੰਨਣ ਲਈ ਮਜਬੂਰ ਕੀਤਾ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਦਰਮਿਆਨਾ ਕਾਰੋਬਾਰੀ, ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਹੋਰ ਮਿਹਨਤਕਸ਼ ਵਰਗ ਨਪੀੜਿਆ ਜਾਵੇਗਾ।ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ ਕਿ ਸਮਾਜਵਾਦੀ ਇਨਕਲਾਬੀ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਧੜੇ ਤੇ ਯੂਨੀਅਨਾਂ ਸਾਮਰਾਜ ਵਿਰੁੱਧ ਇੱਕ ਮੰਚ 'ਤੇ ਇਕੱਠੀਆਂ ਹੋ ਕੇ ਮਜ਼ਬੂਤ ਸੰਘਰਸ਼ ਛੇੜਨ ਲਈ ਤਿਆਰ ਹੋਣ। ਹੁਣ ਟੱਕਰ ਸਾਮਰਾਜ ਤੇ ਮਿਹਨਤਕਸ਼ ਲੋਕਾਂ ਦੀ ਅਟੱਲ ਹੈ, ਇਹ ਗੱਲ ਵੱਖਰੀ ਹੈ ਕਿ ਸਮੇਂ ਦੇ ਹਾਕਮ ਲੋਕਾਂ ਨੂੰ ਧਰਮ, ਜਾਤ, ਬੋਲੀ, ਇਲਾਕੇ ਆਦਿ ਦੇ ਨਾਂਅ 'ਤੇ ਪਾੜਨ ਦੀ ਲਗਾਤਾਰ ਕੋਸ਼ਿਸ਼ ਕਰਦੇ ਰਹਿਣ, ਬਹੁ-ਗਿਣਤੀ ਮਿਹਨਤਕਸ਼ ਜਨਤਾ ਇਹ ਗੱਲ ਸਮਝ ਲਵੇ।



## ਫਸਲਾਂ ਦੇ ਮੁਆਵਜ਼ੇ ਨੂੰ ਲੈ ਕੇ ਐੱਸ ਡੀ ਐੱਮ ਨੂੰ ਮੰਗ ਪੱਤਰ ਸੌਂਪਿਆ

ਪੱਟੀ, (ਬਲਦੇਵ ਸਿੰਘ ਸੰਧੂ)-ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਪੰਜਾਬ ਵੱਲੋਂ ਫਸਲਾਂ ਦੇ ਖਰਾਬੇ ਨੂੰ ਲੈ ਕੇ ਐੱਸਡੀਐੱਮ ਪੱਟੀ ਨੂੰ ਮੰਗ ਪੱਤਰ ਸੌਂਪਿਆ ਗਿਆ।ਬੀਤੇ ਸਮੇਂ ਦੌਰਾਨ ਹੜ੍ਹਾਂ ਕਾਰਨ ਪੱਟੀ ਹਲਕੇ ਅੰਦਰ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ੇ ਅਜੇ ਤੱਕ ਕਿਸਾਨਾਂ ਨੂੰ ਨਹੀਂ ਮਿਲਿਆ।ਕਿਸਾਨ ਜਥੇਬੰਦੀ ਦੇ ਵਿੱਤ ਸਕੱਤਰ ਸਾਹਿਬ ਸਿੰਘ ਸਭਰਾ ਤੇ ਸੂਬਾ ਆਗੂ ਸੁੱਚਾ ਸਿੰਘ ਲੱਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਆਮ ਆਦਮੀ ਪਾਰਟੀ ਵੱਲੋ 2022 ਦੀਆਂ ਚੋਣਾਂ ਦੌਰਾਨ ਕਿਸਾਨਾਂ ਨਾਲ ਵਾਅਦਾ ਕੀਤਾ ਸੀ।



ਗਿਰਦਾਵਰੀ ਹੋਣ ਤੋਂ ਪਹਿਲਾਂ ਕਿਸਾਨਾਂ ਨੂੰ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ ਪਰ ਬੜੇ ਅਫਸੋਸ ਦੀ ਹੈ ਕਿ ਅਜੇ ਤੱਕ ਕਿਸਾਨਾਂ ਨੂੰ ਉਨ੍ਹਾਂ ਦੀਆਂ ਖਰਾਬ ਹੋਈਆ ਫਸਲਾਂ ਦਾ ਮੁਆਵਜ਼ਾ ਨਹੀਂ ਮਿਲਿਆ।ਵੱਡੇ-ਵੱਡੇ ਵਾਅਦੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ ਤੇ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ।ਐੱਸ. ਡੀ. ਐੱਮ. ਪੱਟੀ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਇੱਕ ਮਹੀਨੇ ਦੇ ਅੰਦਰ ਅੰਦਰ ਉਨ੍ਹਾਂ ਦੀਆਂ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਹਰ ਹਾਲਤ ਵਿਚ ਦਿੱਤਾ ਜਾਵੇਗਾ।ਇਸ ਮੌਕੇ ਜੁਗਰਾਜ ਸਿੰਘ, ਜਗਜੀਤ ਸਿੰਘ, ਗੁਰਮੁੱਖ ਸਿੰਘ, ਸਰਦੂਲ ਸਿੰਘ, ਸਕੱਤਰ ਸਿੰਘ, ਬਚਿੱਤਰ ਸਿੰਘ ਕੁਲਬੀਰ ਸਿੰਘ, ਬੂਟਾ ਸਿੰਘ, ਕਾਰਜ ਸਿੰਘ, ਦਰਬਾਰਾ ਸਿੰਘ, ਗੁਰਲਾਲ ਸਿੰਘ, ਅਜਮੇਰ ਸਿੰਘ, ਯਾਦਵਿੰਦਰ ਸਿੰਘ ਕੁਲਜੀਤ ਸਿੰਘ ਆਦਿ ਹਾਜ਼ਰ ਸਨ।

## ਮਜੀਠੀਆ ਨੂੰ ਜ਼ਮਾਨਤ ਮਿਲਣ 'ਤੇ ਅਕਾਲੀ ਦਲ ਬਾਗੋ-ਬਾਗ: ਗੋਲਡੀ ਤਾਨੇਲ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਮਾਣਯੋਗ ਸੁਪਰੀਮ ਕੋਰਟ ਵਲੋਂ ਸਾਬਕਾ ਕੈਬਨਿਟ ਮੰਤਰੀ ਪੰਜਾਬ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਅਰਜ਼ੀ ਦੇ ਰਾਖਵੇਂ ਰੱਖੇ ਫ਼ੈਸਲੇ ਤੇ ਸੁਣਵਾਈ ਕਰਦੇ ਹੋਏ ਉਨ੍ਹਾਂ ਦੀ ਜ਼ਮਾਨਤ ਮਨਜ਼ੂਰ ਕਰ ਲਈ ਹੈ, ਜਿਸ 'ਤੇ ਸਮੁੱਚੇ ਹਲਕਾ ਮਜੀਠਾ ਦੇ ਅਕਾਲੀ ਵਰਕਰਾਂ ਵਿਚ ਖੁਸ਼ੀ ਦਾ ਮਾਹੌਲ ਵੇਖਣ ਨੂੰ ਮਿਲਿਆ ਤੇ ਹਰੇਕ ਵਰਕਰ ਪਾਰਟੀ ਦੇ ਸੀਨੀਅਰ ਆਗੂਆਂ ਤੇ ਇਕ ਦੂਜੇ ਨੂੰ ਵਧਾਈ ਦਿੰਦਾ ਅਤੇ ਲੱਡੂ ਵੰਡਦਾ ਦਿਖਾਈ ਦਿੱਤਾ।ਸ: ਮਜੀਠੀਆ ਦੇ ਸਿਆਸੀ ਸਲਾਹਕਾਰ ਸੁਖਵਿੰਦਰ ਸਿੰਘ ਗੋਲਡੀ



ਵੱਲੋਂ ਕਿਹਾ ਗਿਆ ਕਿ ਮਜੀਠੀਆ ਦੀ ਵੱਧਦੀ ਲੋਕਪ੍ਰਿਅਤਾ ਅਤੇ ਮਜੀਠੀਆ ਵੱਲੋਂ ਆਪ ਆਦਮੀ ਪਾਰਟੀ ਦੀ ਸਰਕਾਰ ਦੀਆਂ ਲੋਕ

ਮਾਰੂ ਨੀਤੀਆਂ ਨੂੰ ਉਜਾਗਰ ਕਰਦਿਆਂ ਅਨੇਕਾਂ ਮਾਮਲਿਆਂ ਨੂੰ ਲੋਕਾਂ ਦੀ ਕਚਹਿਰੀ ਵਿਚ ਨੰਗਾ ਕੀਤਾ, ਜਿਸ ਤੋਂ ਘਬਰਾਈ ਆਪ ਸਰਕਾਰ ਨੇ ਇਕ ਡੂੰਘੀ ਸਾਜ਼ਿਸ਼ ਤਹਿਤ ਉਨ੍ਹਾਂ ਨੂੰ ਝੂਠੇ ਕੇਸ ਵਿਚ ਉਲਝਾਇਆ, ਪਰ ਪ੍ਰਮਾਤਮਾ ਦੀ ਅਪਾਰ ਕ੍ਰਿਪਾ ਸਦਕਾ ਮਜੀਠੀਆ ਦੀ ਜ਼ਮਾਨਤ ਮਨਜ਼ੂਰ ਹੋ ਚੁੱਕੀ ਹੈ ਅਤੇ ਉਹ ਸਾਰੇ ਕੇਸਾਂ ਵਿਚੋਂ ਪਾਕ ਸਾਫ ਬਾਹਰ ਨਿਕਲਣਗੇ।ਇਸ ਮੌਕੇ ਖੁਸ਼ੀ ਪ੍ਰਗਟ ਕਰਨ ਵਾਲਿਆਂ ਵਿਚ ਮੇਜਰ ਸ਼ਿਵ ਚਰਨ ਸਿੰਘ ਬਾਗੜੀ, ਲਖਬੀਰ ਸਿੰਘ ਲੱਖਾ, ਨਵਜਿੰਦਰਪਾਲ ਸਿੰਘ ਗਾਂਧੀ ਨਿਬਰਵਿੰਡ, ਭਾਈ ਦਲੇਰ ਸਿੰਘ ਸਾਧਪਰ, ਅਮਰਪਾਲ ਸਿੰਘ ਪਾਲੀ ਉਦੋਕੇ, ਸਾਬਕਾ ਸਰਪੰਚ ਧਰਮ ਸਿੰਘ ਸਾਧਪੁਰ, ਐਡਵੋਕੇਟ ਬਿਕਰਮਜੀਤ ਸਿੰਘ ਬਾਠ, ਸਰਕਲ ਪ੍ਰਧਾਨ ਰਣਧੀਰ ਸਿੰਘ ਭੋਏ, ਮੇਜਰ ਸਿੰਘ ਕਲੇਰ, ਗੁਰਪਾਲ ਸਿੰਘ ਤਨੇਲ, ਨਵਜੀਤ ਸਿੰਘ ਤਨੇਲ ਤੇ ਹੋਰ ਮੌਜੂਦ ਸਨ।

4 Feb Page 12.qxd 2/3/2026 9:35 PM Page 1



## ਜਨਮ ਦਿਨ ਮੁਬਾਰਕ



ਕਿਸਮਤ



ਮਨਵੀਰ ਕੌਰ
ਪਿੰਡ ਲੰਡੋ

# ਧਾਰਮਿਕ ਮੁਕਾਬਲਿਆਂ 'ਚ ਨਨਕਾਣਾ ਸਾਹਿਬ ਸਕੂਲ ਨੇ ਮੱਲਾਂ ਮਾਰੀਆਂ

**ਸੁਲਤਾਨਪੁਰ ਲੋਧੀ (ਹਨੀ)** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਰ ਸੀ ਐਫ ਵਿਖੇ ਆਯੋਜਿਤ ਧਾਰਮਿਕ ਮੁਕਾਬਲਿਆਂ ਵਿਚ ਹਿੱਸਾ ਲੈਂਦਿਆਂ ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਸੁਲਤਾਨਪੁਰ ਲੋਧੀ ਦੇ ਵਿਦਿਆਰਥੀਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰਿੰਸੀਪਲ ਨਿਧੀ ਸੰਗੋਤਰਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਅਨਮੋਲਪ੍ਰੀਤ ਸਿੰਘ ਬਾਣੀ ਕੰਠ ਮੁਕਾਬਲਾ ਸੀਨੀਅਰ ਵਰਗ ਵਿੱਚ ਸੋਨ ਤਮਗਾ, ਮੇਹਰਜੀਤ ਸਿੰਘ ਨੇ ਦਸਤਾਰ ਮੁਕਾਬਲਾ ਸੀਨੀਅਰ ਵਰਗ ਵਿੱਚ ਸੋਨ ਤਮਗਾ, ਮਨਪ੍ਰੀਤ ਕੌਰ ਨੇ ਪੇਂਟਿੰਗ ਮੁਕਾਬਲਾ ਸੀਨੀਅਰ ਵਰਗ ਵਿੱਚ ਕਾਂਸੀ ਤਮਗਾ ਅਤੇ ਸਤਿੰਦਰ ਸਿੰਘ ਨੇ ਦਸਤਾਰ ਮੁਕਾਬਲਾ ਮਿਡਲ ਵਰਗ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜ. ਸਵਰਨ ਸਿੰਘ ਪ੍ਰਧਾਨ ਗਵਰਨਿੰਗ ਕੌਂਸਲ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜ. ਹਰਨਿਆਮਤ ਕੌਰ, ਪ੍ਰਸ਼ਾਸਕ ਇੰਜ. ਨਿਮਰਤਾ ਕੌਰ ਅਤੇ ਪ੍ਰਿੰਸੀਪਲ ਸੰਗੋਤਰਾ ਨੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਸਕੂਲ ਪ੍ਰਿੰਸੀਪਲ ਨਿਧੀ ਸੰਗੋਤਰਾ ਨੇ ਵੀ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਵਿਦਿਆਰਥੀ ਮਾਣਯੋਗ ਆਤਮਾ ਸਿੰਘ ਦੇ ਆਦਰਸ਼ਾਂ ਤੋਂ ਪ੍ਰੇਰਣਾ ਲੈ ਕੇ ਅਨੁਸ਼ਾਸਨ, ਮਿਹਨਤ ਅਤੇ ਸਮਰਪਣ ਦੇ ਮਾਰਗ 'ਤੇ ਚੱਲ ਕੇ ਅੱਗੇ ਵਧ ਰਹੇ ਹਨ।



# ਬਿਸਤ ਦੁਆਬ ਨਹਿਰ 'ਚ ਟਿੱਪਰ ਪਲਟਿਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਪੰਸ਼ਟਾ ਦੇ ਪੀਰ ਬਾਬਾ ਝੁਰੇ ਸ਼ਾਹ ਜੀ ਦੇ ਨਜ਼ਦੀਕ ਭਰਿਆ ਹੋਇਆ ਟਿੱਪਰ ਬਿਸਤ ਦੁਆਬ ਨਹਿਰ ਵਿੱਚ ਫਿਰ ਪਲਟ ਗਿਆ। ਇਸ ਦੌਰਾਨ ਜਾਨ ਮਾਲ ਦਾ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਇਹ ਟਿੱਪਰ ਨੰਬਰ ਪੀ ਬੀ 07 38 9646 ਜੋ ਕਿ ਜੇਜੋ ਤੋਂ ਆ ਰਿਹਾ ਸੀ ਤੇ ਅੱਗੇ ਫਗਵਾੜੇ ਜਾਣਾ ਸੀ। ਪਿੰਡ ਪੰਸ਼ਟਾ ਕੋਲ ਆ ਕੇ ਸਾਹਮਣੇ ਆ ਰਹੀ ਟਰਾਲੀ ਨੂੰ ਸਾਈਡ ਦਿੰਦੇ ਹੋਏ ਨਹਿਰ ਵਿੱਚ ਡੁਕਦਾ ਡੁਕਦਾ ਪਲਟ ਗਿਆ। ਮੌਕੇ 'ਤੇ ਲੋਕਾਂ ਵੱਲੋਂ ਡਰਾਈਵਰ ਨੂੰ ਬਚਾਇਆ ਗਿਆ। ਇਸ ਮੌਕੇ ਜਨਰਲ ਕੈਟਾਗਰੀ ਫਰੰਟ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ, ਸਰਪ੍ਰਸਤ ਸੁਰਜੀਤ ਸਿੰਘ ਮਸੂਤਾ ਤੇ ਜਨਰਲ ਸਕੱਤਰ ਜਗਤਾਰ ਸਿੰਘ ਨੇ ਸਾਂਝੇ ਤੌਰ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਜੋਂ ਤੋਂ ਫਗਵਾੜਾ ਵਾਇਆ ਬਹਿਰਾਮ ਲਗਭਗ 42-45 ਕਿੱਲੋਮੀਟਰ ਤੇ ਜਿਸ ਸੜਕ ਤੇ ਨਿੱਤ ਆਏ ਦਿਨ ਟਿੱਪਰ ਨਹਿਰ ਵਿੱਚ ਪਲਟ ਰਹੇ ਹਨ ਇਹ ਕੋਟਫਤੂਹੀ ਤੋਂ ਵਾਇਆ ਮੇਹਟੀਆਣਾ ਫਗਵਾੜਾ ਲਗਭਗ 60-65 ਕਿੱਲੋਮੀਟਰ ਹੈ।ਇਸ ਦੇ ਕੀ ਕਾਰਨ ਹਨ? ਇਹ ਕਿਤੇ ਨਾਜਾਇਜ਼ ਮਾਈਨਿੰਗ ਤਾਂ ਨਹੀਂ ਹੋ ਰਹੀ ਇਹ ਇਕ ਜਾਂਚ ਦਾ ਵਿਸ਼ਾ ਹੈ । ਇਸ ਸੜਕ ਤੇ ਸਕੂਲ ਵਾਲੇ ਵਾਹਨ ਵੀ ਬਹੁਤ ਗਿਣਤੀ ਵਿੱਚ ਚੱਲਦੇ ਹਨ ਤੇ ਟਿੱਪਰ ਸਾਈਡ ਵੀ ਨਹੀਂ ਦਿੰਦੇ ।ਇਲਾਕਾ ਨਿਵਾਸੀਆਂ ਵੱਲੋਂ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਜਾਂਦੀ ਹੈ ਕਿ ਤੁਰੰਤ ਨਾਜਾਇਜ਼ ਜਾਂ ਜਾਇਜ਼ ਦਿਨ ਵੇਲੇ ਚੱਲਦੇ ਟਿੱਪਰ ਇਸ ਸੜਕ ਤੋਂ ਬੰਦ ਕੀਤੇ ਜਾਣ ।



ਰਸਮ ਪਗੜੀ 'ਤੇ ਵਿਸ਼ੇਸ਼

# ਆਕਾਸ਼ਦੀਪ ਪਰਵਾਰ ਦਾ ਦੀਪ ਸੀ

25 ਜਨਵਰੀ ਨੂੰ ਮੈਂ ਆਂਧਰਾ ਪ੍ਰਦੇਸ਼ ਵਿੱਚ ਸਾਂ। ਮੈਨੂੰ ਕਿਸੇ ਦਾ ਫੋਨ ਆਇਆ ਕਿ ਬਿੱਟੂ (ਆਕਾਸ਼ਦੀਪ ਪੰਚਾਇਤ ਸਕੱਤਰ) ਨਹੀਂ ਰਿਹਾ। ਮੈਂ ਸੁੰਨ ਜਿਹਾ ਹੋ ਗਿਆ, ਪਰ ਮਨ ਇਹ ਗੱਲ ਮੰਨਣ ਲਈ ਤਿਆਰ ਨਹੀਂ ਸੀ ਕਿ ਇਹ ਅਣਹੋਣੀ ਵਾਪਰ ਚੁੱਕੀ ਹੈ। ਅਜੇ ਕੁਝ ਦਿਨ ਪਹਿਲਾਂ ਹੀ ਤਾਂ ਮੈਂ ਆਕਾਸ਼ਦੀਪ ਦੇ ਵੱਡੇ ਭਰਾ ਰਕੇਸ਼ ਕੁਮਾਰ ਨੂੰ ਉਸ ਦੇ ਦਫਤਰ ਜਾ ਕੇ ਮਿਲਿਆ ਸੀ, ਬਿੱਟੂ ਦੀ ਮਿਜ਼ਾਜ ਪੁਰਸ਼ੀ ਜਾਨਣ ਲਈ। ਅਸਲ 'ਚ ਉਸ ਦਿਨ ਮੈਂ ਬਿੱਟੂ ਨੂੰ ਮਿਲਣਾ ਚਾਹਿਆ ਸੀ, ਪਰ ਉਹ ਉਸ ਦਿਨ ਸ਼ਾਹਕੋਟ ਨਹੀਂ ਸੀ। ਉਸ ਨੂੰ ਨਾ ਮਿਲ ਸਕਣ ਦਾ ਪਛਤਾਵਾ ਪਤਾ ਨਹੀਂ ਕਿੰਨਾ ਸਮਾਂ ਜ਼ਿਹਨ ਦਾ ਹਿੱਸਾ ਬਣਿਆ ਰਹੇਗਾ।

ਬਿੱਟੂ (ਆਕਾਸ਼ਦੀਪ) ਮੇਰਾ ਬਹੁਤ ਅਜ਼ੀਜ਼ ਸੀ। ਉਹ ਅਜੇ ਜਵਾਨੀ ਦੀ ਦਹਿਲੀਜ਼ ਟੱਪਿਆ ਨਹੀਂ ਸੀ, ਜਦੋਂ ਤੋਂ ਉਸ ਦੀਆਂ ਅਠਖੇਲੀਆਂ ਤੇ ਮਿੱਠੀਆਂ ਮਿੱਠੀਆਂ ਸ਼ਰਾਰਤਾਂ ਤੱਕਦਾ ਆਇਆ ਸਾਂ। ਉਸ ਦੇ ਪਿਤਾ ਸ੍ਰੀ ਦੇਵ ਸ਼ਰਮਾ ਤਾਂ ਬਹੁਤ ਵਰ੍ਹੇ ਪਹਿਲਾਂ ਪਰਿਵਾਰ ਨੂੰ ਵੱਡਾ ਸੱਲ ਦੇ ਕੇ ਸਦੀਵੀ ਵਿਛੋੜਾ ਦੇ ਗਏ ਸਨ, ਪਰ ਬਿੱਟੂ ਦੇ ਚਾਚੇ ਡਾ. ਵੇਦ ਪ੍ਰਕਾਸ਼ ਸ਼ਰਮਾ ਤੇ ਮਾਸਟਰ ਵਾਸਦੇਵ ਕੰਵਲ ਮੇਰੇ ਨਿੱਘੇ ਦੋਸਤ ਸਨ (ਉਹ ਵੀ ਹੁਣ ਨਹੀਂ ਰਹੇ) ਉਹਨਾਂ ਨਾਲ ਮੇਰੀਆਂ ਪਰਵਾਰਿਕ ਸਾਂਝਾਂ ਸਨ।



ਆਂਧਰਾ ਤੋਂ ਵਾਪਸ ਆ ਕੇ ਮੈਂ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਗਿਆ ਤਾਂ ਰਾਕੇਸ਼ ਦਾ ਗੱਚ ਭਰ ਆਇਆ, ਅੱਖਾਂ 'ਚੋਂ ਪਰਲ ਪਰਲ ਹੰਝੂ ਵਗਣ ਲੱਗੇ। ਰਾਕੇਸ਼ ਦਾ ਇਹ ਕਹਿਣਾ, 'ਉਹ ਮੇਰੇ ਨਾਲੋਂ ਛੋਟਾ ਸੀ ਪਰ ਜ਼ਿੰਦਗੀ ਦੇ ਵਿਚਰਨ ਵਰਤਾਰੇ ਵਿੱਚ ਮੇਰੀ ਅਗਵਾਈ ਕਰਦਾ ਸੀ, ਹੁਣ ਮੈਂ ਕੀ ਕਰਾਂਗਾ' ਮੇਰੇ ਅੰਦਰ ਨੂੰ ਹਿਲਾ ਕੇ ਰੱਖ ਗਿਆ ਤੇ ਵਾਰਿਸ ਸ਼ਾਹ ਦੇ ਬੋਲ ਕੰਨਾਂ 'ਚ ਗੁਣਗੁਣਾਉਣ ਲੱਗੇ ਕਿ 'ਭਾਈਆਂ ਬਾਝ ਨਾ ਮਜਲਸਾਂ ਸੁਹੰਦੀਆਂ ਨੇ.... ਵਾਰਿਸ ਸ਼ਾਹ ਬਿਨਾਂ ਭਾਈਆਂ ਦੇ, ਸਾਨੂੰ ਜੀਵਣਾ ਜ਼ਰਾ ਦਰਕਾਰ ਨਹੀਂ'।

ਆਕਾਸ਼ਦੀਪ ਸ਼ਰਮਾ ਪਰਵਾਰ ਦਾ 'ਦੀਪ' ਸੀ ਜਿਸ ਦੀ ਲੋਅ ਸਦਾ ਲਈ ਗਾਇਬ ਹੋ ਗਈ ਹੈ। ਮਾਤਾ ਕਮਲਜੀਤ ਸ਼ਰਮਾ ਨੂੰ ਜਿਗਰ ਦੇ ਟੋਟੇ ਦੇ ਵਿਛੋੜੇ ਦਾ ਦੁੱਖ ਝੱਲਣਾ ਮੁਹਾਲ ਹੋਵੇਗਾ। ਜੀਵਨ ਸਾਥਣ ਰੇਖਾ ਸ਼ਰਮਾ ਉੱਤੇ ਪਹਾੜ ਜਿੱਡਾ ਦੁੱਖ ਆਣ ਡਿੱਗਿਆ ਹੈ। ਧੀ ਨਿਧਤੀ ਪਿਆਰੇ ਜਿਹੇ ਬਾਪ ਦੇ ਮੋਹ ਨੂੰ ਤਰਸਦੀ ਰਹੇਗੀ। ਭੈਣ ਸੀਮਾ ਰਾਣੀ ਹਰ ਸਾਲ ਰੱਖੜੀ ਵਾਲੇ ਦਿਨ ਰੋਇਆ ਕਰੇਗੀ। ਸ਼ੁਭਮ ਆਪਣੇ ਚਾਚੇ ਦੇ ਲਾਡਾਂ ਤੋਂ ਵਿਰਵਾ ਹੋ ਗਿਆ। ਡਾ. ਨਵਨੀਤ ਸ਼ਰਮਾ, ਡਾ. ਮੁਨੀਸ਼ ਕੰਵਲ, ਗੁਲਸ਼ਨ ਕੁਮਾਰ ਤੇ ਸੁਨੀਲ ਕੁਮਾਰ ਆਪਣੇ ਵੀਰ ਦੀਆਂ ਗੁੱਝੀਆਂ ਜਿਹੀਆਂ ਸ਼ਰਾਰਤਾਂ ਨੂੰ ਤਰਸਦੇ ਰਹਿਣਗੇ।

ਆਕਾਸ਼ਦੀਪ ਸ਼ਰਮਾ ਪੰਚਾਇਤ ਸਕੱਤਰ ਨਮਿੱਤ ਸ੍ਰੀ ਗਰੁੜ ਪੁਰਾਣ ਜੀ ਦੇ ਪਾਠ ਦੇ ਭੋਗ ਅਤੇ ਰਸਮ ਪੱਗੜੀ 4 ਫਰਵਰੀ ਦਿਨ ਬੁੱਧਵਾਰ ਨੂੰ ਦੁਪਹਿਰ 1 ਵਜੇ ਤੋਂ 2:00 ਵਜੇ ਤੱਕ ਡੇਰਾ ਬਾਬਾ ਮੁਰਲੀ ਦਾਸ (ਸ਼ਿਵ ਮੰਦਿਰ) ਨੇੜੇ ਦਾਣਾ ਮੰਡੀ ਸ਼ਾਹਕੋਟ ਵਿਖੇ ਹੋਵੇਗੀ।

-ਗਿਆਨ ਸੈਦਪੁਰੀ

# ਮਾਈਨਿੰਗ ਵਾਹਨਾਂ ਦੀ ਆਵਾਜਾਈ 'ਤੇ ਪਾਬੰਦੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਸਮੱਗਰੀ ਲੈ ਜਾਣ ਵਾਲੇ ਟਿੱਪਰਾਂ/ਟਰੱਕਾਂ ਦੀ ਆਵਾਜਾਈ ਸਬੰਧੀ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਹਨ।ਹੁਕਮਾਂ ਅਨੁਸਾਰ ਇਨ੍ਹਾਂ ਰੂਟਾਂ 'ਤੇ ਮਾਈਨਿੰਗ ਸਮੱਗਰੀ ਲੈ ਕੇ ਜਾਣ ਵਾਲੇ ਵਾਹਨਾਂ ਦੀ ਆਵਾਜਾਈ ਸਿਰਫ਼ ਸ਼ਾਮ 7.00 ਵਜੇ ਤੋਂ ਸਵੇਰੇ 7:00 ਵਜੇ ਤੱਕ ਹੀ ਹੋਵੇਗੀ ਤੇ ਇਸ ਸਮੇਂ ਤੋਂ ਇਲਾਵਾ 20 ਮਾਰਚ, 2026 ਤੱਕ ਇਨ੍ਹਾਂ ਵਾਹਨਾਂ ਦੀ ਆਵਾਜਾਈ 'ਤੇ ਪੂਰੀ ਤਰ੍ਹਾਂ ਪਾਬੰਦੀ ਰਹੇਗੀ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਉਪਰੋਕਤ ਹੁਕਮਾਂ ਦੀ ਨਿਰੰਤਰਤਾ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਪ੍ਰਕਾਸ਼ ਉਤਸਵ ਮੌਕੇ 4 ਫਰਵਰੀ ਤੋਂ 6 ਫਰਵਰੀ ਤੱਕ ਸ੍ਰੀ ਖੁਰਾਲਗੜ੍ਹ ਸਾਹਿਬ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ (ਮੀਨਾਰ-ਏ-ਬੇਗਮਪੁਰਾ), ਚਰਨ ਛੋਹ ਗੰਗਾ ਤੇ ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੇ ਰਾਜ ਪੱਧਰੀ ਸਮਾਗਮ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਇਸ ਸਮੇਂ ਦੌਰਾਨ ਸ਼ਰਧਾਲੂਆਂ ਦੀ ਸਹੂਲਤ, ਸੁਚਾਰੂ ਆਵਾਜਾਈ ਪ੍ਰਣਾਲੀ ਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਸਮੱਗਰੀ ਲੈ ਜਾਣ ਵਾਲੇ ਟਿੱਪਰਾਂ/ਟਰੱਕਾਂ ਦੀ ਆਵਾਜਾਈ 4 ਫਰਵਰੀ ਤੋਂ 6 ਫਰਵਰੀ ਤੱਕ ਪੂਰੀ ਤਰ੍ਹਾਂ ਬੰਦ ਰਹੇਗੀ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਲੱਧੇਵਾਲੀ ਦੀ ਕਾਰਜਕਾਰੀ ਕਮੇਟੀ ਦਾ ਗਠਨ



**ਜਲੰਧਰ (ਰਾਜੇਸ਼ ਥਾਪਾ)** ਪਿਛਲੇ ਦਿਨੀਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਲੱਧੇਵਾਲੀ ਦਾ ਪ੍ਰਬੰਧ ਚਲਾਉਣ ਲਈ ਅਕਾਲ ਤਖਤ ਵਲੋਂ ਭੇਜੇ ਤਿੰਨ ਮੈਂਬਰੀ ਕਮੇਟੀ ਦੇ ਨੁਮਾਇੰਦਿਆਂ ਫਰਿਆਦ ਸਿੰਘ, ਮਨਜੀਤ ਸਿੰਘ ਤੇ ਕੁਲਜੀਤ ਸਿੰਘ ਵਲੋਂ ਸਮੂਹ ਸੰਗਤਾਂ ਦੀ ਹਾਜ਼ਰੀ ਵਿਚ ਸਮੂਹ ਸੰਗਤ ਰੂਪੀ 11 ਮੈਂਬਰੀ ਗੁਰ ਮਰਿਯਾਦਾ ਅਨੁਸਾਰ ਅੰਮ੍ਰਿਤਧਾਰੀ ਕਾਰਜਕਾਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਵਿਚ ਛੇ ਪੁਰਸ਼ ਤੇ ਪੰਜ ਬੀਬੀਆਂ ਨੂੰ ਸ਼ਾਮਲ ਕੀਤਾ ਗਿਆ। ਹਰਿੰਦਰਜੀਤ ਸਿੰਘ, ਗੁਰਦੀਪ ਸਿੰਘ, ਜਸਵਿੰਦਰ ਸਿੰਘ, ਸੁਰਜੀਤ ਕੌਰ, ਬੇਅੰਤ ਕੌਰ, ਬਲਜਿੰਦਰ ਕੌਰ, ਗੁਰਮੀਤ ਸਿੰਘ ਵਾਲੀਆ, ਸ਼ਮਸ਼ੇਰ ਸਿੰਘ, ਰਜਵੰਤ ਕੌਰ, ਰਵਿੰਦਰ ਕੌਰ ਅਤੇ ਬਖਸ਼ੀਸ਼ ਸਿੰਘ 'ਤੇ ਆਧਾਰਤ 11 ਮੈਂਬਰੀ ਕਾਰਜਕਾਰੀ ਕਮੇਟੀ ਨੂੰ ਸਿਰੋਪਾਓ ਪਾ ਕੇ ਸੇਵਾਵਾਂ ਸੌਂਪੀਆਂ ਗਈਆਂ। ਇਹ ਕਮੇਟੀ ਅਕਾਲ ਤਖਤ ਦੇ ਅਗਲੇ ਹੁਕਮਾਂ ਤਕ ਕਾਰਜਸ਼ੀਲ ਰਹੇਗੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਗੁਰ ਮਰਿਯਾਦਾ ਅਨੁਸਾਰ ਚਲਾਉਣ ਲਈ 11 ਮੈਂਬਰੀ ਕਮੇਟੀ ਵਲੋਂ ਹਰਿੰਦਰਜੀਤ ਸਿੰਘ ਪ੍ਰਧਾਨ, ਬੇਅੰਤ ਕੌਰ ਸੀਨੀਅਰ ਮੀਤ ਪ੍ਰਧਾਨ, ਬੀਬੀ ਰਜਵੰਤ ਕੌਰ ਮੀਤ ਪ੍ਰਧਾਨ, ਸੁਰਜੀਤ ਕੌਰ ਪੁਰੇਵਾਲ ਸਕੱਤਰ, ਜਸਵਿੰਦਰ ਸਿੰਘ ਸਹਾਇਕ ਸਕੱਤਰ, ਗੁਰਦੀਪ ਸਿੰਘ ਖਜਾਨਚੀ, ਸ਼ਮਸ਼ੇਰ ਸਿੰਘ ਤੇ ਬਲਜਿੰਦਰ ਕੌਰ ਸਹਾਇਕ ਖਜਾਨਚੀ ਤੋਂ ਇਲਾਵਾ ਬਖਸ਼ੀਸ਼ ਸਿੰਘ ਤੇ ਗੁਰਮੀਤ ਸਿੰਘ ਵਾਲੀਆ ਮੈਂਬਰ ਨਿਯੁਕਤ ਕੀਤੇ ਗਏ।

# ਨੈਸ਼ਨਲ ਹਾਈਵੇ 2051 (53 ਐਕਸਟੈਂਸ਼ਨ) ਪ੍ਰੋਜੈਕਟ ਨੂੰ ਮਿਲੀ ਮਨਜ਼ੂਰੀ : ਬੈਂਸ

**ਨੰਗਲ, ਭਲਾਣ (ਸੁਰਜੀਤ ਸਿੰਘ, ਹਰਭਜਨ ਸਿੰਘ ਢਿੱਲੋਂ)** ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਤੇ ਹਲਕਾ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਨੇ ਆਪਣੇ ਇਲਾਕੇ ਦੇ ਲੋਕਾਂ ਨਾਲ ਇੱਕ ਵੱਡੀ ਖੁਸ਼ਖਬਰੀ ਸਾਂਝੀ ਕੀਤੀ।ਉਨ੍ਹਾਂ ਦੱਸਿਆ ਕਿ ਨੰਗਲ ਤੋਂ ਕੀਰਤਪੁਰ ਸਾਹਿਬ ਤੱਕ, ਪੰਜਾਬ ਬਾਰਡਰ ਤੋਂ ਲੈ ਕੇ ਹਿਮਾਚਲ ਪ੍ਰਦੇਸ਼ ਵੱਲ ਜਾਂਦੀ ਤਰਸਯੋਗ ਹਾਲਤ ਸੜਕ ਨੂੰ 4 ਲੇਨ ਕਰਨ ਲਈ ਨੈਸ਼ਨਲ ਹਾਈਵੇ 2051 (53 ਐਕਸਟੈਂਸ਼ਨ) ਪ੍ਰੋਜੈਕਟ ਨੂੰ ਆਖ਼ਰਕਾਰ ਮਨਜ਼ੂਰੀ ਮਿਲ ਗਈ ਹੈ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹ ਸੜਕ ਹਿਮਾਚਲ ਪ੍ਰਦੇਸ਼ ਜਾਣ ਵਾਲੇ ਲੱਖਾਂ ਸ਼ਰਧਾਲੂਆਂ ਅਤੇ ਯਾਤਰੀਆਂ ਲਈ ਬਹੁਤ ਅਹਿਮ ਹੈ, ਕਿਉਂਕਿ ਇਸ ਰਾਹੀਂ ਮਾਤਾ ਨੈਣਾ ਦੇਵੀ, ਬਾਬਾ ਬਾਲਕ ਨਾਥ, ਮਾਤਾ ਚਿੰਤਪੁਰਨੀ ਅਤੇ ਹੋਰ ਧਾਰਮਿਕ ਅਸਥਾਨਾਂ ਤੱਕ ਪਹੁੰਚ ਹੁੰਦੀ ਹੈ।ਸ੍ਰੀ ਬੈਂਸ ਨੇ ਦੱਸਿਆ ਕਿ ਇਸ ਸੜਕ 'ਤੇ ਹੋ ਰਹੇ ਭਿਆਨਕ ਹਾਦਸਿਆਂ ਵਿੱਚ ਅਨੇਕਾਂ ਕੀਮਤੀ ਜਾਨਾਂ ਗੁਆਈਆਂ ਗਈਆਂ, ਜਿਸ ਕਾਰਨ ਇਹ ਪ੍ਰੋਜੈਕਟ ਇਲਾਕੇ ਦੀ ਲੰਬੇ ਸਮੇਂ ਤੋਂ ਮੰਗ ਸੀ।ਉਨ੍ਹਾਂ ਦੱਸਿਆ ਕਿ ਇਸ ਸੜਕ ਨਾਲ ਇਲਾਕੇ ਵਿੱਚ ਵਪਾਰ, ਰੋਜ਼ਗਾਰ ਅਤੇ ਟੂਰਿਜ਼ਮ ਨੂੰ ਵੱਡਾ ਲਾਭ ਮਿਲੇਗਾ। ਨਵੇਂ ਢਾਬੇ, ਹੋਟਲ, ਰੈਸਟੋਰੈਂਟ ਅਤੇ ਵੱਡੇ ਬ੍ਰਾਂਡ ਆਉਣਗੇ, ਜਿਸ ਨਾਲ ਸੈਂਕੜਿਆਂ ਪਿੰਡਾਂ ਦੀ ਅਰਥਵਿਵਸਥਾ ਮਜ਼ਬੂਤ ਹੋਵੇਗੀ ਅਤੇ ਨਾਲ ਹੀ ਫੁੱਟ ਓਵਰ ਬ੍ਰਿਜ, ਸਰਵਿਸ ਰੋਡਾਂ ਅਤੇ ਹੋਰ ਸੁਰੱਖਿਆ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕੇ ਹਨ। ਸ.ਬੈਂਸ ਨੇ ਕਿਹਾ ਕਿ ਇਹ ਸੜਕ ਇਲਾਕੇ ਦੀ ਲਾਈਫਲਾਈਨ ਹੈ ਅਤੇ ਇਹ ਸੁਪਨਾ ਸਾਕਾਰ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ।



# ਸਪੈਸ਼ਲ ਓਲੰਪਿਕ ਸਿਰਫ ਖੇਡ ਨਹੀਂ, ਸਵੈ-ਨਿਰਭਰ ਤੇ ਅਗਵਾਈ ਦਾ ਅੰਦੋਲਨ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਪੈਸ਼ਲ ਓਲੰਪਿਕ ਵਿੱਚ ਸ਼ਾਮਲ ਹੋਣ ਵਾਲੇ ਖਿਡਾਰੀ ਚੁਣੌਤਿਆਂ ਨੂੰ ਪਾਰ ਕਰਦੇ ਹੋਏ ਇਹ ਸੰਦੇਸ਼ ਦੇ ਰਹੇ ਹਨ ਕਿ ਜੇਕਰ ਮੌਕਾ, ਸਿਖਲਾਈ ਅਤੇ ਭਰੋਸਾ ਮਿਲੇ, ਤਾਂ ਹਰ ਵਿਅਕਤੀ ਅਸਾਧਾਰਨ ਬਣ ਸਕਦਾ ਹੈ।ਮੁੱਖ ਮੰਤਰੀ ਰੋਹਤਕ ਦੇ ਮਹਾਰਿਸ਼ੀ ਦਯਾਨੰਦ ਯੂਨਿਵਰਸਿਟੀ ਵਿੱਚ ਸਪੇਸ਼ਲ ਓਲੰਪਿਕ ਭਾਰਤ ਰਾਸ਼ਟਰੀ ਐਥਲੇਟਿਕਸ ਚੈਮਪਿਅਨਸ਼ਿਪ ਦੇ ਸ਼ੁਭਾਰੰਭ 'ਤੇ ਆਯੋਜਿਤ ਪ੍ਰੋਗਰਾਮ ਨੂੰ ਸੰਬੋਧਿਤ ਕਰ ਰਹੇ ਸਨ।ਇਸ ਚੈਂਪਿਅਨਸ਼ਿਪ ਵਿੱਚ 26 ਰਾਜਿਆਂ ਤੋਂ 500 ਤੋਂ ਵੱਧ ਖਿਡਾਰੀ, ਉਨ੍ਹਾਂ ਦੇ ਕੋਚ ਅਤੇ ਸਹਿਭਾਗੀ ਹਿੱਸਾ ਲੈ ਰਹੇ ਹਨ। ਮੁੱਖ ਮੰਤਰੀ ਨੇ ਸਪੇਸ਼ਲ ਓਲੰਪਿਕ ਭਾਰਤ ਨੂੰ 31 ਲੱਖ ਰੁਪਏ ਅਤੇ ਖੇਡ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਨੇ 21 ਲੱਵ ਰੁਪਏ ਗ੍ਰਾਂਟ ਦੇਣ ਦਾ ਐਲਾਨ ਵੀ ਕੀਤਾ।ਮੁੱਖ ਮੰਤਰੀ ਨੇ ਪ੍ਰੋਗਰਾਮ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਸਪੇਸ਼ਲ ਓਲੰਪਿਕ ਦੀ ਖਾਸਿਅਤ ਇਹ ਹੈ ਕਿ ਇਹ ਸਾਨੂੰ ਖੇਡ ਨੂੰ ਸਿਰਫ ਤਗਮੇ ਅਤੇ ਕੰਪੀਟਿਸ਼ਨ ਦੀ ਨਜਰ ਨਾਲ ਨਹੀਂ, ਸਗੋਂ ਮਨੁੱਖੀ ਆਤਮ ਦੀ ਸ਼ਕਤੀ ਅਤੇ ਸੰਭਾਵਨਾਵਾਂ ਵੱਜੋਂ ਵੇਖਣ ਦੀ ਦ੍ਰਿਸ਼ਟੀ ਦਿੰਦਾ ਹੈ।

# ਮਜੀਠੀਆ ਨੂੰ ਜ਼ਮਾਨਤ ਮਿਲਣ 'ਤੇ ਖੁਸ਼ੀ ਪ੍ਰਗਟ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਵੱਲੋਂ ਜਮਾਨਤ ਮਿਲਣ ਨਾਲ ਅਕਾਲੀ ਦਲ ਦੇ ਵਰਕਰਾਂ ਅਤੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਸ ਮੌਕੇ ਅਕਾਲੀ ਦਲ ਦੀ ਜ਼ਿਲਾ ਪ੍ਰਧਾਨ ਕੁਲਵਿੰਦਰ ਕੌਰ ਵੱਲੋਂ ਜਮਾਨਤ ਦੇ ਫੈਸਲੇ ਦਾ ਸਵਾਗਤ ਕਰਦਿਆਂ ਇਸ ਨੂੰ ਸੱਚ ਦੀ ਜਿੱਤ ਕਰਾਰ ਦਿੱਤਾ ਗਿਆ। ਕੁਲਵਿੰਦਰ ਕੌਰ ਨੇ ਕਿਹਾ ਕਿ ਅਕਾਲੀ ਦਲ ਲੋਕਤੰਤਰ ਅਤੇ ਸੰਵਿਧਾਨ 'ਚ ਪੂਰਾ ਵਿਸ਼ਵਾਸ ਰੱਖਦਾ ਹੈ ਅਤੇ ਅਦਾਲਤਾਂ ਦੇ ਫੈਸਲਿਆਂ ਦਾ ਸਦਾ ਸਨਮਾਨ ਕਰਦਾ ਹੈ।ਉਨ੍ਹਾਂ ਅੱਗੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨੂੰ ਜਮਾਨਤ ਮਿਲਣ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਅਕਾਲੀ ਦਲ ਪੰਜਾਬ ਦੇ ਲੋਕਾਂ ਦੇ ਹੱਕਾਂ ਲਈ ਹੋਰ ਜੋਸ਼ ਨਾਲ ਸੰਘਰਸ਼ ਕਰੇਗਾ।

# ਪ੍ਰਕਾਸ਼ ਪੁਰਬ ਮੌਕੇ ਲਗਾਇਆ ਮੁਫਤ ਮੈਡੀਕਲ ਕੈਂਪ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**- ਸਤਿਗੁਰੂ ਰਵਿਦਾਸ ਮਹਾਰਾਜ ਜੀ ਜੀ 649ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਪਿੰਡ ਜੰਡੋਲੀ ਵਿਖੇ ਫ੍ਰੀ ਮੈਡੀਕਲ ਕੈਂਪ ਸਿੱਧ ਜੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਲਗਾਇਆ ਗਿਆ। ਮਰੀਜ਼ਾਂ ਦਾ ਚੈੱਕਅਪ ਕਰਕੇ ਉਹਨਾਂ ਨੂੰ ਮੁਫਤ ਦਵਾਈ ਦਿੱਤੀ ਗਈ ਤੇ ਸ਼ੂਗਰ ਦਾ ਟੈਸਟ ਵੀ ਕੀਤਾ ਗਿਆ। ਇਸ ਮੌਕੇ ਡਾਕਟਰ ਜਸਵੰਤ ਸਿੰਘ ਥਿੰਦ ਐੱਸ ਐੱਮ ਓ ਸਿਵਲ ਹਸਪਤਾਲ ਮਾਹਿਲਪੁਰ ਵੱਲੋ ਭਰਪੂਰ ਸਹਿਯੋਗ ਦਿੱਤਾ ਗਿਆ। ਡਾਕਟਰ ਪ੍ਰਭ ਹੀਰ, ਹਰਜਿੰਦਰ ਕੁਮਾਰੀ, ਨਵਜੋਤ ਕੌਰ, ਭੁਪਿੰਦਰ ਕੁਮਾਰ ਵੱਲੋ ਮੈਡੀਕਲ ਕੈਂਪ ਦੌਰਾਨ ਸੇਵਾਵਾਂ ਨਿਭਾਈਆਂ ਗਈਆਂ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਮੈਡੀਕਲ ਕੈਂਪ ਦੌਰਾਨ ਸੇਵਾਵਾਂ ਨਿਭਾਉਣ ਵਾਲੀ ਟੀਮ ਨੂੰ ਸਿਰੋਪਾਉ ਦੇ ਕੇ ਸਨਮਾਨਤ ਕੀਤਾ ਗਿਆ।



# ਡਾ. ਰਵਜੋਤ ਨੇ 'ਮੁੱਖ ਮੰਤਰੀ ਸਿਹਤ ਯੋਜਨਾ' ਵਿਸ਼ੇਸ਼ ਕੈਂਪ 'ਚ ਕੀਤੀ ਸ਼ਿਰਕਤ

**ਹੁਸ਼ਿਆਰਪੁਰ (ਓ ਪੀ ਰਾਣਾ)** ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਪਿੰਡ ਪੰਡੋਰੀ ਸੁਮਲਾ ਵਿੱਚ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਸਿਹਤ ਕਾਰਡ ਬਣਾਉਣ ਲਈ ਲਗਾਏ ਗਏ ਵਿਸ਼ੇਸ਼ ਕੈਂਪ ਵਿੱਚ ਸ਼ਿਰਕਤ ਕੀਤੀ।ਇਸ ਮੌਕੇ ਉਨ੍ਹਾਂ ਮੌਕੇ ਪਹੁੰਚ ਕੇ ਕਾਰਡ ਬਣਾਉਣ ਦੀ ਪੂਰੀ ਪ੍ਰਕਿਰਿਆ ਦਾ ਬਾਰੀਕੀ ਨਾਲ ਜਾਇਜ਼ਾ ਲਿਆ ਅਤੇ ਲਾਭਪਾਤਰੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਯੋਜਨਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਕੈਬਨਿਟ ਮੰਤਰੀ ਨੇ ਕੈਂਪ ਵਿੱਚ ਮੌਜੂਦ ਲੋਕਾਂ ਨੂੰ ਰਜਿਸਟ੍ਰੇਸ਼ਨ ਸਲਿੱਪਾਂ ਵੰਡੀਆਂ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਇਸ ਯੋਜਨਾ ਰਾਹੀਂ ਉਹ ਰਾਜ ਦੇ ਪਛਾਣੇ ਗਏ ਹਸਪਤਾਲਾਂ ਵਿੱਚ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਕਰਵਾ ਸਕਦੇ ਹਨ। ਡਾ. ਰਵਜੋਤ ਸਿੰਘ ਨੇ ਕਿਹਾ ਕਿ 'ਮੁੱਖ ਮੰਤਰੀ ਸਿਹਤ ਯੋਜਨਾ' ਗ਼ਰੀਬ, ਲੋੜਵੰਦ ਅਤੇ ਮੱਧ ਵਰਗੀ ਪਰਵਾਰਾਂ ਲਈ ਵਰਦਾਨ ਸਾਬਤ ਹੋ ਰਹੀ ਹੈ।ਇਸ ਯੋਜਨਾ ਦੇ ਤਹਿਤ ਗੰਭੀਰ ਬਿਮਾਰੀਆਂ ਦਾ ਵੀ ਉੱਚ ਪੱਧਰੀ ਇਲਾਜ ਸੰਭਵ ਹੋ ਗਿਆ ਹੈ, ਜਿਸ ਨਾਲ ਆਮ ਲੋਕਾਂ ਨੂੰ ਵਿੱਤੀ ਬੋਝ ਤੋਂ ਰਾਹਤ ਮਿਲੀ ਹੈ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੈਂਪਾਂ ਦੇ ਆਯੋਜਨ ਵਿੱਚ ਕੋਈ ਵੀ ਲਾਪਰਵਾਹੀ ਨਾ ਵਰਤੀ ਜਾਵੇ ਅਤੇ ਵੱਧ ਤੋਂ ਵੱਧ ਯੋਗ ਪਰਿਵਾਰਾਂ ਨੂੰ ਇਸ ਯੋਜਨਾ ਨਾਲ ਜੋੜਿਆ ਜਾਵੇ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਆਪਣੇ ਸਿਹਤ ਕਾਰਡ ਬਣਾਉਣ। ਇਸ ਮੌਕੇ ਸਥਾਨਕ ਪ੍ਰਸ਼ਾਸਨਿਕ ਅਧਿਕਾਰੀ, ਸਿਹਤ ਵਿਭਾਗ ਦੇ ਕਰਮਚਾਰੀ, ਪੰਚਾਇਤ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।



# ਲੁਧਿਆਣਾ 'ਚ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਸਮਾਗਮ



**ਲੁਧਿਆਣਾ** : ਲੁਧਿਆਣਾ 'ਚ ਜ਼ਿਲ੍ਹਾ ਪ੍ਰਸ਼ਾਸਨ ਦੇ ਸਾਂਝੇ ਸਹਿਯੋਗ ਨਾਲ ਇਨਡੋਰ ਸਟੇਡੀਅਮ, ਪੱਖੋਵਾਲ ਰੋਡ, ਲੁਧਿਆਣਾ ਵਿੱਚ ਇੱਕ ਮਹੱਤਵਪੂਰਨ ਸਮਾਜਿਕ ਈਵੈਂਟ ਵੱਡੇ ਪੱਧਰ 'ਤੇ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਈਵੈਂਟ ਦਾ ਮਕਸਦ ਸ਼ਹਿਰ ਦੀਆਂ ਅਹਿਮ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਸਮਾਜਿਕ ਸੇਵਾ, ਜਨ-ਹਿਤ ਅਤੇ ਭਾਈਚਾਰਕ ਸਹਿਯੋਗ ਨੂੰ ਮਜ਼ਬੂਤ ਕਰਨਾ ਸੀ। ਇਸ ਸਮਾਗਮ ਵਿੱਚ ਵੱਡੀਆਂ ਤੇ ਪ੍ਰਮੁੱਖ ਆਰਗਨਾਈਜ਼ੇਸ਼ਨਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਖਾਲਸਾ ਏਡ ਆਰਗਨਾਈਜ਼ੇਸ਼ਨ ਦੀ ਵਿਸ਼ੇਸ਼ ਹਾਜ਼ਰੀ ਅਤੇ ਯੋਗਦਾਨ ਖਾਸ ਤੌਰ 'ਤੇ ਸਰਾਹਣਯੋਗ ਰਿਹਾ। ਖਾਲਸਾ ਏਡ ਵੱਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਵੱਡੇ ਪੱਧਰ 'ਤੇ ਪ੍ਰਸ਼ੰਸਾ ਕੀਤੀ ਗਈ। ਈਵੈਂਟ ਦੌਰਾਨ ਬਹੁਤ ਵੱਡੀ ਗਿਣਤੀ ਵਿੱਚ ਸਮਾਜ ਸੇਵਕਾਂ, ਲੁਧਿਆਣਾ ਦੇ

### ● ਖਾਲਸਾ ਏਡ ਨੇ ਬੱਚਿਆਂ ਤੇ ਸਮਾਜ ਸੇਵਾ ਲਈ ਕੀਤਾ ਪ੍ਰੇਰਿਤ

ਨਾਗਰਿਕਾਂ ਤੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਖਾਲਸਾ ਏਡ ਦੇ ਮਨੁੱਖਤਾ ਭਰੇ ਕੰਮਾਂ ਨੂੰ ਵੇਖਦਿਆਂ ਕਈ ਲੋਕਾਂ ਵਿੱਚ ਸੰਸਥਾ ਪ੍ਰਤੀ ਵਿਸ਼ੇਸ਼ ਸਨਮਾਨ ਅਤੇ ਨਰਮ ਦਿਲੀ ਦੀ ਭਾਵਨਾ ਨਜ਼ਰ ਆਈ ਤੇ ਬਹੁਤ ਸਾਰੇ ਲੋਕਾਂ ਅਤੇ ਸਕੂਲੀ ਬੱਚਿਆਂ ਨੇ ਖਾਲਸਾ ਏਡ ਨਾਲ ਜੁੜਨ ਦੀ ਇੱਛਾ ਵੀ ਜਤਾਈ। ਇਸ ਮੌਕੇ 'ਤੇ ਖਾਲਸਾ ਏਡ ਦੇ ਗੁਰਮੀਤ ਸਿੰਘ ਨੇ ਖਾਸ ਤੌਰ 'ਤੇ ਬੱਚਿਆਂ, ਸਮਾਜਸੇਵਕਾਂ ਅਤੇ ਆਮ ਨਾਗਰਿਕਾਂ ਨੂੰ ਸੇਵਾ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਉਨ੍ਹਾਂ ਨੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਮਨੁੱਖਤਾ ਦੀ ਸੇਵਾ ਨਾਲ ਜੁੜਨ ਤੇ ਸਮਾਜ ਭਲਾਈ ਲਈ ਸਰਗਰਮ ਹੋਣ ਲਈ ਪ੍ਰੇਰਿਤ ਕੀਤਾ, ਜਿਸ ਨਾਲ ਸਮਾਗਮ ਹੋਰ ਵੀ ਪ੍ਰੇਰਣਾਦਾਇਕ ਬਣ ਗਿਆ। ਇਸ ਪ੍ਰੋਗਰਾਮ ਵਿੱਚ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਡੀਸੀ ਹਿਮਾਂਸ਼ੂ ਜੈਨ ਦੀ ਵਿਸ਼ੇਸ਼ ਮੌਜੂਦਗੀ ਵੀ ਰਹੀ। ਉਨ੍ਹਾਂ ਨੇ ਖਾਲਸਾ ਏਡ ਦੀ ਮਨੁੱਖਤਾ ਭਰੀ ਸੇਵਾ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਸ਼ਹਿਰ ਅਤੇ ਹੋਰ ਇਲਾਕਿਆਂ ਦੀ ਭਲਾਈ ਲਈ ਪ੍ਰਸ਼ਾਸਨ, ਸਮਾਜਿਕ ਸੰਸਥਾਵਾਂ ਅਤੇ ਆਮ ਲੋਕਾਂ ਨੂੰ ਮਿਲਜੁਲ ਕੇ ਕੰਮ ਕਰਨਾ ਚਾਹੀਦਾ ਹੈ। ਕਾਰਜਕ੍ਰਮ ਦੌਰਾਨ ਸ਼ਹਿਰ ਦੀਆਂ ਸਮਾਜਿਕ ਅਤੇ ਮਨੁੱਖੀ ਲੋੜਾਂ ਬਾਰੇ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤੀ ਗਈ ਅਤੇ ਭਵਿੱਖ ਵਿੱਚ ਮਿਲਜੁਲ ਕੇ ਹੋਰ ਪ੍ਰਭਾਵਸ਼ਾਲੀ ਅਤੇ ਲੋਕ-ਹਿਤੈਸ਼ੀ ਉਪਰਾਲੇ ਕਰਨ ਲਈ ਸਹਿਮਤੀ ਬਣਾਈ ਗਈ। ਆਯੋਜਕਾਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ, ਸਹਿਯੋਗੀ ਸੰਸਥਾਵਾਂ, ਸਮਾਜਸੇਵਕਾਂ ਅਤੇ ਸਾਰੇ ਭਾਗੀਦਾਰਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ।

# ਪ੍ਰੋ. ਕੁਲਦੀਪ ਸੋਢੀ ਨੋਡਲ ਅਫ਼ਸਰ ਨਿਯੁਕਤ

**ਜਲੰਧਰ (ਸ਼ੈਲੀ ਐਲਬਰਟ)**-ਸਿੱਖਿਆ, ਖੋਜ, ਸੱਭਿਆਚਾਰ ਅਤੇ ਖੇਡਾਂ ਦੇ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਕੁਲਦੀਪ ਸੋਢੀ ਨੇ ਬਤੌਰ ਨੋਡਲ ਅਫ਼ਸਰ (ਪੀ.ਐਮ.ਐਸ.) ਵਜੋਂ ਅਹੁਦਾ ਸੰਭਾਲਿਆ। ਕਾਲਜ ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਤੇ ਅਧਿਆਪਕ ਸਾਹਿਬਾਨ ਨੇ ਫੁੱਲਾਂ ਦਾ ਗੁਲਦਸਤਾ ਦੇ ਕੇ ਉਨ੍ਹਾਂ ਨੂੰ ਪੀ ਐੱਮ ਐੱਸ ਦੇ ਕੰਮਾਂ ਨੂੰ ਹੋਰ ਉਸਾਰੂ ਢੰਗ ਨਾਲ ਕਰਨ ਲਈ ਸ਼ੁਭ ਇੱਛਾਵਾਂ ਦਿੱਤੀਆਂ। ਪ੍ਰੋ. ਸੋਢੀ ਦੀ ਕਾਲਜ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਹੋਇਆਂ ਕਾਲਜ ਗਵਰਨਿੰਗ ਕੌਂਸਲ ਤੇ ਕਾਲਜ ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਵੱਲੋਂ ਪੀ ਐੱਮ ਐੱਸ ਦੀ ਮਹੱਤਵਪੂਰਨ ਜਿੰਮੇਵਾਰੀ ਸੌਂਪੀ ਗਈ। ਪ੍ਰੋ. ਕੁਲਦੀਪ ਸੋਢੀ ਨੇ ਭਰੋਸਾ ਦਵਾਇਆ ਕਿ ਉਹ ਮਿਲੀ ਅਹਿਮ ਜਿੰਮੇਵਾਰੀ ਨੂੰ ਆਪਣੀ ਟੀਮ ਨਾਲ ਪੂਰੀ ਇਮਾਨਦਾਰੀ ਤੇ ਤੇ ਸੁਜੱਗਤਾ ਨਾਲ ਨਿਭਾਉਣਗੇ। ਇਸ ਮੌਕੇ ਡਾ. ਹਰਜੀਤ ਸਿੰਘ ਮੁਖੀ ਗਣਿਤ ਵਿਭਾਗ, ਕੰਵਰ ਸੁਖਜੀਤ ਸਿੰਘ ਦਫ਼ਤਰ ਸੁਪਰਡੈਂਟ ਵੀ ਹਾਜ਼ਰ ਸਨ।



# ਭਾਰਤੀ ਕਿਸਾਨ ਯੂਨੀਅਨ ਵੱਲੋਂ ਧਰਨਾ ਭਲਕੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਭਾਰਤੀ ਕਿਸਾਨ ਯੂਨੀਅਨ ਦੁਆਬਾ ਬਲਾਕ ਨੂਰਮਹਿਲ ਦੀ ਮਹੀਨਾਵਾਰ ਮੀਟਿੰਗ ਕੇਵਲ ਸਿੰਘ ਤਲਵਣ ਜ਼ਿਲ੍ਹਾ ਮੀਤ ਪ੍ਰਧਾਨ ਦੀ ਅਗਵਾਈ ਹੇਠ ਕੀਤੀ ਗਈ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਗੁਰਚੇਤਨ ਸਿੰਘ ਸੂਬਾ ਆਗੂ ਜਸਵੰਤ ਸਿੰਘ ਨੂਰਮਹਿਲ ਬਲਾਕ ਪ੍ਰਧਾਨ ਸਰਬਜੀਤ ਸਿੰਘ ਸਾਬੀ ਫਿਲੌਰ ਨਰਿੰਦਰ ਸਿੰਘ ਉਧੋਵਾਲ ਬੀ ਕੇ ਯੂ ਦੁਆਬਾ ਬਲਾਕ ਮਹਿਤਪੁਰ ਸਲਵਿੰਦਰ ਸਿੰਘ ਜਾਨੀਆ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਆਪਣੇ ਸਾਥੀਆਂ ਸਮੇਤ ਸ਼ਾਮਿਲ ਹੋਏ। 5 ਫਰਵਰੀ ਨੂੰ ਮੌਜੂਦਾ ਸਰਕਾਰਾਂ ਦੇ ਐੱਮ ਐੱਲ ਏ ਤੇ ਐੱਮ ਪੀ ਦੇ ਘਰਾਂ ਅੱਗੇ ਧਰਨਾ ਲਾਉਣ ਲਈ ਯੋਜਨਾ ਬਣਾਈ ਗਈ। ਸਾਰਿਆਂ ਵਲੋਂ ਸਰਬਸੰਮਤੀ ਨਾਲ 'ਆਪ' ਸਰਕਾਰ ਦੀ ਮੌਜੂਦਾ ਐੱਮ ਐੱਲ ਏ ਬੀਬੀ ਇੰਦਰਜੀਤ ਕੌਰ ਦੇ ਘਰ ਅਗੇ ਬੀੜ ਪਿੰਡ ਧਰਨਾ ਲਾਇਆ ਜਾਵੇਗਾ।



# ਰੇਲ ਗੱਡੀ ਹੇਠਾਂ ਆਉਣ ਨਾਲ ਸ਼ਿਵ ਭੱਲਾ ਪੱਤਰਕਾਰ ਦੀ ਮੌਤ

**ਜਲੰਧਰ (ਸੁਰਿੰਦਰ ਕੁਮਾਰ)**- ਸੋਢਲ ਰੇਲਵੇ ਫਾਟਕ ਤੇ ਜੰਮੂ ਤੱਵੀ ਰੇਲ ਗੱਡੀ ਦੀ ਲਪੇਟ ਵਿੱਚ ਆਉਣ ਕਰਕੇ ਜਲੰਧਰ ਦੇ ਕਿਸ਼ਨਪੁਰਾ ਨਿਵਾਸੀ ਪੱਤਰਕਾਰ ਸ਼ਿਵ ਭੱਲਾ ਦੀ ਹੋਈ ਦਰਦਨਾਕ ਮੌਤ ਹੋ ਗਈ। ਇਸ ਸੰਬੰਧ ਵਿੱਚ ਜਾਣਕਾਰੀ ਦੇਦਿਆ ਸ਼ਿਵ ਭੱਲਾ ਦੇ ਪਰਿਵਾਰ ਨੇ ਦੱਸਿਆ ਕਿ ਇਹ ਪੱਤਰਕਾਰ ਸ਼ਿਵ ਭੱਲਾ ਅਜੇ ਕੁਵਾਰਾ ਸੀ। ਤੇ ਉਹ 33 ਸਾਲਾਂ ਦੀ ਸੀ। ਇਸ ਘਟਨਾਂ ਤੋ ਬਾਆਦ ਲੋਕੋ ਪਾਇਲਟ ਨੇ ਰੇਲਗੱਡੀ ਸੋਢਲ ਰੇਲ ਫਾਟਕਾਂ ਤੇ ਰੋਕੀ ਤੇ ਇਸ ਦੀ ਸੂਚਨਾਂ ਰੇਲਵੇ ਪੁਲਿਸ ਨੂੰ ਦਿੱਤੀ ਤੇ ਮੌਕੇ ਤੇ ਰੇਲਵੇ ਪੁਲਸ ਨੇ ਪੁਹੰਚ ਕੇ ਲਾਸ਼ ਨੂੰ ਕਬਜੇ ਵਿੱਚ ਲੈ ਕੇ ਕਾਨੂੰਨੀ ਕਰਵਾਈ ਕਰਦਿਆਂ ਪੋਸਟਮਾਰਟਮ ਲਈ ਜਲੰਧਰ ਦੇ ਸਿਵਲ ਹਸਪਤਾਲ ਵਿੱਚ ਭੇਜਿਆ। ਮੌਕੇ 'ਤੇ ਪੁਹੰਚੇ ਸ਼ਿਵ ਭੱਲਾ ਦੇ ਭਰਾ ਸੌਰਵ ਬੇਰੀ ਨੇ ਦੱਸਿਆ ਕਿ ਉਹ ਉਸ ਦੇ ਨਾਲ ਬੈਠਾ ਸੀ ਤੇ ਕੁਝ ਸਮੇ ਲਈ ਉਹ ਰੋਟੀ ਖਾਣ ਲਈ ਗਿਆ ਸੀ ਤੇ ਅਚਾਨਕ ਉਸ ਨੂੰ ਫੋਨ ਕਾਲ ਆਈ ਕਿ ਸ਼ਿਵ ਭੱਲਾ ਰੇਲ ਗੱਡੀ ਹੇਠਾ ਆਉਣ ਕਰਕੇ ਮੌਤ ਦਾ ਸ਼ਿਕਾਰ ਹੋ ਗਿਆ। ਸ਼ਿਵ ਘਰ ਵਿੱਚ ਗਉਸ਼ਾਲਾ ਜਾਣ ਦਾ ਕਹਿ ਕੇ ਨਿਕਲਿਆ ਸੀ ਪਰ ਪਰਵਾਰ ਨੂੰ ਉਸ ਦੇ ਮਾਰੇ ਜਾਣ ਦੀ ਖਬਰ ਮਿਲੀ ਜਿਸ ਨਾਲ ਪੂਰੇ ਘਰ ਵਿੱਚ ਕੋਹਰਾਮ ਮੱਚ ਗਿਆ।

# ਪ੍ਰੀਮੀਅਰ ਲੀਗ ਤਹਿਤ ਕ੍ਰਿਕਟ ਮੈਚਾਂ ਦੇ ਸੈਮੀਫਾਈਨਲ ਮੁਕਾਬਲੇ

**ਜਲੰਧਰ, (ਸੁਰਿੰਦਰ ਕੁਮਾਰ)**- ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਪਹਿਲਕਦਮੀ ਤਹਿਤ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਵਾਸਲ ਐਜੂਕੇਸ਼ਨ ਵੱਲੋਂ ਕਰਵਾਈ ਜਾ ਰਹੀ ਜਲੰਧਰ ਪ੍ਰੀਮੀਅਰ ਲੀਗ ਤਹਿਤ ਕ੍ਰਿਕਟ ਮੈਚਾਂ ਦੇ ਸੈਮੀ ਫਾਈਨਲ ਮੁਕਾਬਲੇ ਕਰਵਾਏ ਗਏ। ਸਥਾਨਕ ਸੀ ਟੀ ਸ਼ਾਹਪੁਰ ਕੈਂਪਸ ਵਿਖੇ ਹੋਏ ਇਹਨਾਂ ਮੁਕਾਕਬਲਿਆਂ ਵਿੱਚ ਸਕੂਲ ਆਫ਼ ਐਮੀਨੈਂਸ ਲਾਡੋਵਾਲੀ ਰੋਡ ਨੇ ਪੁਲਸ ਡੀ. ਏ. ਵੀ. ਪਬਲਿਕ ਸਕੂਲ ਨੂੰ ਸੁਪਰ ਓਵਰ ਵਿੱਚ ਤਿੰਨ ਦੌੜਾਂ ਨਾਲ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਦੂਜੇ ਸੈਮੀ ਫਾਈਨਲ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਬਾ ਪਿੰਡ ਨੇ ਕੈਂਬ੍ਰਿਜ ਇੰਟਰਨੈਸ਼ਨਲ ਸਕੂਲ ਨੂੰ ਹਰਾ ਕੇ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਬਾ ਪਿੰਡ ਨੇ ਨਿਰਧਾਰਿਤ 20 ਓਵਰਾਂ ਵਿੱਚ 156 ਦੌੜਾਂ ਬਣਾਈਆਂ ਤੇ ਟੀਚੇ ਦਾ ਪਿੱਛਾ ਕਰਦੇ ਹੋਏ ਕੈਂਬ੍ਰਿਜ ਇੰਟਰਨੈਸ਼ਨਲ ਸਕੂਲ ਦੀ ਟੀਮ ਨਿਰਧਾਰਤ ਓਵਰਾਂ ਵਿੱਚ 127 ਦੌੜਾਂ ਹੀ ਬਣਾ ਸਕੀ।ਫਾਈਨਲ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਬਾ ਪਿੰਡ ਅਤੇ ਸਕੂਲ ਆਫ਼ ਐਮੀਨੈਂਸ ਲਾਡੋਵਾਲੀ ਰੋਡ ਆਹਮੋ-ਸਾਹਮਣੇ ਹੋਣਗੇ। ਇਸ ਮੌਕੇ ਹਰਪ੍ਰੀਤ ਸਿੰਘ ਵਾਈਸ ਚਾਂਸਲਰ ਸੀ ਟੀ ਯੂਨਿਵਰਸਿਟੀ, ਆਦਿਤ ਮਿੱਤਲ, ਡਾ. ਸੁਰਜੀਤ ਲਾਲ ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਸੱਤਪਾਲ ਸਪੋਰਟਸ ਅਫਸਰ ਸੀ. ਟੀ. ਗਰੁੱਪ, ਵਿਕਾਸ ਚੱਡਾ ਕੋਚ, ਰਵੀ ਚੌਰਸੀਆ ਅੰਪਾਇਰ ਅਤੇ ਸੁਨੀਲ ਕੁਮਾਰ ਵੀ ਮੌਜੂਦ ਸਨ।



# ਪੁਰਾਣੀ ਪੈਨਸ਼ਨ ਸਕੀਮ ਬਨਾਮ ਨਵੀਂ ਪੈਨਸ਼ਨ ਸਕੀਮ 'ਤੇ ਸੈਮੀਨਾਰ 14 ਨੂੰ



**ਗੜ੍ਹਸ਼ੰਕਰ, (ਫੂਲਾ ਸਿੰਘ ਬੀਰਮਪੁਰ)** ਗੌਰਮਿੰਟ ਟੀਚਰ ਯੂਨੀਅਨ ਬਲਾਕ ਗੜ੍ਹਸ਼ੰਕਰ-1 ਅਤੇ 2 ਦੀ ਮੀਟਿੰਗ ਗੜ੍ਹਸ਼ੰਕਰ-1 ਦੇ ਪ੍ਰਧਾਨ ਪਵਨ ਕੁਮਾਰ ਗੋਇਲ ਅਤੇ ਗੜ੍ਹਸ਼ੰਕਰ-2 ਦੇ ਪ੍ਰਧਾਨ ਅਸ਼ਵਨੀ ਰਾਣਾ ਦੀ ਪ੍ਰਧਾਨਗੀ ਹੇਠ ਗਾਂਧੀ ਪਾਰਕ ਗੜ੍ਹਸ਼ੰਕਰ ਵਿੱਚ ਹੋਈ।ਮੀਟਿੰਗ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਪ੍ਰਧਾਨ ਸ਼ਾਮ ਸੁੰਦਰ ਤੇ ਪੈਨਸ਼ਨਰਜ਼ ਆਗੂ ਬਲਵੰਤ ਰਾਮ ਉਚੇਚੇ ਤੌਰ 'ਤੇ ਹਾਜ਼ਰ ਹੋਏ।ਮੀਟਿੰਗ ਦੌਰਾਨ ਫੈਸਲਾ ਲਿਆ ਗਿਆ ਜੀ ਟੀ ਯੂ ਅਤੇ ਪੁਰਾਣੀ ਪੈਨਸ਼ਨ ਬਹਾਲ ਸੰਘਰਸ਼ ਕਮੇਟੀ ਇਕਾਈ ਗੜ੍ਹਸ਼ੰਕਰ ਦੁਆਰਾ ਪੁਰਾਣੀ ਪੈਨਸ਼ਨ ਸਕੀਮ ਬਨਾਮ ਨਵੀਂ ਪੈਨਸ਼ਨ ਸਕੀਮ ਬਨਾਮ ਯੂਨਾਈਟਿਡ ਪੈਨਸ਼ਨ ਸਕੀਮ ਉੱਪਰ ਇੱਕ ਸੈਮੀਨਾਰ 14 ਫਰਵਰੀ ਨੂੰ ਡਾ. ਅੰਬੇਡਕਰ ਭਵਨ ਨੰਗਲ ਰੋਡ (ਨੇੜੇ ਖਾਨਪੁਰ ਗੇਟ) ਗੜ੍ਹਸ਼ੰਕਰ ਵਿਖੇ ਕਰਵਾਇਆ ਜਾਵੇਗਾ। ਇਸ ਸੈਮੀਨਾਰ ਵਿੱਚ ਮੁੱਖ ਬੁਲਾਰੇ ਵਜੋਂ ਜਸਵੀਰ ਸਿੰਘ ਤਲਵਾੜਾ ਅਤੇ ਹਜਾਰਾ ਸਿੰਘ ਚੀਮਾ ਸ਼ਾਮਲ ਹੋਣਗੇ।ਇਸ ਸਮੇਂ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਗੜ੍ਹਸ਼ੰਕਰ ਦੇ ਪ੍ਰਧਾਨ ਸ਼ਾਮ ਸੁੰਦਰ ਅਤੇ ਪੈਨਸ਼ਨਰ ਆਗੂ ਬਲਵੰਤ ਰਾਮ, ਸ਼ਿੰਗਾਰਾ ਰਾਮ ਵਲੋਂ ਜਥੇਬੰਦੀ ਨੂੰ ਪੂਰਨ ਸਹਿਯੋਗ ਦਾ ਭਰੋਸਾ ਦੁਆਇਆ।ਇਸ ਮੌਕੇ ਲੈਕ. ਪਵਨ ਕੁਮਾਰ ਗੋਇਲ, ਅਸ਼ਵਨੀ ਰਾਣਾ ਲੈਕ. ਰਾਜ ਕੁਮਾਰ, ਸ਼ਾਮ ਸੁੰਦਰ ਕਪੂਰ, ਬਲਵੰਤ ਰਾਮ, ਕੇਸ਼ਵ ਖੇਪੜ, ਹੈੱਡਮਾਸਟਰ ਸੰਦੀਪ ਸਿੰਘ ਬਡੇਸਰੋਂ, ਸ਼ਸ਼ੀ ਕਾਂਤ, ਹਰਦੀਪ ਕੁਮਾਰ, ਬੀ ਐੱਨ ਓ ਨਰੇਸ਼ ਕੁਮਾਰ, ਸ਼ਿੰਗਾਰਾ ਰਾਮ ਭੱਜਲ, ਮਨੋਜ ਕੁਮਾਰ, ਮੈਡਮ ਤ੍ਰਿਪਤੀ, ਮੈਡਮ ਮਨੀਸ਼ਾ ਸ਼ਰਮਾ ਆਦਿ ਹਾਜ਼ਰ ਸਨ।

# ਕਨਵੋਕੇਸ਼ਨ ਸੈਰੇਮਨੀ 6 ਨੂੰ

**ਗੁਰਾਇਆ (ਬਿੰਦਰ ਸੁਮਨ)**- ਸ੍ਰੀ ਹਨੂਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਸ਼ਿਮਟ) ਦਾ ਸ਼ਾਨਦਾਰ ਕਨਵੋਕੇਸ਼ਨ ਸਮਾਗਮ 6 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਅਦਾਰੇ ਦੇ ਪ੍ਰਿੰਸੀਪਲ ਡਾ. ਪਲਵਿੰਦਰ ਕੁਮਾਰ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਪੀ ਟੀ ਯੂ) ਦੇ ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਸੁਸ਼ੀਲ ਮਿੱਤਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਜਦਕਿ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਡਾ. ਪ੍ਰਸ਼ਾਂਤ ਗੌਤਮ ਪ੍ਰੋਫੈਸਰ ਅਤੇ ਸੈਨੇਟ ਮੈਂਬਰ, ਸੈਰ-ਸਪਾਟਾ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਚੇਅਰਮੈਨ/ਮੁਖੀ ਡਾ. ਵਿਕਰਮ ਸੰਧੂ ਪ੍ਰੋਫੈਸਰ ਅਤੇ ਯੂਨੀਵਰਸਿਟੀ ਬਿਜ਼ਨਸ ਸਕੂਲ (ਯੂ.ਬੀ.ਐਸ.), ਦੇ ਨਾਲ ਡਾ. ਦਵਿੰਦਰ ਕੁਮਾਰ ਸ਼ਰਮਾ, ਪ੍ਰੋਫੈਸਰ ਐਮਰੀਟਸ ਗੈਸਟ ਆਫ ਆਨਰਜ਼ ਵਜੋਂ ਮੌਜੂਦ ਰਹਿਣਗੇ। ਸ੍ਰੀ ਹਨੂਮਤ ਐਜੂਕੇਸ਼ਨਲ ਸੁਸਾਇਟੀ ਦੁਆਰਾ ਸੰਚਾਲਿਤ ਸ੍ਰੀ ਹਨੂਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਕੋਲ 15 ਸਾਲਾਂ ਤੋਂ ਵੱਧ ਦਾ ਵਿਦਿਅਕ ਤਜਰਬਾ ਹੈ। ਇਹ ਵਿਦਿਅਕ ਅਦਾਰਾ ਇੱਕ ਵੱਕਾਰੀ ਸੰਸਥਾ ਹੈ ਜੋ ਅਕਾਦਮਿਕ ਉੱਤਮਤਾ, ਸੰਪੂਰਨ ਵਿਕਾਸ ਅਤੇ ਕਰੀਅਰ ਦੀ ਤਿਆਰੀ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਮਿਆਰੀ ਸਿੱਖਿਆ ਅਤੇ ਵਿਹਾਰਕ ਗਿਆਨ ਦੁਆਰਾ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਦੇ ਦ੍ਰਿਸ਼ਟੀਕੋਣ ਨਾਲ ਸਥਾਪਿਤ, ਇਹ ਸੰਸਥਾ ਪ੍ਰਬੰਧਨ, ਵਣਜ ਅਤੇ ਕੰਪਿਊਟਰ ਐਪਲੀਕੇਸ਼ਨਾਂ ਸਮੇਤ ਵੱਖ-ਵੱਖ ਉੱਭਰ ਰਹੇ ਵਿਸ਼ਿਆਂ ਵਿੱਚ ਗ੍ਰੈਜੂਏਸ਼ਨ ਪੱਧਰ ਦੇ ਕੋਰਸ ਪੇਸ਼ ਕਰਦੀ ਹੈ।



# ਕੇਂਦਰੀ ਬਜਟ ਪੰਜਾਬ, ਕਿਸਾਨ ਤੇ ਗਰੀਬ ਵਿਰੋਧੀ : ਸਤਨਾਮ ਜਲਾਲਪੁਰ

**ਬਲਾਚੌਰ (ਜਸਵਿੰਦਰ ਬੈਂਸ)**- ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਇਸ ਬਜਟ ਨੂੰ ਪੰਜਾਬ ਦੇ ਹਿੱਤਾਂ ਦੇ ਖ਼ਿਲਾਫ਼ ਤੇ ਸੂਬੇ ਨਾਲ ਸਰਾਸਰ ਧੱਕੇਸ਼ਾਹੀ ਕਰਾਰ ਦਿੱਤਾ ਹੈ। ਚੇਅਰਮੈਨ ਜਲਾਲਪੁਰ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਉਹ ਪੰਜਾਬ ਪ੍ਰਤੀ ਪੱਖਪਾਤੀ ਰਵੱਈਆ ਰੱਖਦੀ ਹੈ। ? ਪੰਜਾਬ ਦਾ ਲਗਭਗ 10 ਹਜ਼ਾਰ ਕਰੋੜ ਰੁਪਏ ਦਾ ਪੇਂਡੂ ਵਿਕਾਸ ਫੰਡ ਕੇਂਦਰ ਸਰਕਾਰ ਕੋਲ ਬਕਾਇਆ ਪਿਆ ਹੈ, ਪਰ ਬਜਟ ਵਿੱਚ ਇਸ ਦੀ ਅਦਾਇਗੀ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ?ਇਹ ਫੰਡ ਪੰਜਾਬ ਦੇ ਪਿੰਡਾਂ ਦੇ ਬੁਨਿਆਦੀ ਢਾਂਚੇ ਅਤੇ ਵਿਕਾਸ ਲਈ ਬੇਹੱਦ ਜ਼ਰੂਰੀ ਹੈ, ਜਿਸ ਨੂੰ ਕੇਂਦਰ ਸਰਕਾਰ ਜਾਣਬੁੱਝ ਕੇ ਰੋਕ ਰਹੀ ਹੈ।



# ਲੁਟੇਰਿਆਂ ਨੇ ਢੰਗਰਾਲੀ ਨੇੜੇ ਟਰੈਕਟਰ ਖੋਹਿਆ, ਪੁਲਸ ਵੱਲੋ 5 ਅਣਪਛਾਤਿਆਂ ਖਿਲਾਫ ਮਾਮਲਾ ਦਰਜ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਮੋਰਿੰਡਾ ਇਲਾਕੇ ਵਿੱਚ ਲੁਟੇਰਿਆਂ ਵੱਲੋਂ ਇੱਕ ਵੱਡੀ ਕਾਰਵਾਈ ਨੂੰ ਅੰਜਾਮ ਦਿੰਦਿਆਂ ਮੋਰਿੰਡਾ ਕੁਰਾਲੀ ਸੜਕ ਤੇ ਪਿੰਡ ਢੰਗਰਾਲੀ ਨੇੜੇ ਸਥਿਤ ਇੱਕ ਪੈਟਰੋਲ ਪੰਪ ਕੋਲੋਂ ਇੱਕ ਨਵਾਂ ਟਰੈਕਟਰ ਖੋਹਣ ਉਪਰੰਤ ਟਰੈਕਟਰ ਚਾਲਕ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਕੁਰਾਲੀ ਰੋਪੜ ਸੜਕ ਤੇ ਸੁੱਟ ਜਾਣ ਉਪਰੰਤ ਫਰਾਰ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸੰਬੰਧੀ ਮੋਰਿੰਡਾ ਸਦਰ ਪੁਲਸ ਵੱਲੋਂ ਬਕਾਇਦਾ ਮਾਮਲਾ ਦਰਜ ਕਰਕੇ ਅੱਧੀ ਦਰਜਨ ਦੇ ਕਰੀਬ ਅਣਪਛਾਤੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਮੋਰਿੰਡਾ ਸਦਰ ਪੁਲਸ ਨੂੰ ਲਿਖਵਾਏ ਬਿਆਨ ਵਿੱਚ ਸੁਦਾਮ ਹੁਸੈਨ ਪੁੱਤਰ ਗੁਲਰਾਜ ਮੁਹੰਮਦ ਨਿਵਾਸੀ ਸ਼ੀਤਲਪੁਰ, ਥਾਣਾ ਬੱਧੀ, ਜ਼ਿਲ੍ਹਾ ਸੋਲਨ ਹਿਮਾਚਲ ਪ੍ਰਦੇਸ਼ ਨੇ ਦੱਸਿਆ ਕਿ ਉਸ ਨੇ ਸਤੰਬਰ 2025 ਵਿੱਚ ਨਵਾਂ ਸਵਰਾਜ ਮਾਜਦਾ 855 ਟਰੈਕਟਰ ਖਰੀਦਿਆ ਸੀ। ਜਿਸ ਰਾਹੀਂ ਉਹ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਠੇਕੇਦਾਰਾਂ ਵੱਲੋਂ ਖਰੀਦੀ ਹੋਈ ਝੋਨੇ ਦੀ ਪਰਾਲੀ ਨੂੰ ਕਿਰਾਏ ਤੇ ਲੈ ਕੇ ਬਰੋਟੀਵਾਲਾ, ਨੇੜੇ ਬੱਦੀ ਵਿੱਚ ਸਥਿਤ ਗੱਤੇ ਦੀ ਫੈਕਟਰੀ ਵਿੱਚ ਲੈ ਕੇ ਜਾਂਦਾ ਹੈ । ਸਦਾਮ ਹੁਸੈਨ ਨੇ ਪੁਲਿਸ ਨੂੰ ਦੱਸਿਆ ਕਿ 31 ਜਨਵਰੀ ਨੂੰ ਸਵੇਰੇ ਜਦੋ ਉਹ ਠੇਕੇਦਾਰ ਖੁਸ਼ੀ ਵਾਸੀ ਪਿੰਡ ਢੰਗਰਾਲੀ, ਥਾਣਾ ਸਦਰ ਮੋਰਿੰਡਾ ਦੀ ਪਰਾਲੀ, ਪਿੰਡ ਲੁਠੇੜੀ ਤੋਂ ਗੱਤਾ ਫੈਕਟਰੀ ਤੱਕ ਲਿਜਾਣ ਲਈ ਆਇਆ ਸੀ ਅਤੇ ਜਦੋਂ ਉਹ ਕੁਰਾਲੀ ਮੋਰਿੰਡਾ ਸੜਕ ਤੇ ਸਥਿਤ ਭਾਰਤ ਪੈਟਰੋਲੀਅਮ ਦੇ ਪੰਪ ਨੇੜੇ ਪੁੱਜਾ ਤਾਂ ਉਸਦੇ ਪਿੱਛੋਂ ਆਈ ਇੱਕ ਚਿੱਟੇ ਰੰਗ ਦੀ ਸਵਿਫਟ ਕਾਰ ਇਕਦਮ ਉਸ ਦੇ ਟਰੈਕਟਰ ਅੱਗੇ ਆ ਕੇ ਰੁਕ ਗਈ। ਜਿਸ ਕਾਰਨ ਉਸ ਨੂੰ ਵੀ ਆਪਣਾ ਆਪਣਾ ਟਰੈਕਟਰ ਰੋਕਣਾ ਪਿਆ ਤਾਂ ਕਾਰ ਵਿੱਚੋਂ ਇੱਕ ਵਿਅਕਤੀ ਨੇ ਉਸ ਨੂੰ ਆਵਾਜ਼ ਦੇ ਕੇ ਕਿਹਾ ਕਿ ਉਹ ਪਿੱਛੇ ਕਿਸੇ ਲੜਕੀ ਦਾ ਐਕਸੀਡੈਂਟ ਕਰਕੇ ਭੱਜ ਆਇਆ ਹੈ ਇਸ ਲਈ ਉਸ ਨੂੰ ਕਾਰ ਸਵਾਰਾਂ ਦੇ ਨਾਲ ਜਾਣਾ ਪਵੇਗਾ। ਸਦਾਮ ਹੁਸੈਨ ਨੇ ਪੁਲਸ ਨੂੰ ਦੱਸਿਆ ਕਿ ਇਸੇ ਦੌਰਾਨ ਇਨਾ ਨੌਜਵਾਨਾਂ ਨੇ ਕਾਰ ਵਿੱਚੋਂ ਬਾਹਰ ਆ ਕੇ ਉਸ ਨੂੰ ਟਰੈਕਟਰ ਉਹਨਾਂ ਦੇ ਹਵਾਲੇ ਕਰਨ ਲਈ ਕਿਹਾ, ਪਰੰਤੂ ਜਦੋਂ ਉਸਨੇ ਟਰੈਕਟਰ ਦੇਣ ਤੋਂ ਮਨਾ ਕਰ ਦਿੱਤਾ ਤਾਂ ਇਹ ਨੌਜਵਾਨ ਪਿਸਤੌਲ ਨੁਮਾ ਮਾਰੂ ਹਥਿਆਰਾਂ ਨਾਲ ਉਸ ਨੂੰ ਡਰਾਉਣ ਧਮਕਾਉਣ ਲੱਗ ਪਏ ਅਤੇ ਇਹਨਾਂ ਵਿੱਚੋਂ ਦੋ ਨੌਜਵਾਨ ਉਸ ਕੋਲੋਂ ਜ਼ਬਰਦਸਤੀ ਟਰੈਕਟਰ ਖੋਹ ਕੇ ਮੋਰਿੰਡਾ ਸ਼ਹਿਰ ਵੱਲ ਲੈ ਗਏ ਜਦਕਿ ਕਾਰ ਸਵਾਰ ਦੋ ਨੌਜਵਾਨ ਉਸ ਨੂੰ ਧੱਕੇ ਨਾਲ ਕਾਰ ਵਿੱਚ ਸੁੱਟ ਕੇ ਅਗਵਾ ਕਰਕੇ ਆਪਣੇ ਨਾਲ ਮੋਰਿੰਡਾ ਵੱਲ ਲੈ ਗਏ। ਸੁਦਾਮ ਹੁਸੈਨ ਅਨੁਸਾਰ ਕਾਰ ਚਾਲਕਾਂ ਵੱਲੋਂ ਉਸ ਦੇ ਸਿਰ ਤੇ ਲਈ ਗਈ ਟੋਪੀ ਖੋਲ ਕੇ ਉਸ ਦੀਆਂ ਅੱਖਾਂ ਤੇ ਬੰਨ ਦਿੱਤੀ ਅਤੇ ਉਸ ਕੋਲੋਂ ਮੋਬਾਇਲ ਮੰਗਣ ਲੱਗ ਪਏ। ਸਦਾਮ ਹੁਸੈਨ ਨੇ ਦੱਸਿਆ ਕਿ ਪਹਿਲਾਂ ਉਸ ਨੇ ਇਹਨਾਂ ਕਾਰ ਚਾਲਕਾਂ ਨੂੰ ਆਪਣਾ ਮੋਬਾਇਲ ਟਰੈਕਟਰ ਵਿੱਚ ਹੋਣ ਦਾ ਲਾਰਾ ਲਗਾਇਆ ਸੀ ਪਰੰਤੂ ਇਸੇ ਦੌਰਾਨ ਉਸਦੇ ਫੋਨ ਉੱਪਰ, ਉਸਦੇ ਮਾਮਾ ਸੁਲੇਮਾਨ ਪੁੱਤਰ ਈਸ਼ਾ ਮੁਹੰਮਦ ਵਾਸੀ ਪਿੰਡ ਸੰਡੋਲੀ ਦਾ ਫੋਨ ਆਉਣ ਤੇ ਕਾਰ ਚਾਲਕਾਂ ਨੇ ਜਬਰਦਸਤੀ ਉਸ ਦਾ ਫੋਨ ਵੀ ਖੋਹ ਲਿਆ ਤੇ ਉਸ ਦੀ ਕੁੱਟਮਾਰ ਕਰਦੇ ਹੋਏ ਕਿਸੇ ਟੇਪ ਨਾਲ ਬੰਨ ਕੇ ਉਸ ਨੂੰ ਕਿਸੇ ਅਣਦੱਸੀ ਥਾਂ ਤੇ ਸੁੱਟ ਕੇ ਭੱਜ ਨਿਕਲੇ। ਸੁਦਾਮ ਹੁਸੈਨ ਨੇ ਪੁਲਸ ਨੂੰ ਦੱਸਿਆ ਕਿ ਕੁਝ ਦੇਰ ਬਾਅਦ ਉਸ ਨੂੰ ਇੱਕ ਲਾਈਟ ਦੀ ਰੋਸ਼ਨੀ ਦਿਖਾਈ ਦਿੱਤੀ ਅਤੇ ਉਹ ਕਿਸੇ ਤਰ੍ਹਾਂ ਜਦੋਂ ਰੋਸ਼ਨੀ ਵੱਲ ਗਿਆ ਤਾਂ ਇਹ ਰੋਸ਼ਨੀ ਕੁਰਾਲੀ ਰੂਪਨਗਰ ਸੜਕ ਤੇ ਸਥਿਤ ਸ਼ੇਰੇ ਪੰਜਾਬ ਢਾਬੇ ਦੀ ਸੀ, ਜਿੱਥੇ ਮੌਜੂਦ ਇੱਕ ਵਿਅਕਤੀ ਨੇ ਉਸ ਦੇ ਬੰਨੀ ਹੋਈ ਟੇਪ ਉਤਾਰੀ , ਜਿਸ ਨੂੰ ਉਸ ਨੇ ਸਾਰੀ ਗੱਲਬਾਤ ਦੱਸੀ ਅਤੇ ਫਿਰ ਉਸੇ ਵਿਅਕਤੀ ਤੋਂ ਮੋਬਾਈਲ ਫੋਨ ਲੈ ਕੇ ਉਸਨੇ ਆਪਣੇ ਮਾਮਾ ਸੁਲੇਮਾਨ ਨੂੰ ਫੋਨ ਰਾਹੀਂ ਆਪ ਬੀਤੀ ਦੱਸੀ, ਜਿਸ ਉਪਰੰਤ ਉਸਦੇ ਪਰਵਾਰਕ ਮੈਂਬਰ ਅਤੇ ਰਿਸ਼ਤੇਦਾਰ ਉਸ ਕੋਲ ਪਹੁੰਚੇ ਅਤੇ ਉਹਨਾਂ ਨੇ ਟਰੈਕਟਰ ਤੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਪ੍ਰੰਤੂ ਉਹਨਾਂ ਨੂੰ ਟਰੈਕਟਰ ਅਤੇ ਦੋਸ਼ੀਆਂ ਦਾ ਕੋਈ ਥਹੁ ਪਤਾ ਨਹੀਂ ਲੱਗਿਆ। ਥਾਣਾ ਸਦਰ ਪੁਲਸ ਮੋਰਿੰਡਾ ਦੇ ਇੰਚਾਰਜ ਸਿਮਰਜੀਤ ਸਿੰਘ ਨੇ ਦੱਸਿਆ ਕਿ ਸਦਾਮ ਹੁਸੈਨ ਦੇ ਬਿਆਨ ਦੇ ਅਧਾਰ ਤੇ ਪੰਜ ਅਣਪਛਾਤੇ ਨੌਜਵਾਨਾਂ ਖਿਲਾਫ ਬੀ ਐੱਨ ਐੱਸ ਦੀਆਂ ਵੱਖ ਵੱਖ ਧਰਾਵਾਂ ਅਧੀਨ ਮੁਕੱਦਮਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਲਈ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਸ੍ਰੀ ਗੁਰੂ ਹਰਿ ਰਾਇ ਜੀ ਤੇ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਡੇਰਾ ਕਾਰ ਸੇਵਾ ਮੋਰਿੰਡਾ ਤੇ ਕਮੇਟੀ ਵਲੋਂ ਸ੍ਰੀ ਗੁਰੂ ਹਰਿ ਰਾਇ ਜੀ ਤੇ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਬਹੁਤ ਹੀ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਸਮੇਂ ਇਲਾਕੇ ਭਰ ਵਿੱਚੋ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਵੱਲੋਂ ਗੁਰਦੁਆਰਾ ਸਾਹਿਬ ਪਹੁੰਚ ਕੇ ਮੱਥਾ ਟੇਕਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਦਵਿੰਦਰ ਸਿੰਘ ਨੇ ਦੱਸਿਆ ਕਿ ਇਸ ਸਮੇਂ ਸਜੇ ਧਾਰਮਿਕ ਦੀਵਾਨ ਵਿਚ ਗਿਆਨੀ ਸੇਵਕ ਸਿੰਘ ਕੰਵਲ, ਭਾਈ ਹਰਵਿੰਦਰ ਸਿੰਘ ਮਨੈਲੀ ਆਦਿ ਨੇ ਆਪਣੇ ਜਥਿਆਂ ਸਮੇਤ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਕੀਰਤਨੀ ਜਥਿਆਂ ਵਲੋਂ ਸ੍ਰੀ ਗੁਰੂ ਹਰਿ ਰਾਇ ਜੀ ਤੇ ਗੁਰੂ ਰਵਿਦਾਸ ਜੀ ਦੀ ਜੀਵਨੀ ,ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਰਾਗੀ ਜਥਿਆਂ ਵਲੋਂ ਰਸ ਭਿੰਨੀ ਬਾਣੀ ਰਾਂਹੀ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ, ਨਾਮ ਜਪਣ, ਵੰਡ ਛਕਣ, ਲੋੜਵੰਦ ਲੋਕਾਂ ਦੀ ਮੱਦਦ ਕਰਨ ਅਤੇ ਜ਼ਬਰ, ਜ਼ੁਲਮ ਦੀ ਲੜਾਈ ਵਿੱਚ ਮਜ਼ਲੂਮਾਂ ਦੀ ਰੱਖਿਆ ਕਰਨ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਗੁਰਦੁਆਰਾ ਕੋਤਵਾਲੀ ਸਾਹਿਬ ਵਲੋਂ ਜਲੇਬੀਆਂ , ਪਕੌੜਿਆਂ,ਚਾਹ, ਦੁੱਧ ਦੇ ਲੰਗਰ ਲਗਾਏ ਹੋਏ ਸਨ। ਸਮਾਗਮ ਦੇ ਅੰਤ ਵਿੱਚ ਡੇਰਾ ਕਾਰ ਸੇਵਾ ਮੁੱਖੀ ਬਾਬਾ ਸੁਰਿੰਦਰ ਸਿੰਘ ਦਿੱਲੀ ਵਾਲਿਆਂ ਸਮੇਤ ਪ੍ਰਬੰਧਕਾਂ ਵੱਲੋਂ ਗੁਰਮਤਿ ਸਮਾਗਮ ਵਿੱਚ ਹਾਜ਼ਰੀ ਭਰਨ ਵਾਲੇ ਜਥਿਆਂ ਅਤੇ ਪਤਵੰਤੇ ਸੱਜਣਾ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ।ਇਸ ਸਮੇਂ ਹੋਰਨਾਂ ਤੋਂ ਇਲਾਵਾ ਹਰਬੰਸ ਸਿੰਘ, ਸੁਖਵਿੰਦਰ ਸਿੰਘ ਮੂੰਡੀਆਂ ਸਾਬਕਾ ਵਾਈਸ ਚੇਅਰਮੈਨ, ਭਿੰਦਰ ਸਿੰਘ ਰੌਣੀ, ਕਰਨੈਲ ਸਿੰਘ ਜੀਤ ਵਾਇਸ ਚੇਅਰਮੈਨ ਪੀ ਏ ਡੀ ਬੈਂਕ, ਪ੍ਰਗਟ ਸਿੰਘ ਰੌਲੂ ਮਾਜਰਾ, ਦਲਜੀਤ ਸਿੰਘ, ਗੁਰਚਰਨ ਸਿੰਘ ਢੋਲਣ ਮਾਜਰਾ ਬਲਾਕ ਪ੍ਰਧਾਨ, ਜਗਦੇਵ ਸਿੰਘ ਭਟੋਆ ਪ੍ਰਧਾਨ ਨਗਰ ਕੌਂਸਲ, ਕੌਂਸਲਰ ਰਾਜਪ੍ਰੀਤ ਸਿੰਘ ਰਾਜੀ, ਕੌਂਸਲਰ ਹਰਜੀਤ ਸਿੰਘ ਸੋਢੀ, ਸ਼ੇਰ ਸਿੰਘ ਡੂਮਛੇੜੀ, ਨਵਤੇਜ ਸਿੰਘ, ਮਨਦੀਪ ਸਿੰਘ ਰੌਣੀ, ਰਾਜਵਿੰਦਰ ਸਿੰਘ ਬਿੰਦਾ, ਬਾਰਾ ਸਿੰਘ ਰੋਣੀ, ਗੁਰਪ੍ਰੀਤ ਸਿੰਘ, ਭਿੰਦਰ ਸਿੰਘ, ਹਰਦੀਪ ਸਿੰਘ ਅਨੰਦ, ਰਾਵਿੰਦਰ ਸਿੰਘ ਰਾਜੂ, ਗੁਰਮੁੱਖ ਸਿੰਘ,ਜਗਨਦੀਪ ਸਿੰਘ, ਰਵਿੰਦਰ ਸਿੰਘ, ਪਰਵਿੰਦਰ ਸਿੰਘ ਢੋਲਣ ਮਾਜਰਾ, ਸਰਬਜੀਤ ਸਿੰਘ ਚੱਕਲਾਂ, ਹਰਪਾਲ ਸਿੰਘ ਦਾਤਾਰਪੁਰ, ਕੇਸਰ ਸਿੰਘ ਮਨੈਲੀ, ਭਾਗ ਸਿੰਘ ਮਕੜੌਨਾ, ਸੁਰਿੰਦਰ ਸਿੰਘ, ਜਗਦੀਪ ਸਿੰਘ ਮੰਡੇਰ, ਜਸਵਿੰਦਰ ਸਿੰਘ ਜੱਸਾ, ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

